# ਸਿੱਖ ਧਰਮ
# ਦੀ
# ਵਿਸ਼ਵ-ਵਿਆਪਕਤਾ


ਲੇਖਕ :
ਪ੍ਰਿੰ. ਹਰਿਭਜਨ ਸਿੰਘ
(ਭਾਈ ਸਾਹਿਬ)



ਪ੍ਰਕਾਸ਼ਕ :
**ਗੁਰੂ ਨਾਨਕ ਪ੍ਰਕਾਸ਼ਨ**
1186/18-ਸੀ, ਚੰਡੀਗੜ੍ਹ

## ਏਸੇ ਕਲਮ ਤੋਂ ਹੋਰ :

1. ਗੁਰਮਤਿ ਵਿਆਖਿਆਨ
2. ਦਸ ਗੁਰ ਰਤਨਾਵਲੀ
3. ਵਿਸ਼ੇਸ਼ ਗੁਰਮਤਿ ਲੇਖ
4. ਅੰਮ੍ਰਿਤ ਤੇ ਆਤਮਾ
5. ਗੁਰਬਾਣੀ ਸੰਪਾਦਨ ਨਿਰਣੈ
6. ਗੁਰਬਾਣੀ ਦੀ ਲੋਅ ਵਿਚ
7. ਸਾਚੀ ਪ੍ਰੀਤਿ (ਅਰਥ ਤੇ ਵਿਆਖਿਆ : ਗ਼ਜ਼ਲਾਂ ਭਾਈ ਨੰਦ ਲਾਲ 'ਗੋਯਾ')
8. ਜਵਾਬ-ਉਲ-ਜਵਾਬ (ਗੁਰਬਾਣੀ ਲਿਖਣ-ਵਿਧੀ ਤੇ ਸ਼ੁੱਧ ਉਚਾਰਣ ਬਾਰੇ)
9. ਅਨਦੁ ਸੁਣਹੁ ਵਡਭਾਗੀਹੋ (ਅਰਥ ਤੇ ਵਿਆਖਿਆ)
10. ਮਹਲਾ ਪਦ ਦਾ ਸ਼ੁੱਧ ਉਚਾਰਣ
11. ਆਦਰਸ਼ਕ ਗੁਰਦੁਆਰਾ ਪ੍ਰਬੰਧ
12. ਗੁਰੂ ਨਾਨਕ ਨਿਰਮਲ ਪੰਥ ਨਾਲ ਧਰੋਹ ਤੇ ਧੱਕਾ (ਟਰੈਕਟ)
13. ਸਿੱਖ ਧਰਮ ਦੀਆਂ ਅਮਰ ਤੇ ਬੁਨਿਆਦੀ ਸਾਂਝਾਂ (ਓਹੀ)
14. ਸਿੱਖੀ ਤੇ ਸਮਾਜਵਾਦ
15. ਧਰਮ ਤੇ ਰਾਜਨੀਤੀ
16. ਟੈਗੋਰ ਡਰਾਮੇ
17. ਗੁਲਦਸਤਾ : ਸੁਖ਼ਨਹਾਏ ਦਾਨਸ਼ਮੰਦ
18. 900 Gems of Thoughts from Guru Nanak
19. The Universal Religion of Guru Nanak, etc.

ਮੁੱਖ : 60 ਰੁਪਏ ਕੇਵਲ

ਪਹਿਲੀ ਛਾਪ : ਜੂਨ 1996

ਪ੍ਰਕਾਸ਼ਕ : ਗੁਰੂ ਨਾਨਕ ਪ੍ਰਕਾਸ਼ਨ, 1186/18-ਸੀ, ਚੰਡੀਗੜ੍ਹ-160 018

ਛਾਪਕ : (ਰਾਕੇਸ਼ ਦੀਪ)
ਸਾਹਿਬ ਦਇਆਲ ਪ੍ਰਿੰਟਰਜ਼
66 ਇੰਡਸਟ੍ਰੀਅਲ ਏਰੀਆ-1, ਚੰਡੀਗੜ੍ਹ-160 002

# ਵਿਸ਼ਾ-ਸੂਚੀ

# ਭੂਮਿਕਾ

ਸਰਬ ਗੁਣ ਨਿਧਾਨ ਪ੍ਰਭੂ ਨੇ, ਇਸ ਨਿਰਗੁਣਆਰੇ ਤੇ ਨਾਚੀਜ, ਸੇਵਕ ਨੂੰ ਸਤਿਗੁਰਾਂ ਵਲੋਂ ਬਖਸ਼ੀ ਬਲ ਬੁੱਧ ਦੇ ਸਹਾਰੇ ਜੋ ਕਦੇ, ਕੋਈ ਅੱਖਰ ਵੀ ਲਿਖੇ ਹਨ, ਤਾਂ ਉਨ੍ਹਾਂ ਵਿਚ ਸਦਾ ਉਭਰਵਾਂ ਵੀਚਾਰ ਇਹ ਰਿਹਾ ਹੈ ਕਿ ਸਿਖ-ਧਰਮ ਅਦੁੱਤੀ ਤੇ ਲਾ-ਮਿਸਾਲ ਹੈ, ਕਿਉਂਕਿ ਇਹ ਅਕਾਲ ਪੁਰਖ ਦੀ ਇਕਾਈ ਦਾ ਮੁਦੱਈ ਹੈ, ਇਹ ਸਰਬ-ਕਾਲੀ ਤੇ ਸਰਬ-ਦੇਸੀ ਅਥਵਾ ਵਿਸ਼ਵ ਵਿਆਪੀ ਹੈ। ਸਭ ਲੋਕਾਈ ਇਸ ਦੀ ਸਾਂਝ ਦੇ ਵਲਗਣ ਵਿਚ ਆ ਜਾਂਦੀ ਹੈ ; ਆਦਿਕ ਆਦਿਕ।

ਦੂਜੇ, ਸੰਸਾਰ ਵਿਚ ਇਸ ਵੇਲੇ 300 ਸੰਪ੍ਰਦਾਵਾਂ, ਮੱਤ ਜਾਂ ਮਜ਼ਹਬ ਅਤੇ 3000 ਉਪ-ਸੰਪ੍ਰਦਾਵਾਂ ਹਨ। ਪ੍ਰੰਤੂ, ਕੇਵਲ ਇਕ ਸਿਖ ਧਰਮ, ਰੱਬ ਦੀ ਵਾਹਦਾਨੀਅਤ ਅਥਵਾ ਇਕ ਓਅੰਕਾਰ ਸਤਿ ਤੇ ਅਕਾਲ ਹਸਤੀ ਨੂੰ ਹੀ ਸਭ ਵਸਤਾਂ ਦਾ ਕਰਤਾ, ਧਰਤਾ ਤੇ ਹਰਤਾ ਮੰਨਦਾ ਹੈ। ਹਰਨ ਭਰਨ ਉਸ ਦਾ ਨੇਤ੍ਰ ਫੋਰ ਹੈ - ਅੱਖ ਝਪਕਣ ਦੇ ਸਮੇਂ ਦੀ ਕਾਰ ਹੈ। ਫੇਰ, ਚੂੰਕਿ ਉਹ ਆਪ ਪੂਰਾ ਹੈ, ਇਸ ਲਈ ਉਸ ਦੀ ਰਚਨਾ ਸੰਪੂਰਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਸ ਬਾਰੇ ਆਪਣਾ ਅਨੁਭਵੀ ਫੁਰਮਾਨ ਹੈ :

ਪੂਰੇ ਕਾ ਕੀਆ ਸਭ ਕਿਛੁ ਪੂਰਾ, ਘਟਿ ਵਧਿ ਕਿਛੁ ਨਾਹੀ,
ਨਾਨਕ, ਗੁਰਮੁਖ ਐਸਾ ਜਾਣੈ, ਪੂਰੇ ਮਾਂਹਿ ਸਮਾਂਹੀ ॥ (ਪੰ. 1412)

ਸੋ, ਪ੍ਰਭੂ ਦੀ ਇਕ ਅਕਾਲ ਪੁਰਖੀ ਵਾਹਦਾਨੀਅਤ (ਏਕਤ੍ਰਤਾ) ਤੇ ਹਰ ਪਖੋਂ ਪੂਰਾ ਹੋਣ ਦੇ ਨਾਤੇ ਉਸ ਦਾ ਧਰਮ, ਸੁਭਾਉ ਵੀ ਇਕ ਹੈ, ਜਿਵੇਂ ਹਵਾ, ਪਾਣੀ ਆਦਿ ਤੱਤਾਂ ਦਾ ਸੁਭਾਅ ਅਥਵਾ ਧਰਮ ਹਰ ਸਮੇਂ ਇਕ ਹੈ। 'ਧਰਮ ਏਕ, ਮੱਤ ਅਨੇਕ' ਦੇ ਅਖਾਣ ਵਿਚ ਅੰਤਾਂ ਦਾ ਸਚ ਹੈ। ਗੁਰੂ ਬਾਬੇ ਦਾ ਇਸ ਸੱਚ ਬਾਰੇ ਆਪਣਾ ਫਤਵਾ ਹੈ ਕਿ :—

ਏਕੋ ਧਰਮੁ ਦ੍ਰਿੜੈ ਸਚੁ ਕੋਈ।
ਗੁਰਮਤਿ ਪੂਰਾ, ਜੁਗਿ ਜੁਗਿ ਸੋਈ ॥ (ਪੰਨਾ 1188)

ਫੇਰ, ਸ੍ਰੀ ਗੁਰੂ ਅਰਜੁਨ ਦੇਵ ਜੀ ਇਸ ਸਚ ਨੂੰ ਇਉਂ ਦ੍ਰਿੜਾਉਂਦੇ ਹਨ—

ਬਲਿਓ ਚਰਾਗੁ ਅੰਧ੍ਯਾਰ (ਅੰਧਿਆਰ) ਮਹਿ
ਸਭ ਕਲਿ ਉਧਰੀ ਇਕ ਨਾਮ ਧਰਮ॥ (ਪੰ. 1387)

ਸਪਸ਼ਟ ਹੈ ਕਿ ਗੁਰਦੇਵ ਸਚੇ ਅਥਵਾ ਨਾਮ ਧਰਮ ਨੂੰ ਹੀ ਤ੍ਰੈਕਾਲ ਇਕ ਮੰਨਦੇ ਹਨ। ਧਰਮ ਦੀਆਂ ਵੰਡੀਆਂ ਨਹੀਂ ਪੈ ਸਕਦੀਆਂ। ਸਾਰੇ ਝਗੜੇ ਸੰਸਾਰ ਵਿਚ ਇਸ ਰੱਬ ਜਿੱਡੇ ਸਚ ਦੇ ਸਾਂਝੀ ਨ ਬਣਨ ਵਿਚ ਹਨ। ਨਾਮ ਜਾਂ ਸਚ ਧਰਮ ਨੂੰ, ਹਰ ਮੱਤ ਦੀ ਸ਼ਰ੍ਹਾ ਸ਼ਰੀਅਤ ਇਕ ਪਾਸੇ ਰਖਦਿਆਂ, ਮੋਟੇ ਤੌਰ ਉਤੇ, ਇਉਂ ਡੀਫਾਈਨ (Define)

ਅਥਵਾ ਲਛਣਾਇਆ ਜਾ ਸਕਦਾ ਹੈ :—

ਖਿਮਾਂ, ਅਹਿੰਸਾ, ਦਯਾ, ਮ੍ਰਿਦ, ਸਤਿ ਬਚਨ, ਤਪ, ਦਾਨ,
ਸੀਲ, ਸੰਤੋਖ, ਤ੍ਰਿਸ਼ਨਾ ਬਿਨਾ, ਧਰਮ ਲਿੰਗ ਦਸ ਜਾਨ ॥

ਬ-ਹਰ ਹਾਲ, ਇਹ ਗੁਣ ਸੰਸਾਰ ਦੇ ਸਾਂਝੇ ਧਰਮ (ਸਾਂਝੀਵਾਲਤਾ) ਦੀ ਅਧਾਰ-ਸ਼ਿਲਾ, ਪੁਸਤਕ ਦੇ ਅਗਲੇ ਦੋ ਲੇਖ—ਗੁਰਬਾਣੀ ਦੀ ਲਿਖਣ-ਸ਼ੈਲੀ, ਸੁਵੀਚਾਰ ਤੇ ਵਿਸ਼ਵ-ਵਿਆਪਕਤਾ ਹੈ, ਜਿਸ ਤੋਂ ਸੰਸਾਰਕ ਸਾਂਝ ਤੇ ਇਕ ਧਰਮ ਦੇ ਗੁਣਾਂ ਦੀ ਸੋਧ ਪ੍ਰਾਪਤ ਕੀਤੀ ਜਾ ਸਕਦੀ ਹੈ। ਇਹ ਗਲ ਸਾਫ ਤੇ ਸਪਸ਼ਟ ਤੌਰ ਉਤੇ ਸਮਝ ਲੈਣੀ ਚਾਹੀਦੀ ਹੈ ਕਿ 'ਸਰਵ-ਧਰਮ ਸੰਮੇਲਨਾਂ' ਦੁਆਰਾ ਆਪੋ ਆਪਣੇ ਮੱਤ ਦੀ ਖਿੱਚ ਦੇ ਕਾਰਨ, ਕਦੀ ਸੱਚੀ ਸੁੱਚੀ, ਦੇਵੀ ਤੇ ਸਥਿਰ ਸਾਂਝ ਪੈਦਾ ਨਹੀਂ ਹੋ ਸਕਦੀ। ਕੇਵਲ ਸਰਬ-ਸਾਂਝੀ, ਗੁਰਬਾਣੀ ਹੀ ਇਸ ਮੰਜ਼ਲ ਉਤੇ ਪਹੁੰਚਾਉਣ ਦੀ ਜਾਮਨ ਹੋ ਸਕਦੀ ਹੈ।

ਡਾਕਟਰ ਪ੍ਰੋ. ਸਾਹਿਬ ਸਿੰਘ ਦੀ ਗੁਰਮਤਿ ਤੇ ਗੁਰਬਾਣੀ ਵਿਆਖਿਆ ਬਾਰੇ ਪਾਏ ਜਾ ਰਹੇ ਭੁਲੇਖੇ ਦੂਰ ਕਰਨ ਲਈ ਨਿਮਾਣਾ ਜਿਹਾ ਜਤਨ ਹੈ। ਕਿਸੇ ਵੀਰ ਦੀ ਮਿੱਥ ਕੇ ਵਿਰੋਧਤਾ ਨਹੀਂ। ਕਿਸੇ ਦਾ ਕਿਸੇ ਛੋਟੇ ਮੋਟੇ ਨੁਕਤੇ ਬਾਰੇ ਪ੍ਰੋਫੈਸਰ ਜੀ ਨਾਲ ਮੱਤ ਭੇਦ ਹੋ ਸਕਦਾ ਹੈ, ਪਰ ਗੁਰਬਾਣੀ ਸੰਬੰਧੀ ਉਨ੍ਹਾਂ ਦੀ ਬੇਖੌਫ ਹੋ, ਵੱਡੀ ਘੋਖ ਉਪ੍ਰੰਤ ਕੀਤੀ ਵਿਆਖਿਆ ਨੂੰ ਏਵੇਂ ਝੁਠਲਾਇਆ ਨਹੀਂ ਜਾ ਸਕਦਾ। ਗਿਣ ਮਿਥ ਕੇ ਕੀਤਾ ਵਿਰੋਧ ਜਾਂ ਬੇ-ਬੁਨਿਆਦ ਦਲੀਲਾਂ ਚੰਦ ਉੱਤੇ ਥੁੱਕਣ ਸਮਾਨ ਹਨ।

ਮੈਂ ਸਭ ਵਿਦਵਾਨ ਵੀਰਾਂ ਦਾ ਸਤਿਕਾਰ ਕਰਦਾ ਹਾਂ, ਚਾਹੇ ਮੇਰਾ ਉਨ੍ਹਾਂ ਨਾਲ ਕਿਸੇ ਗੱਲ ਉਤੇ ਅਸੂਲੀ ਮੱਤ-ਭੇਦ ਕਿਉਂ ਨ ਹੋਵੇ। ਗੁਣਾਂ ਦੀ ਸਾਂਝ ਕਰਨੀ ਤੇ ਔਗਣ ਛਡਣੇ ਹੀ ਗੁਰਮੁਖਤਾਈ ਹੈ।

ਪੂਰਨ ਆਸ ਹੈ ਕਿ ਸੁਹਿਰਦ ਤੇ ਸੂਝਵਾਨ ਪਾਠਕ ਜੀ, ਉਸੇ ਗਹੁ ਤੇ ਪਰਖ ਨਾਲ ਇਸ ਛੋਟੀ ਜਿਹੀ ਪੁਸਤਕ ਵਿਚਲੇ ਸੱਚ ਨੂੰ ਪਿਆਰਣ, ਸਤਿਕਾਰਣਗੇ ਜਿਵੇਂ ਉਹ ਦਾਸਰੇ ਦੀਆਂ ਪਹਿਲੀਆਂ ਲਿਖਤਾਂ ਨੂੰ ਅਪਣਾਉਂਦੇ ਆਏ ਹਨ।

ਅੰਤ ਵਿਚ, ਮੈਂ ਹੋਰ ਸੰਬੰਧਤਾਂ ਤੇ ਵਿਸ਼ੇਸ਼ ਕਰ ਕੇ ਭਾ: ਗੁਰਮੀਤ ਸਿੰਘ ਦਾ ਧੰਨਵਾਦੀ ਹਾਂ, ਜੋ ਕਈ ਤਰ੍ਹਾਂ ਨਾਲ ਮੇਰੀ ਤਨ ਤਨਹਾ ਕੀਤੀ ਮਿਹਨਤ ਵਿਚ ਹਥ ਵਟਾਉਂਦੇ ਰਹੇ ਹਨ।

ਗੁਰ-ਸੰਗਤਾਂ ਦੀ ਚਰਨ-ਰੱਜ
ਹਰਿਭਜਨ ਸਿੰਘ

# ਦੋ ਸ਼ਬਦ

ਜਦੋਂ ਵੀ ਇਸ ਮੁਸ਼ਤਿ ਖਾਕ-ਮਨੁਖ, ਨੇ ਉਸ ਪਰਮ ਸ਼ਕਤੀ ਦੇ ਅਗੇ ਪਹਿਲਾ ਸਜਦਾ ਕੀਤਾ ਤਾਂ ਆਤਮਾ ਤੇ ਪ੍ਰਮਾਤਮਾ ਦੇ ਮਸਲੇ ਗੰਭੀਰ ਪਾਏ ਅਤੇ ਇਸ ਖਾਕੀ ਦੀ ਕਿਸਮਤ ਨੂੰ, ਜਿਵੇਂ ਜਿਵੇਂ ਜਾਣ ਲੈਣ ਦੀ ਜਗਿਆਸਾ ਵਧੀ, ਮਸਲੇ ਗੰਭੀਰ-ਦਰ-ਗੰਭੀਰ ਹੁੰਦੇ ਗਏ। ਆਮਦ ਤੇ ਆਈ ਖਸਮ ਦੀ ਬਾਣੀ ਦਾ ਸੁਭਾ, ਆਮ ਬਾਣੀ ਨਾਲੋਂ, ਜ਼ਿਆਦਾ ਸੂਖਮ ਹੈ। ਜਿੰਨੀ ਕਿਸੇ ਦੀ ਸੋਚ-ਬੁਧ ਹੈ, ਓਨਾ ਹੀ ਉਹ ਇਸ ਅਥਾਹ ਸਾਗਰ 'ਚ ਟੁੱਬੀ ਲਾ, ਮਾਣਕ ਮੋਤੀ ਲੈ ਤਰਦਾ ਹੈ ਅਤੇ ਬੁਧਹੀਣ ਹਥ ਆਉਂਦਾ ਹੈ ਖਜ਼ਫ (ਠੀਕਰਾ)।

ਆਦਿ ਕਾਲ ਤੋਂ ਹੀ ਸੰਸਾਰ 'ਚ ਸਮੇਂ ਸਮੇਂ ਪੀਰ ਫਕੀਰ, ਪੈਗੰਬਰ ਔਲੀਏ ਆਏ ਤੇ ਅਕਾਲ ਪੁਰਖ ਵਲੋਂ ਬਖਸ਼ੀ ਬਲ ਬੁਧ ਤੇ ਵਿਤ ਅਨੁਸਾਰ ਮਾਸੂਮ ਜਨਤਾ ਨੂੰ ਵਕਤੀ ਤੌਰ ਤੇ ਰਾਹਤ ਦੇਂਦੇ ਰਹੇ। ਐਸੇ ਹੀ, ਜਗਤ ਜਲੰਦੇ ਦੀ ਲੋਕ-ਪੀੜਾ ਪੁਕਾਰ ਜਦ ਧੁਰ ਦਰਗਾਹ ਪੁਜੀ ਤਾਂ ਜ਼ਾਤਿ ਪਾਕਿ ਮੇਹਰ ਦੇ ਘਰ ਆਈ ਤੇ ਤਰੁਠ ਕੇ ਗੁਰੂ ਨਾਨਕ ਨੂੰ ਜਗਤ 'ਚ ਪਠਾਇਆ, ਜਿਹਨਾਂ ਨੇ ਸਭ ਸੰਪਰਦਾਈ ਮਤਾਂ ਤੋਂ ਹੱਟ ਕੇ, ਇਕ ਨਿਰਮਲ ਤੇ ਨਿਰਾਲਾ ਧਰਮ ਸੰਸਾਰ ਨੂੰ ਦਿਤਾ। ਸਿਖ ਗੁਰੂ ਸਾਹਿਬ ਨੇ ਖੁਦ ਇਕ ਪੂਰਨ ਮਨੁੱਖ ਦੀ ਜਿੰਦਗੀ ਜਿਊ ਕੇ ਅਤੇ ਆਮਦ ਤੇ ਆਈ ਧੁਰ ਕੀ ਬਾਣੀ ਨੂੰ ਗੁਰੂ ਗ੍ਰੰਥ ਦੇ ਰੂਪ 'ਚ ਮੋਹਰ-ਬੰਦ ਕਰ ਕੇ ਵਿਗਿਆਨਕ ਯੁਗ ਨੂੰ ਇਕ ਐਸਾ ਲਾਸਾਨੀ ਧਰਮ ਦਿਤਾ, ਜਿਸ ਵਿਚ ਮਿਲਾਵਟ ਤੇ ਖੋਟ ਦਾ ਸੁਆਲ ਹੀ ਪੈਦਾ ਨਾ ਹੋ ਸਕੇ।

ਭਾਈ ਗੁਰਦਾਸ ਜੀ ਨੇ ਇਸ ਸਰਬ-ਦੇਸੀ ਤੇ ਸਰਬ-ਕਾਲੀ ਪੰਥ ਦੀ ਇਉਂ ਹੱਕੀ ਪ੍ਰੀਭਾਸ਼ਾ ਕੀਤੀ :

ਮਾਰਿਆ ਸਿਕਾ ਜਗਤ੍ਰ ਵਿਚ
ਨਾਨਕ ਨਿਰਮਲ ਪੰਥ ਚਲਾਇਆ ॥

ਤਥਾ—ਸਬਦਿ ਜਿਤੀ ਸਿਧ ਮੰਡਲੀ, ਕੀਤੋਨੁ ਆਪਣਾ ਪੰਥ ਨਿਰਾਲਾ ॥

ਏਨਾ ਲੰਮਾਂ ਸਮਾਂ ਇਸ ਸਚ ਅਥਵਾ ਨਾਮ-ਧਰਮ ਨੂੰ ਆਪ ਜਗਤ ਫੇਰੀਆਂ ਰਾਹੀਂ ਸੰਸਾਰ 'ਚ ਪ੍ਰਚਾਰਨ ਤੋਂ ਸਤਿਗੁਰਾਂ ਦਾ ਮਨਸ਼ਾ ਸਾਰੇ ਸੰਸਾਰ ਨੂੰ ਪਿਆਰ, ਹਮਦਰਦੀ, ਸਹਿਵਾਸ ਤੇ ਭਾਵਕਏਕਤਾ, ਦੀ ਲੜੀ ਵਿਚ ਪ੍ਰੋਣਾ ਸੀ। ਐਸੇ ਸਾਂਝੇ ਜੀਵਨ ਦਾ ਮਾਡਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਬ ਸਾਂਝੀ ਰਚਨਾ ਹੈ ਅਤੇ ਹਰਿਮੰਦਰ ਸਾਹਿਬ ਵਰਗਾ ਮਾਨਵ ਮੰਦਰ।

ਪਰ ਤ੍ਰਾਸਦੀ ਇਹ ਹੈ ਕਿ ਸੰਸਾਰ, ਵਿਸ਼ੇਸ਼ ਕਰ ਕੇ ਸਿਖ, ਬਾਬੇ ਵਲੋਂ ਬਖਸ਼ੀਆਂ ਬਰਕਤਾਂ ਤੇ ਸਹੀ ਤੌਹੀਦ ਪ੍ਰਸਤੀ ਨੂੰ ਸਾਂਭ ਸੰਭਾਲ ਤੇ ਪ੍ਰਚਾਰ ਨਹੀਂ ਸਕਿਆ। ਸਮੂਹਕ ਯਤਨ ਘਟ ਹੋਏ ਹਨ। ਹਾਂ, ਵਿਅਕਤੀ ਤੌਰ ਤੇ ਇਸ ਦੀ, ਬਾਬੇ ਦੇ ਦੀਵਾਨਿਆਂ ਨੇ ਵਿਤ ਅਨੁਸਾਰ ਵਜ਼ਾਰਹਤ ਕੀਤੀ ਹੈ। ਗੁਰੂ ਘਰ ਦੇ ਐਸੇ ਪਰਵਾਨੇ ਦੀਵਾਨੇ ਤੇ ਸੂਝ ਬੂਝ ਰਖਣ ਵਾਲੇ ਵਿਅਕਤੀਆਂ ਦੀ ਲੜੀ 'ਚੋਂ ਅਜ ਸਾਡੇ ਪਾਸ, ਦਰਿਆ ਕੰਡੇ ਖੜੇ ਰੁਖ ਵਾਂਗ ਡੋਲ ਰਿਹਾ ਹੈ : ਪ੍ਰਿੰਸੀਪਲ ਹਰਿਭਜਨ ਸਿੰਘ, ਜਿਸ ਨੇ ਸਿੱਖ ਪ੍ਰਚਾਰ ਦੇ ਕਈ ਖੇਤਰਾਂ ਵਿਚ ਪਿਛਲੇ 60 ਕੁ ਸਾਲ ਤੋਂ ਤਨਕ ਮਾਤਰ ਸੇਵਾ ਨਿਭਾਈ ਹੈ। ਉਨ੍ਹਾਂ ਦਾ ਤਰਲਾ ਇਹੀ ਰਿਹਾ ਹੈ ਕਿ ਇਸ ਧਰਮ ਦੀ ਸਾਂਝੀਵਾਲਤਾ ਤੇ ਵਿਸ਼ਵ-ਵਿਆਪਕਤਾ ਸੰਸਾਰ ਤੇ ਉਜਾਗਰ ਹੋਵੇ।

ਹਥਲੀ ਪੁਸਤਕ ਵੀ, ਉਨ੍ਹਾਂ ਦੀ ਪ੍ਰਕਾਸ਼ਨ ਦੀ ਲੰਮੀ ਲੜੀ ਵਿਚ ਇਕ ਵਾਧਾ ਹੈ। ਜਿਸ ਵਿਚ ਉਨ੍ਹਾਂ ਨੇ ਨਵੇਂ ਅੰਦਾਜ਼ 'ਚ ਉਹੀ ਰਾਗ ਅਲਾਪਿਆ ਹੈ ਜਿਸ ਦੇ ਉਹ ਜੀਵਨ ਭਰ ਸ਼ੈਦਾਈ ਰਹੇ ਹਨ। ਅਰਦਾਸ ਹੈ ਕਿ ਅਕਾਲ ਪੁਰਖ ਉਹਨਾ ਨੂੰ ਸਿਹਤਮੰਦ ਦੀਰਘ ਆਯੂ ਪ੍ਰਦਾਨ ਕਰੇ ਤਾਂ ਜੋ ਉਹ ਵਧ ਤੋਂ ਵਧ ਸਮਾਂ ਬਾਬੇ ਦਾ ਰਿਣ ਸਿਰੋਂ ਲਾਹ ਸੱਕਣ ਤੇ ਬਾਂਹ ਲੁਡਾਉਂਦੇ ਦਾਤੇ ਦੇ ਦਰ ਪੁੱਜਣ।

—ਸਤਿਨਾਮ ਸਿੰਘ
(ਐਮ. ਏ.)

## ਕੁਝ ਲੇਖਕ ਤੇ ਲਿਖਤ ਬਾਰੇ

ਪ੍ਰਿੰਸੀਪਲ ਹਰਿਭਜਨ ਸਿੰਘ ਜੀ ਦੀ ਆਯੂ ਇਸ ਵੇਲੇ 86 ਸਾਲ ਹੋ ਚੁੱਕੀ ਹੈ। ਉਨ੍ਹਾਂ ਨੂੰ ਪਿਛੇ ਜਿਹੇ ਆਏ ਬਿਮਾਰੀ ਦੇ ਦੋ ਹਮਲਿਆਂ ਨੇ ਹੋਰ ਵੀ ਕਮਜ਼ੋਰ ਕਰ ਦਿੱਤਾ ਹੈ। ਪਰ, ਵਾਰੇ ਜਾਈਏ, ਉਨ੍ਹਾਂ ਦੇ ਸ਼ੌਕ ਤੇ ਦ੍ਰਿੜਤਾ ਤੋਂ, ਗੁਰਮਤਿ ਬਾਰੇ ਖੋਜ ਭਰਪੂਰ ਲੇਖ ਲਿਖਣ ਦਾ ਸਿਲਸਿਲਾ ਅਜ ਤਕ ਬਦਸਤੂਰ ਜਾਰੀ ਰਖਿਆ ਹੈ। ਗੁਰਬਾਣੀ ਵੀਚਾਰ ਲਈ ਵਿਆਕਰਣ ਤੇ ਲਗਾਂ ਮਾਤਰਾਂ ਦੀ ਸਹਾਇਤਾ ਨਾਲ ਗੂਹੜ ਅਰਥ-ਭਾਵ ਖੋਜਣੇ, ਉਨ੍ਹਾਂ ਦਾ ਸ਼ੌਕ ਤੇ ਸੇਵਾ ਹੈ। ਗੁਰਬਾਣੀ ਦੇ ਵੀਚਾਰਵਾਨਾਂ ਦਾ ਇਕ ਪੱਖ ਤਾਂ ਇਹ ਆਖਦਾ ਹੈ, ਕਿ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਅੰਕਿਤ ਹੈ, ਉਸ ਨੂੰ ਉਵੇਂ ਹੀ ਪੜ੍ਹਿਆ ਜਾਵੇ, ਨਾ ਕੁਝ ਛਡਿਆ ਜਾਵੇ, ਤੇ ਨਾ ਹੀ ਕੁਝ ਕੋਲੋਂ ਲਾਇਆ ਜਾਵੇ। ਇਹ ਲੋਕ ਗੁਰਬਾਣੀ ਲਿਖਣ ਦੀ ਨਾ ਕੋਈ ਵਿਸ਼ੇਸ਼ ਸ਼ੈਲੀ ਮੰਨਦੇ ਹਨ, ਤੇ ਨਾ ਹੀ ਗੁਰਬਾਣੀ ਦਾ ਵਿਆਕਰਣ। ਪ੍ਰੰਤੂ, ਸ੍ਰ: ਧੰਨਾ ਸਿੰਘ ਕਮਿਸ਼ਨਰ, ਪ੍ਰਿੰ. ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ, ਭਾਈ ਸਾਹਿਬ ਰਣਧੀਰ ਸਿੰਘ, ਸ੍ਰ. ਗੁਰਤੇਜ ਸਿੰਘ, ਪ੍ਰੋ. ਜਗਜੀਤ ਸਿੰਘ, ਪ੍ਰਿੰ. ਬਲਜੀਤ ਸਿੰਘ ਆਦਿ ਦਾਅਵਾ ਕਰਦੇ ਹਨ ਕਿ ਜਿਵੇਂ ਹਰ ਥਾਂ ਲਿਖਿਆ ਹੈ, ਉਸ ਨੂੰ ਐਨ ਤਿਵੇਂ ਉਚਾਰਨਾਂ ਤੇ ਸ਼ੁੱਧ ਅਰਥ ਕਰਨੇ ਸੰਭਵ ਨਹੀਂ। ਉਦਾਹਰਣ ਵਜੋਂ ਗੁਪਾਲ, ਲੁਭਾਨ, ਤੁਹੀ ਆਦਿ ਹਜ਼ਾਰਾਂ ਸ਼ਬਦ ਗੁਰਬਾਣੀ ਵਿਚ ਦੋਹਰੀਆਂ ਲਗਾਂ ਵਾਲੇ ਹਨ, ਜਿੰਨ੍ਹਾਂ ਦੀਆਂ ਦੋਹਾਂ ਲਗਾਂ ਨੂੰ ਇਕੋ ਸਮੇਂ ਉਚਾਰਨਾ ਅਸੰਭਵ ਹੈ। ਆਪਣੇ ਪਾਸੋਂ ਅੱਧਕ ਲਾਏ ਤੋਂ ਬਿਨਾਂ ਤੁਸੀਂ ਸੁਚੱਜੀ ਤੇ ਕੁਚੱਜੀ ਅਤੇ ਮੁਸੱਲਾ ਨੂੰ, ਕਰਮਵਾਰ, ਸੁਚਜੀ, ਕੁਚਜੀ ਤੇ ਮੁਸਲਾ ਪੜੋਗੇ। ਪੁਸਤਕ ਵਿਚ ਪ੍ਰੋ. ਸਾਹਿਬ ਸਿੰਘ ਦੇ ਇਸ ਸਬੰਧੀ ਛੇ ਅਹਿਮ ਲੇਖ ਹਨ।

ਪ੍ਰਿੰ. ਹਰਿਭਜਨ ਸਿੰਘ ਜੀ ਵੀ ਉਸੇ ਮੱਤ ਦੇ ਹਨ। ਮੇਰੀ ਹਾਰਦਿਕ ਪ੍ਰਾਰਥਨਾ ਹੈ ਕਿ ਅਕਾਲ ਪੁਰਖ ਵਾਹਿਗੁਰੂ ਪ੍ਰਿੰ. ਹਰਿਭਜਨ ਸਿੰਘ ਨੂੰ ਸਿਹਤਮੰਦ, ਦੀਰਘ ਆਯੂ ਬਖਸ਼ਣ, ਤਾਂ ਜੋ ਏਸੇ ਤਰ੍ਹਾਂ ਬੋਲ ਕੇ ਤੇ ਲਿਖ ਕੇ 'ਗੁਰਬਾਣੀ ਦੇ ਚਾਨਣ' ਨੂੰ ਮਨੁੱਖ-ਮਨਾਂ ਦੀਆਂ ਤਾਰੀਕ ਤੈਹਾਂ ਨੂੰ ਰੌਸ਼ਨ ਕਰਦੇ ਰਹਿਣ।

—ਗਿਆਨੀ ਜਸਬੀਰ ਸਿੰਘ 'ਵੇਰਕਾ'
'ਹੈੱਡ ਗਰੰਥੀ'
ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ,
ਸੈਕਟਰ 15-ਸੀ, ਚੰਡੀਗੜ੍ਹ

# 'ਸਭੇ ਸਾਝੀਵਾਲ ਸਦਾਇਨਿ...'

(ਮ: 5)

ਗੁਰਬਾਣੀ ਵਿਚ ਸਾਝ-ਸਾਂਝ, ਸਾਝਾ, ਸਾਝੀ-ਸਾਂਝੀ ਅਤੇ ਸਾਝੀਵਾਲ ਸ਼ਬਦਾਂ ਦੀ ਤਰਤੀਬਵਾਰ : 10+3, 4, 7+2 ਅਤੇ 1 ਵੇਰ (ਕੁਲ 27 ਵਾਰ) ਉਪ੍ਰੋਕਤ ਰੂਪਾਂ ਵਿਚ ਵਰਤੋਂ ਹੋਈ ਹੈ। ਕੁਝ ਥਾਂਈਂ ਕੰਨੇ ਉੱਪਰ ਲਗੇ ਅਨੁਨਾਸਕੀ ਬਿੰਦੇ ਤੋਂ ਇਹ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਇਨ੍ਹਾਂ ਸਾਰੇ ਸ਼ਬਦਾਂ ਦਾ ਸ਼ੁੱਧ ਉਚਾਰਣ ਹਰ ਥਾਂ ਬਿੰਦੇ ਸਹਿਤ ਕਰਨਾ ਹੈ। 'ਮਹਾਂ ਕੋਸ਼' ਵਿਚ, ਗੁਰਬਾਣੀ ਦੇ ਪ੍ਰਮਾਣਾਂ ਸਹਿਤ, ਉਪ੍ਰੋਕਤ ਪਦਾਂ ਦੇ, ਸਾਡੇ ਮੁੱਦੇ ਨਾਲ ਮੇਲ ਖਾਂਦੇ ਅਰਥ, ਇਉਂ ਕੀਤੇ ਗਏ ਹਨ :—

1. ਸਾਝ, ਸਾਂਝ (ਸੰ): ਮਿਲਾਪ, ਸ਼ਰਾਕਤ, ਹਿੱਸੇਦਾਰੀ। ਪ੍ਰਮਾਣ :

ੳ) ਸਾਝ ਕਰੀਜੈ ਗੁਣਹ ਕੇਰੀ, ਛੋਡਿ ਅਵਗਣ ਚਲੀਐ
(ਮ: 1, ਪੰ: 766)

ਅ) ਗੁਰੁ ਸਤਿਗੁਰੁ ਬੋਹਲੁ ਹਰਿ ਨਾਮ ਕਾ,
ਵਡਭਾਗੀ ਸਿਖ, ਗੁਣ ਸਾਂਝ ਕਰਾਵਹਿ ॥ (ਮ: 4/590

2. ਸਾਝਾ—ਸਾਂਝਾ : ਸਾਂਝੀ ਵਾਲਾ, ਜਿਸ ਵਿਚ ਬਹੁਤਿਆਂ ਦਾ ਹਿੱਸਾ ਹੋਵੇ। ਪ੍ਰਮਾਣ :

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ। (ਮਾਝ ਮ: 5, ਪੰ: 97

3. ਸਾਝੀ, ਸਾਂਝੀ—ਸਾਂਝ ਵਾਲੀ, ਸ਼ਰਾਕਤ ਸਹਿਤ।

ੳ) ਗੁਣ ਸਾਝੀ ਤਿਨ ਸਿਉ ਕਰੀ, ਹਰਿ ਨਾਮੁ ਧਿਆਈ
(ਮ: 4, ਪੰ: 647)

ਅ) ਗੁਰ ਸਤਿਗੁਰ ਪਾਸਹੁ ਹਰਿ ਗੋਸਟਿ ਪੂਛਾਂ,
ਕਰਿ ਸਾਂਝੀ ਹਰਿ ਗੁਣ ਗਾਵਾਂ। (ਮ: 4, ਪੰ: 562)

4. ਸਾਝੀਵਾਲ—ਹਿੱਸੇਦਾਰ (ਭਾਈਵਾਲ)। ਪ੍ਰਮਾਣ :
**ਸਭੇ ਸਾਝੀਵਾਲ ਸਦਾਇਨਿ,**
ਤੂੰ ਕਿਸੈ ਨ ਦਿਸਹਿ ਬਾਹਰਾ ਜੀਉ। (ਮ: 5, ਪੰ: 97

ਸਪੱਸ਼ਟ ਹੈ ਕਿ 'ਸਾਂਝੀਵਾਲਤਾ' (ਭਾਵਵਾਚਕ ਨਾਂਵ) ਦਾ ਮੂਲ ਵੀ 'ਸਾਂਝ' (ਸੰਸ.) ਹੀ ਹੈ।

'ਗੁਰਮਤਿ-ਸਾਂਝੀਵਾਲਤਾ' ਦੀ ਗੱਲ ਅੱਗੇ ਤੋਰਨ ਅਤੇ ਸੋਸ਼ਲਿਜ਼ਮ (ਸਮਾਜਵਾਦ) ਜੋ ਇਸਦਾ ਅਜੋਕਾ ਬਦਲਵਾਂ ਨਾਮ ਹੈ, ਉਤੇ, ਇਸਦੀ ਬਰਤਰੀ ਦਰਸਾਉਣ ਹਿੱਤ ਜ਼ਰੂਰੀ ਹੈ ਕਿ ਪਹਿਲਾਂ ਸਮਾਜਵਾਦੀ ਸਾਂਝੀਵਾਲਤਾ ਦੀ ਰੂਪ ਰੇਖਾ, ਸੀਮਾ ਅਤੇ ਵਰਤੋਂ ਵਿਹਾਰ ਆਦਿ ਬਾਰੇ ਸੰਖੇਪ ਜਾਣਕਾਰੀ ਪ੍ਰਾਪਤ ਕਰ ਲਈ ਜਾਵੇ।

'ਸੋਸ਼ਲਿਜ਼ਮ' ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਸੰਨ 1833 ਵਿਚ, 'ਪੂਅਰ ਮੈਨਜ਼ ਗਾਰਡੀਅਨ' ਮੈਗਜ਼ੀਨ ਵਿਖੇ ਹੋਈ, ਅਤੇ ਇਸ ਨੂੰ ਇੰਗਲੈਂਡ ਤੇ ਫਰਾਂਸ ਵਿਚ ਅਠਾਰਵੀਂ ਸ਼ਦੀ ਦੀਆਂ ਉਦਯੋਗਿਕ ਕ੍ਰਾਂਤੀਆਂ ਦੀ ਉਪਜ ਮੰਨਿਆ ਗਿਆ ਹੈ। ਇਹ ਸਮਾਜਵਾਦ ਲੰਮੇ ਸਮੇਂ ਲਈ ਵੱਖ ਵੱਖ ਉੱਦੇਸ਼ਾਂ ਤੇ ਨਾਵਾਂ ਹੇਠ ਪਲਦਾ ਰਿਹਾ; ਜਿਹਾ ਕਿ 'ਸਾਂਝੀਵਾਲਤਾ ਅਥਵਾ ਪ੍ਰਾਂਤਕ ਸਮਾਜਵਾਦ (Collectivism England) ਫੇਬੀਐਨੀਜ਼ਮ (ਇੰਗਲੈਂਡ), ਸਿੰਡੀਕੇਲੀਜ਼ਮ (ਫਰਾਂਸ), ਗਿਲਡ ਸੋਸ਼ਲਿਜ਼ਮ (ਇੰਗਲੈਂਡ) ਅਤੇ ਕਮਿਊਨਿਜ਼ਮ (ਰੂਸ)। ਇਨ੍ਹਾਂ ਦੇ ਨਾਵਾਂ ਤੇ ਥਾਵਾਂ ਵਿਚ ਹੀ ਅੰਤਰ ਨਹੀਂ, ਸਗੋਂ, ਮੁਢਲੇ ਸਿਧਾਂਤਾਂ ਤੇ ਉਦੇਸ਼ਾਂ ਵਿਚ ਵੀ ਫਰਕ ਹੈ; ਜਿਵੇਂ, ਜੇ ਇਕ ਪਰਜਾ-ਤੰਤਰੀ ਰਾਜ-ਪ੍ਰਬੰਧ ਰੱਖਣ ਦੇ ਹੱਕ ਵਿਚ ਹੈ, ਤਾਂ ਦੂਜਾ ਇਸਦਾ ਕ੍ਰਾਂਤੀ ਰਾਹੀਂ ਅਭਾਵ ਕਰਨ ਦੇ। ਜੇ ਇਕ ਕੇਵਲ ਕਾਮਿਆਂ ਦਾ ਹਮਾਇਤੀ ਹੈ ਤੇ ਦੂਜਾ ਖੱਪਤਕਾਰਾਂ ਦਾ ਵੀ, ਇਤਿਆਦਿਕ। ਇਹੀ ਕਾਰਨ ਹੈ ਕਿ ਪ੍ਰਸਿੱਧ ਤਰਕਵਾਦੀ, ਮਿਸਟਰ ਜੋਡ, ਨੇ ਕਿਹਾ ਸੀ ਕਿ 'ਸਮਾਜਵਾਦ ਉਸ ਟੋਪੀ ਸਮਾਨ ਹੈ, ਜਿਸ ਦੀ ਸ਼ਕਲ ਸੂਰਤ ਹਰੇਕ ਵਿਅਕਤੀ ਦੇ ਪਹਿਨਣ ਦੇ ਜਤਨਾਂ ਕਾਰਨ ਸ਼ਕਲੋਂ ਬੇਸ਼ਕਲ ਹੋ ਚੁੱਕੀ ਹੋਵੇ।'

'ਕੋਲਿਨਜ਼ ਗਰੈਫਿਕ ਇੰਗਲਿਸ਼ ਡਿਕਸ਼ਨਰੀ' ਵਿਚ ਸੋਸ਼ਲਿਜ਼ਮ ਦੇ ਅਰਥ ਇਉਂ ਕੀਤੇ ਗਏ ਹਨ :

'A system in political economy, advocated and partially adopted to secure equal distribution of property and wealth in the community and abolish individual and separate rights and interests."

(ਅਨੁਵਾਦ- ਰਾਜਨੀਤਕ ਆਰਥਕਤਾ ਵਿਚ, ਵਕਾਲਤ ਕੀਤਾ ਜਾਂਦਾ, ਇਹ ਇਕ ਅਜਿਹਾ ਢੰਗ (ਸਿਧਾਂਤ) ਹੈ ਜੋ ਅਜੇ ਅਪੂਰਨ ਤੌਰ ਉੱਤੇ ਹੀ ਲਾਗੂ ਹੋ ਸਕਿਆ ਹੈ; ਇਸ ਦਾ ਟੀਚਾ ਕੌਮ ਵਿਚਲੇ ਮਾਲ ਦੌਲਤ ਦੀ ਇਕੋ ਜਿਹੀ ਵੰਡ ਕਰਨਾ ਅਤੇ ਵਿਅਕਤੀਗਤ ਤੇ ਵੱਖਰੇ ਹੱਕ ਹਕੂਕ ਦਾ ਭੋਗ ਪਾਉਣਾ ਹੈ।)

ਸਮਾਜਵਾਦ ਦੀ ਉਪ੍ਰੋਕਤ ਪਰੀਭਾਸ਼ਾ ਤੋਂ ਇਹ ਤੱਥ ਨਿੱਖਰ ਕੇ ਸਾਹਮਣੇ ਆਉਂਦੇ ਹਨ :

1) ਅਜੋਕਾ ਸਮਾਜਵਾਦ, ਪਰਸਪਰ, ਕੇਵਲ ਆਰਥਕ ਸਾਂਝ ਪੈਦਾ ਕਰਨ ਅਥਵਾ ਸੰਪਤੀ ਦੀ ਸਮਾਨ ਵੰਡ ਕਰਨ ਦਾ ਹੀ ਮੁੱਦਈ ਹੈ; ਪ੍ਰੰਤੂ, ਅਧਿਆਤਮਕ ਤੇ ਗੁਣਾਂ ਦੀ ਸਾਂਝ ਬਾਰੇ ਖਾਮੋਸ਼ ਹੈ।

2) ਵਿਅਕਤੀ ਤੌਰ ਉਤੇ ਪ੍ਰਾਪਤ ਹੋਏ ਜਾਂ ਕੀਤੇ ਅਧਿਕਾਰਾਂ ਤੇ ਸੰਪਤੀ ਦਾ ਵਿਰੋਧੀ ਹੈ।

3) ਇਸ ਦੇ ਮਿਥੇ ਸਿਧਾਂਤਾਂ ਨੂੰ, ਅੱਜ ਤੱਕ ਕਿਤੇ ਵੀ ਪੂਰਨ ਤੇ ਅਮਲੀ ਤੌਰ ਤੇ ਲਾਗੂ ਕਰ ਸਕਣਾ ਸੰਭਵ ਨਹੀਂ ਹੋ ਸਕਿਆ।

4) ਇਸ ਦਾ ਧਰਮ ਨਾਲ ਕੋਈ ਸੰਬਾਦ ਨਹੀਂ। ਸਮਾਜਵਾਦੀ ਬਣਨ ਲਈ ਜ਼ਰੂਰੀ ਨਹੀਂ ਕਿ ਪਦਾਰਥਵਾਦੀ ਜਾਂ ਨਾਸਤਕ ਅਥਵਾ ਰੱਬ, ਆਤਮਾ ਤੇ ਆਵਾਗਾਉਣ ਹਸਤੀ, ਤੋਂ ਮੁਨਕਰ ਹੋਇਆ ਜਾਵੇ।

**ਪਰਖ** :— 1) ਸਮਾਜਵਾਦੀ ਸਾਂਝੀਵਾਲਤਾ ਦੀਆਂ ਹਾਮੀ, ਵੱਖ ਵੱਖ ਵੀਚਾਰਧਾਰਾਵਾਂ ਵਿਚੋਂ ਕਾਰਲ ਮਾਰਕਸ ਦੇ 'ਵਿਗਿਆਨਕ ਸਮਾਜਵਾਦ (Scientific Socialism) ਦਾ ਚਰਚਾ ਵਧੇਰੇ ਉੱਭਰ ਕੇ ਸਾਹਮਣੇ ਆਉਂਦਾ ਹੈ।

ਏਥੇ ਆਰੰਭ ਵਿਚ ਹੀ, ਇਹ ਅਹਿਮ ਨੁਕਤਾ ਵੀ ਸਮਝ ਲੈਣਾ ਯੋਗ ਹੈ ਕਿ '**ਸਾਰੇ ਕਮਯੂਨਿਸਟ ਤਾਂ ਸੋਸ਼ਲਿਸਟ ਹੁੰਦੇ ਹਨ; ਪ੍ਰੰਤੂ ਸਾਰੇ ਸੋਸ਼ਲਿਸਟਾਂ (ਸਮਾਜਵਾਦੀਆਂ) ਲਈ ਕਮਯੂਨਿਸਟ ਹੋਣਾ ਜ਼ਰੂਰੀ ਨਹੀਂ**। ਹਾਂ, ਲੈਨਿਨ, ਆਵਸ਼ ਆਪਣੀ ਪੁਸਤਕ 'Lenin on Religion' ਦੇ ਮੁੱਢ ਵਿਚ ਹੀ ਇਹ ਫਤਵਾ ਦਿੰਦਾ ਹੈ ਕਿ ; '**ਨਾਸਤਕਤਾ**', ਵਿਗਿਆਨਕ ਸਮਾਜਵਾਦ ਅਥਵਾ ਮਾਰਕਸਵਾਦ ਦਾ ਇੱਕ ਕੁਦਰਤੀ ਤੇ ਅਨਿਖੜਵਾਂ ਅੰਗ ਹੈ; ਜਿਵੇਂ—

'**Athesim is a natural and inseparable part of Marxism; i.e. Scientific Socialism**'। ਮਾਰਕਸ ਦਾ ਏਥੋਂ ਤੱਕ ਨਿਸਚਾ ਹੈ ਕਿ 'ਮਨੁੱਖ ਦੀ ਹੋਂਦ ਇਸਦੀ 'ਆਤਮਕ ਚੇਤੰਨਤਾ' ਦੇ ਆਸਰੇ ਨਹੀਂ'; ਸਗੋਂ, ਪਦਾਰਥਵਾਦ ਦੇ ਗਿਰਦ ਘੁੰਮਦੀ ਹੈ। ਉਹ ਲਿਖਦਾ **ਹੈ : It is not the consciousness of man that determines his existence, but quite the reverse, it is his social existence that determines his eonsciousness.''** ਇਹ ਲੋਗ ਹਰ ਪ੍ਰਕਾਰ ਦੇ ਜਮਾਤੀ ਘੋਲ ਰਾਹੀਂ ਸਮਾਜਵਾਦੀ ਪ੍ਰੋਲੇਤਾਰੀ ਡਿਕਟੇਟਰਸ਼ਿਪ ਲਿਆਉਣ ਅਤੇ ਵਰਗ-ਰਹਿਤ ਸਮਾਜ ਕਾਇਮ ਕਰਨ ਉਪ੍ਰੰਤ, ਵਰਗ-ਵੰਡ ਦੇ ਨਾਲ ਰਾਜ-ਪ੍ਰਬੰਧ ਨੂੰ ਵੀ ਸਮਾਪਤ ਕਰਨ ਦੇ ਹਾਮੀ ਹਨ; ਉਹ ਸਟੇਟ (State) ਨੂੰ ਧੱਕੇ ਸ਼ਾਹੀ ਦਾ ਹੱਥ-ਠੋਕਾ ਸਮਝਦੇ ਹਨ; ਇਤਿਆਦਿਕ/ਪ੍ਰੰਤੂ, ਵਰਨਣ ਜਿਮਬਰਟ ਮੈਕਸਵਰ, ਜਾਰਜ ਸੋਹਲ **ਅਤੇ ਮੈਕਸ ਲਰਨਰ ਜਿਹੇ ਪ੍ਰਸਿੱਧ ਵਿਦਵਾਨ** ਉਪ੍ਰੋਕਤ ਵੀਚਾਰਾਂ ਦਾ ਵਿਰੋਧ ਕਰਦੇ ਹਨ : ਉਨ੍ਹਾਂ ਦੀ ਰਾਏ **ਹੈ ਕਿ** ਮਨੁੱਖ ਮਨ **ਉਤੇ ਪਦਾਰਥਵਾਦ** ਨਾਲੋਂ, ਧਾਰਮਿਕ, ਰਾਜਸੀ, ਮਿਥਿਹਾਸ, **ਆਦਰਸ਼ਵਾਦ, ਬੀਰਤਾ**-ਭਰਪੂਰ ਮਨੋਵੇਗ, ਲੋਕ ਪਰਪਾਟੀ, ਪਿਤਾ ਪੁਰਖੀ ਲੀਹਾਂ, ਰਾਸ਼ਟਰਵਾਦੀ **ਭਾਵਨਾਵਾਂ**, ਨਸਲੀ ਪੱਖਪਾਤ, ਸਮੂਹ ਪਾਗਲ-ਪਨ, ਵਧੇਰੇ ਪ੍ਰਭਾਵ ਪਾਉਂਦੇ ਅਤੇ ਮਨੁੱਖ ਦਾ **ਚਲਣ ਘੜਨ**, ਤੇ **ਸਾਂਝੇ ਜੀਵਨ ਦੇ** ਜ਼ੁੰਮੇਵਾਰ ਹੁੰਦੇ ਹਨ। ਗੁਰਮਤਿ ਉਪ੍ਰੋਕਤ ਵੀਚਾਰ-ਭਾਵਾਂ ਦੀ ਹਾਮੀ ਭਰਦੀ ਹੈ।

## ਗੁਰਮਤਿ ਅਥਵਾ ਸਿੱਖ ਸਾਂਝੀਵਾਲਤਾ :

ਇਹ ਤਾਂ ਸੀ ਸੰਖੇਪ ਜਿਹਾ ਬਿਆਨ, ਵੱਖ ਵੱਖ ਰੂਪਾਂ ਵਿਚ ਵਰਤ ਰਹੀ ਅਖੂਟਨ ਸਮਾਜਵਾਦੀ ਰੀਤ ਅਥਵਾ ਸਾਂਝੀਵਾਲਤਾ ਦਾ। ਹੁਣ ਆਓ, ਗੁਰਮਤਿ ਦੇ ਝਰੋਖੇ ਵਿਚੋਂ ਇਸ ਦੀਆਂ ਪਵਿੱਤਰ ਉਚਾਈਆਂ ਦੇ ਦਰਸ਼ਨ ਕਰੀਏ :

1) ਗੁਰਮਤਿ ਅਥਵਾ ਸ਼ਿੱਖ ਧਰਮ ਇਕ ਐਸੀ ਪਰਮ ਸਤਿ ਹਸਤੀ—ਰੱਬ—ਦਾ ਤਨੋਂ ਮਨੋਂ ਕਾਇਲ ਹੈ ਜੋ ਸਭ ਦਾ ਕਰਤਾ, ਹਰਤਾ, ਧਰਤਾ, ਸਰਵ-ਵਿਆਪਕ, ਨਿਰਭਉ, ਨਿਰਵੈਰੁ, ਅਕਾਲ, ਅਜੂਨੀ, ਸੁਤੇ ਪ੍ਰਕਾਸ਼ ਤੇ ਸਭ ਦਾ ਸਾਂਝਾ ਹੋਣ ਦੇ ਨਾਲ ਨਾਲ ਇਕ, ਤੇ ਕੇਵਲ ਇਕ ਹੈ। ਇਸ ਸਚ ਉੱਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਉਂ ਮੁਹਰ ਲਾਈ ਹੈ :

'ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ।

ਅਟੁੱਟ ਸਰਵ-ਸਾਂਝੀਵਾਲਤਾ ਦਾ ਮੁੱਢ ਤਾਂ ਇਸ ਮੂਲ ਮੰਤਰ ਅਥਵਾ ਮੰਗਲ ਦੇ ਆਰੰਭ ਵਿਚ ਆਏ 'ਏਕੇ' ਤੋਂ ਹੀ ਬੱਝ ਹੋ ਜਾਂਦਾ ਹੈ। ਜਦ ਪ੍ਰਮਾਤਮਾ ਇਕ ਹੈ, ਅਤੇ ਸਭ ਦਾ ਇਕ-ਸਮਾਨ ਸਾਂਝਾ ਰਚਨਹਾਰ ਤੇ ਮਾਤਾ ਪਿਤਾ ਹੈ, ਤਾਂ ਮੈਤਰੀ-ਭਾਵ ਭਿੱਜੀ ਐਸੀ ਪੀਡੀ ਸਾਂਝ ਹੋਰ ਕਿਥੋਂ ਲੱਭੂ ? ਇਸ ਅਟੁੱਟ ਸਾਂਝੀਵਾਲਤਾ ਅਥਵਾ ਭਰਾਤਰੀ-ਭਾਵ ਦੀ ਗਵਾਹੀ ਪੰਜਵੇਂ ਗੁਰਦੇਵ ਇਉਂ ਭਰਦੇ ਹਨ :

(ਹੇ ਪ੍ਰਭੂ !) 'ਸਭੇ ਸਾਂਝੀਵਾਲ ਸਦਾਇਨਿ ਤੂ ਕਿਸੈ ਨ ਦਿਸਹਿ ਬਾਹਰਾ ਜੀਉ।'
(ਮ. 5, ਪੰ. 97)

ਜ਼ਰਾ ਹੋਰ ਡੂੰਘੀ ਨਜ਼ਰ ਨਾਲ ਵੇਖਿਆ ਜਾਵੇ ਤਾਂ ਗੁਰਬਾਣੀ ਵਿਚ, ਪਰਸਪਰ, ਅਟੁੱਟ ਸਾਂਝ ਪੈਦਾ ਕਰਨ ਵਾਲਾ 'ਏਕਾ' ਕੇਵਲ (ਵਿਸ਼ੇਸ਼ਣ) ਹੀ ਨਹੀਂ, ਸਗੋਂ ਪ੍ਰਭੂ ਵਾਚੀ ਵੀ ਹੈ। ਕਈ ਦੀਰਘ ਦ੍ਰਿਸ਼ਟੀ ਵਾਲੇ ਵਿਦਵਾਨ ਸੰਪੂਰਨ ਮੂਲ-ਮੰਤ੍ਰ ਅਥਵਾ ਮੰਗਲਾਚਰਨ ਦੇ ਤਿੰਨ ਭਾਗ ਕਰਦੇ ਹਨ; ਅਤੇ ਪਹਿਲੇ ਭਾਗ 'ੴ ਸਤਿ ਨਾਮੁ' ਨੂੰ ਪ੍ਰਯਾਯ-ਵਾਚੀ ਮੰਨਦੇ ਹਨ। ਦੂਜੇ ਭਾਗ ਨੂੰ ਪ੍ਰਭੂ-ਗੁਣਵਾਚਕ ਅਤੇ ਤੀਜੇ, 'ਗੁਰਪ੍ਰਸਾਦਿ' ਨੂੰ 'ਵਿਧੀ', ਜੋ ਮੰਤ੍ਰ ਵਿਚ ਨਹੀਂ ਹੁੰਦੀ। ਹਾਂ, ਮੰਗਲਾਚਰਣ ਵਿਚ ਇਥੇ ਹੈ, ਅਤੇ ਹੋ ਸਕਦੀ ਹੈ। ਆਪਣੇ ਪਖਸ਼ ਦੀ ਸਿੱਧੀ ਲਈ ਗੁਰਬਾਣੀ ਵਿਚੋਂ ਹੀ ਕੁਝ ਹੋਰ ਪ੍ਰਮਾਣ ਹਾਜ਼ਰ ਹਨ, ਜਿਥੇ 'ਏਕੇ' ਨੂੰ ਸਾਂਝੀਵਾਲਤਾ ਦੇ ਸਭ ਤੋਂ ਵਡੇ ਜ਼ਾਮਨ 'ਅਕਾਲ ਪੁਰਖ' ਦੇ ਥਾਂ ਵਰਤਿਆ ਗਿਆ ਹੈ, ਉਸਦੇ ਵਿਸ਼ੇਸ਼ਣ ਦੇ ਤੌਰ ਉਤੇ ਨਹੀਂ :

ੳ) ਸਾਹਿਬ ਮੇਰਾ ਏਕੋ ਹੈ। ਏਕੋ ਹੈ, ਭਾਈ ! ਏਕੋ ਹੈ। (ਮ: ਪਹਿਲਾ, ਪੰ: 350)

ਅ) ਏਕੰਕਾਰ ਅਵਰੁ ਨਹੀਂ ਦੂਜਾ, ਨਾਨਕ, ਏਕੁ ਸਮਾਈ ॥ (ਉਹੀ, ਪੰ: 930)

ੲ) ਇਸੁ ਏਕੇ ਕਾ ਜਾਣੈ ਭੇਉ [illegible] (ਉਹੀ, ਪੰ: 930)

ਸ) ਏਕੇ ਕਉ ਨਾਹੀ ਭਉ ਕੋਇ। (ਉਹੀ, ਪੰ: 796)

ਆਸਤਕ ਜਗਤ ਵਿਚ, ਮਨੁੱਖ, ਮਨੁੱਖ ਵਿਚਲੀ ⌒ ਸਦੀਵੀ ਤੇ ਦੈਵੀ ਸਾਂਝੀ-ਵਾਲਤਾ ਦੇ ਸ਼ੈਦਾਈ, ਸਿਖ ਗੁਰੂ ਸਾਹਿਬਾਨ, 'ਇਕ ਓਅੰਕਾਰ' ਦੀ ਇਕਾਈ ਉਤੇ ਇਸ ਲਈ ਵੱਡਾ ਬਲ ਦਿੰਦੇ ਹਨ ਕਿ ਉਹ ਸਭ-ਸਾਂਝਾ ਤੇ ਸਭ ਦਾ 'ਆਦਿ ਕਰਤਾ' ਹੋਣ ਦੇ ਨਾਤੇ ਸੱਚੀ 'ਸਾਂਝੀਵਾਲਤਾ' ਦਾ ਜ਼ਾਮਨ ਹੈ। ਜਿਥੇ, ਪ੍ਰਭੂ ਦੀ ਇਕਾਈ-ਭਿੱਜੀ ਸਾਂਝ ਦਾ ਅਭਾਵ ਹੈ, ਉਥੇ ਕਿਸੇ ਵੀ ਦਾਇਮੀ ਸਾਂਝੀਵਾਲਤਾ, ਭਰਾਤਰੀ-ਭਾਵ ਅਥਵਾ ਸਮਾਜਵਾਦ ਦੀ ਗਲ ਕਰਨੀ ਹੀ ਖਾਮ ਹੈ। ਇਕ ਅੰਗਰੇਜ਼ ਵਿਦਵਾਨ ਦਾ ਬੜਾ ਸਾਰਥਕ ਕਥਨ ਹੈ :

**'How his love will lasting prove; he, who has no reverence for the God I love ?'**

(ਅਨੁਵਾਦ : ਉਸ ਦਾ ਪਿਆਰ (ਜੋ ਸਾਂਝੀਵਾਲਤਾ ਦੀ ਬੁਨਿਆਦ ਹੈ) ਕਿਵੇਂ ਸਦੀਵੀ ਸਾਬਤ ਹੋਵੇਗਾ, ਜਿਸ ਦੇ ਅੰਦਰ ਉਸ ਪ੍ਰਭੂ ਦਾ ਪਿਆਰ, ਨਹੀਂ, ਜਿਸ ਨੂੰ ਮੈਂ ਪਿਆਰਦਾ ਹਾਂ ?) ਦਾਇਮੀ ਸਾਂਝ ਲਈ ਹਰੀ ਹੀ ਮਿਲਾਪ-ਬਿੰਦੂ ਹੈ।

ਪ੍ਰਭੂ ਦੀ ਇਸ ਏਕਤਵਤਾ, ਤੇ ਸਰਬ-ਵਿਆਪਕਤਾ ਦੇ ਭਾਵੇਂ ਹੋਰ ਕਈ ਰਹੱਸ ਹਨ; ਪ੍ਰੰਤੂ, ਇਸ ਦਾ ਵੱਡਾ, ਸਰਬ-ਸ੍ਰੇਸ਼ਠ, ਸੁਖਦਾਈ ਤੇ ਗੁਣਕਾਰੀ ਪਹਿਲੂ ਹੈ ਕਿ ਇਹ ਰੱਬੀ ਸਾਂਝ, ਮਨੁੱਖ ਨੂੰ ਹਉਮੈਂ ਕਾਰਨ ਪੈਦਾ ਹੋਣ ਵਾਲੀ ਇਕੱਲ, ਦੂਰੀ ਤੇ ਮਾਰੂ ਵਿੱਥ ਤੋਂ ਬਚਾਉਂਦੀ ਹੈ।

ਗੁਰਮਤਿ ਦੀ ਸਾਂਝ ਦਾ ਨਜ਼ਰੀਆ ਇਤਨਾ ਸਵੱਛ, ਵਿਸ਼ਾਲ ਤੇ ਮਾਨਵੀ ਹੈ ਕਿ ਭਾਵੇਂ ਜਥੇਬੰਦੀ ਦੀ ਏਕਤਾ ਤੇ ਲੱਖਤਾ ਹਿੱਤ 'ਵਾਹਿਗੁਰੂ (ਵਾਹੁ ਗੁਰੂ) ਨਾਮ ਨੂੰ ਪ੍ਰਚਲਤ ਕਰ ਲਿਆ ਗਿਆ ਹੈ, ਪਰ ਬਾਣੀ ਵਿਚ ਹੋਰ ਅਨੇਕ ਨਾਵਾ ਨੂੰ ਵੀ ਪ੍ਰਭੂ-ਵਾਚਕ ਦੇ ਤੌਰ ਵਰਤਣੋਂ ਸੰਕੋਚ ਨਹੀਂ ਕੀਤਾ ਗਿਆ। ਰੱਬ, ਖੁਦਾ, ਕਾਦਰ, ਅਲਾਹ, ਖਾਲਕ, ਰਹੀਮ, ਰਾਮ, ਗੋਬਿੰਦ, ਗੋਪਾਲ, ਮੁਰਾਰੀ, ਪ੍ਰਭੂ, ਪ੍ਰਮਾਤਮਾ, ਠਾਕੁਰ, ਓਅੰਕਾਰ, ਸਤਿ, ਆਦਿ ਵੱਖ ਵੱਖ ਨਾਵਾਂ ਨਾਲ ਇਕ ਸਮਾਨ ਸੰਬੋਧਨ ਕੀਤਾ ਗਿਆ ਹੈ; ਅਤੇ ਇਨ੍ਹਾਂ ਤੋਂ ਸੰਕੇਤ ਉਸ ⌒ ਪਰਮ ਸਤਿ ਵਲ ਹੀ ਹੈ, ਜਿਸ ਦੀ ਵਿਆਖਿਆ 'ਜਪੁਜੀ' ਜੀ ਦੇ ਮੁੱਢ ਵਿਚ '੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ' ਕਰਕੇ ਕਰ ਦਿੱਤੀ ਗਈ ਹੈ। ਐਸੇ ਸਾਰੇ ਨਾਵਾਂ ਦੀ ਵਰਤੋਂ ਫਿਰਕੂ ਤੇ ਸੰਪ੍ਰਦਾਇਕ ਵਲਗਰਾਂ ਤੋਂ ਉਪਰ ਤੇ ਉਚੇਰੀ ਹੈ। ਏਥੋਂ ਤੱਕ ਕਿ 'ਵਾਹੁ ਗੁਰੂ' (ਵਾਹਿਗੁਰੂ) ਨਾਮ ਵੀ ਦੋ ਪਰਸਪਰ ਵਿਰੋਧੀ, ਮੱਤਾਂ ਦੀਆਂ ਬੋਲੀਆਂ ਦੇ ਮੇਲ (ਸਮਾਸ) ਤੋਂ ਬਣਿਆ ਹੈ। 'ਵਾਹ' ਅਰਬੀ ਬੋਲੀ ਦਾ ਸ਼ਬਦ ਹੈ ਅਤੇ 'ਗੁਰ' ਸੰਸਕ੍ਰਿਤ ਦਾ। ਪ੍ਰਭੂ ਦੇ ਲਗਭੱਗ ਹੋਰ ਸਾਰੇ ਦੂਜੇ ਨਾਮ ਉਸਦੇ ਸੁਭਾਵ, ਬਿਰਦ, ਸਿਫ਼ਤ ਜਾਂ ਕਿਰਤ ਤੋਂ ਪਏ ਹਨ—ਇਸ ਲਈ ਇਹ ਉਸ ਦੇ 'ਕਿਰਤਮ' ਨਾਮ ਹਨ; ਪਰ, 'ਵਾਹ' ਉਸ ਵਿਸਮਾਦੀ ਤੇ ਪ੍ਰਭੂ-ਇਕਸੁਰਤਾ ਦੀ ਅਵਸਥਾ ਦਾ ਲਖਾਇਕ ਹੈ ਜਦੋਂ ਅਸੀਂ ਨਿਰ੍ਵੀਚਾਰ ਹੋ ਕੇ, ਆਲਮਿ ਤਹੱਯਰ ਅਥਵਾ ਬੇ-ਖੁਦੀ ਦੇ ਆਲਮ ਵਿਚ ਗਵਾਚ ਜਾਂਦੇ ਹਾਂ। ਇਸ ਤਰ੍ਹਾਂ, ਇਸ ਨੂੰ ਕਿਸੇ ਵੀ ਇਕ ਮੱਤ ਨਾਲ ਸੰਬੰਧਤ ਤੇ ਸੀਮਿਤ ਨਹੀਂ ਕੀਤਾ ਜਾ ਸਕਦਾ। ਇਹ ਸਭ 'ਧਰਮੀਆਂ' ਦਾ, ਜੋ ਰੱਬੀ

ਮੰਜ਼ਲ ਵਲ ਵਧਣਾ ਅਤੇ ਉਸ ਖਾਲਿਕ ਨੂੰ, ਖਲਕਤ, ਕੁਦਰਤ ਵਿਚ ਰਵਿਆ ਵੇਖਣ ਦੇ ਮੁਤਾਬਕ ਹਨ, 'ਸਾਂਝਾ' ਨਾਮ ਅਥਵਾ ਦਸ਼ਾ ਹੈ ਜੋ ਹਰੇਕ ਦੀ ਮਨੋ-ਬਿਰਤੀ ਅਨੁਸਾਰ ਆਪਣੀ, ਆਪਣੀ ਵੀ ਹੈ। ਭਾਈ ਨੰਦ ਲਾਲ ਜੀ "ਗੋਯਾ" ਇਸ ਸਰਬ-ਉਚ ਤੇ ਅਤੁੱਟ ਸਾਂਝੀਵਾਲਤਾ ਦੇ ਰਹੱਸ ਨੂੰ ਇਉਂ ਸਮਝਾਉਣ ਦਾ ਤਰਲਾ ਮਾਰਦੇ ਹਨ :

'ਗੋਯਾ, ਅਗਰ ਆਂ ਜਮਾਲ ਦੀਦਨ ਦਾਰੀ।
ਅਜ਼ ਖੁਦ ਹਵਸਿ ਮੈਲ ਰਮੀਦਨ ਦਾਰੀ ॥
ਅਜ਼ੀਂ ਦੀਦਾ ਮ-ਬੀਂ, ਕਿ ਹਜਾਬਸਤ ਤੁਰਾ।
ਬੇ ਦੀਦਾ ਬ-ਬੀਂ, ਹਰ ਆਂਚਿ ਦੀਦਨ ਦਾਰੀ।
(ਅਨੁਵਾਦ— ਗੋਯਾ, ਜੇਕਰ ਡਿੱਠਾ ਚਾਹੇ ਜਲਵਾ-ਰੱਬ ਪਿਆਰਾ।
ਮੋਹ ਮਾਇਆ ਤੇ ਮਮਤਾ ਪਾਸੋਂ, ਪਹਿਲਾਂ ਪਾ ਛੁਟਕਾਰਾ।
ਏਨੀ ਅੱਖੀਂ ਵੇਖ ਨ ਬੀਬਾ, ਇਹ ਤੇਰੇ ਵਿਚ ਪੜਦਾ,
ਬਿਨਾਂ ਦੀਦਿਓਂ ਦਿੱਸੂ ਤੈਨੂੰ, ਰਬ ਦਾ ਰੂਪ ਪਿਆਰਾ।

(ਦੀਵਾਨਿ ਗੋਯਾ, ਰੁਬਾਈ 18)

ਵਾਹਵਾ ! ਰੱਬ ਦੇ ਦੀਦਾਰ ਦੀ ਸਾਂਝ ਨੂੰ ਕਿਸੇ ਵੀ ਮਜ਼ਹਬੋ ਮਿਲਤ ਦੇ ਵਿਸ਼ੇਸ਼ ਅਕੀਦੇ ਨਾਲ ਵਾਬਸਤਾ ਨਹੀਂ ਕੀਤਾ ਗਿਆ। ਗੁਰਮਤਿ ਅਨੁਸਾਰ ਉਸ ਵਿਸਮਾਦਤ ਦਸ਼ਾ ਦੇ ਹਰੇਕ ਮਾਰਗੀ ਦਾ ਅਨੁਭਵ ਵੱਖ ਵੱਖ ਹੋਵੇਗਾ, ਪਰ ਮੰਜ਼ਲ ਦੀ 'ਸਾਂਝ' ਇਕ ਸਮਾਨ ਮਾਣੀ ਜਾ ਸਕੇਗੀ, ਦੂਈ ਦੁਜੈਕ ਤੋਂ ਬਾਲਾਤਰ ਹੋ ਕੇ ਤੇ ਸੱਚੇ ਸੁੱਚੇ ਸਾਂਝੀਵਾਲ ਬਣ ਕੇ।

2, 'ਗੁਰਮਤਿ ਵਿਚਲੀ ਸਾਂਝੀਵਾਲਤਾ' ਦਾ ਦੂਜਾ ਧੁਰਾ ਹੈ : 'ਨਾਮੁ' ਅਥਵਾ 'ਸਚੁ ਧਰਮ', । ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਚਲਾਇਆ ਧਰਮ, ਨਾਮ-ਧਰਮ ਜਾਂ ਸੱਚ ਧਰਮ ਵਾਸਤਵ ਵਿਚ 'ਇਕ ਅਕਾਲ ਪੁਰਖ' ਦੇ ਏਕੇ ਦਾ ਹੀ ਅਕਸ ਹੈ। ਜਿਵੇਂ, ਰੱਬੁਲ ਆਲਮੀਨ' (ਸਭ ਦਾ ਰੱਬ) ਅਥਵਾ ਇੱਕ ਓਅੰਕਾਰੀ ਕਰਤਾ' ਇਕ ਹੈ, ਲਾ-ਸ਼ਰੀਕ ਹੈ, ਤਿਵੇਂ ਉਸ ਦੇ ਅਖੰਡ ਨਾਮ (ਸੱਚ ਧਰਮ) ਦੀਆਂ ਵੰਡੀਆਂ ਵੀ ਨਹੀਂ ਪਾਈਆਂ ਜਾ ਸਕਦੀਆਂ। 'ਧਰਮ ਏਕ, ਮੱਤ ਅਨੇਕ' ਦੇ ਸੱਚ ਨੂੰ ਜਾਣੇ ਤੇ ਅਪਣਾਏ ਬਿਨਾਂ, ਮਾਨਵ ਸਾਂਝਾਂ ਦੀਆਂ ਡੀਗਾਂ ਮਾਰਨੀਆਂ ਅਤੇ ਵਡੇ-ਵਡੇ ਮਜ਼ਹਬੀ (ਸੰਪ੍ਰਦਾਇਕ) ਸਮੇਲਨ ਕਰਨੇ ਬੇ-ਸੂਦ ਹਨ, ਇੱਕ ਤਿਫਲ-ਤਸੱਲੀ ਹੈ। ਆਪਣੀ ਆਪਣੀ ਗਲ ਠੋਸਣ ਦੀ ਚੁਸਤੀ।

ਇਕ ਪ੍ਰਸਿੱਧ ਵੀਚਾਰਕ ਦਾ ਕਥਨ ਹੈ ਕਿ ਸੰਸਾਰ ਵਿਚ ਇਸ ਵੇਲੇ ਤਿੱਨ ਸੌ ਮੱਤ (ਸੰਪ੍ਰਦਾਵਾਂ) ਹਨ ਅਤੇ 3000 ਉਪ-ਸੰਪ੍ਰਦਾਵਾਂ। ਜ਼ਰਾ ਸੋਚੋ, ਜੇ ਰੱਬ ਇੱਕ ਹੈ ਅਤੇ ਉਸ ਦਾ 'ਨਾਮ ਧਰਮੁ' ਜਾਂ 'ਸੱਚੁ ਧਰਮ' ਵੀ ਇਕ ਹੈ, ਤਾਂ ਇਹ 300 ਧਰਮ ਤੇ ਹਜ਼ਾਰਾਂ ਸੰਪ੍ਰਦਾਵਾਂ ਕਿਥੋਂ ਤੇ ਕਿਵੇਂ ਪੈਦਾ ਹੋ ਗਈਆਂ ? ਕਿੱਡਾ ਧੋਖਾ ਖਾ ਰਿਹਾ ਹੈ, ਇਹ ਮਨੁੱਖ। ਚੇਤੇ ਰਹੇ ! ਜੇ ਹਵਾ, ਪਾਣੀ, ਅੱਗ, ਆਕਾਸ਼ ਆਦਿ ਤੱਤ ਹਰ ਥਾਂ, ਹਰ ਸਮੇਂ ਆਪਣਾ ਆਪਣਾ ਸੁਭਾਵ ਰਖਦੇ ਹਨ ਤਾਂ ਇਹ ਹਿੰਦੂ ਪਾਣੀ, ਮੁਸਲਮਾਨ ਪਾਣੀ ਵਾਂਗ ਹਿੰਦੂ ਜਾਂ

ਮੁਸਲਮਾਨ ਰੱਬ ਕਿਥੋਂ ਆ ਗਿਆ? ਇਹ ਸਾਰਾ ਖਤਰਨਾਕ ਭੁਲੇਖਾ, ਮਜ਼ਹਬ (Religion) ਮੱਤ, ਸੰਪ੍ਰਦਾਇ ਆਦਿ ਨੂੰ 'ਧਰਮ' ਸ਼ਬਦ ਨਾਲ ਖਲਤ ਮਲਤ ਕਰਕੇ, ਭਰਮ ਭੁਲੇਖਾ ਖਾਣ ਵਿਚ ਹੈ। ਸੰਸਾਰ ਵਿਚ ਉਤਨਾ ਖੂਨ ਖਰਾਬਾ ਰਾਜਨੀਤਕ ਜੰਗਾਂ ਜੁੱਧਾਂ ਵਿਚ ਨਹੀਂ ਡੁੱਲ੍ਹਾ, ਜਿਤਨਾ ਆਪਣੀ ਆਪਣੀ ਸੰਪ੍ਰਦਾਇ ਜਾਂ ਮੱਤ ਨੂੰ ਹੀ ਵਾਹਿਦ, ਸਾਰਾ ਸਚ ਤੇ ਧਰਮ ਸਮਝਣ ਵਿਚ ਵੀਟਿਆ ਹੈ।

ਗਲ, ਆਪਣੇ ਇਸ਼ਟ ਨੂੰ ਸ੍ਰੇਸ਼ਟ ਦਰਸਾਉਣ ਦੀ ਨਹੀਂ, ਸਗੋਂ ਹੱਕ-ਗੋਈ ਦੀ ਹੈ; ਜਿਵੇਂ ਅਕਾਲ-ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਗੁਰੂ ਸਾਹਿਬਾਨ ਨੇ ਇਸ ਸੱਚ ਨੂੰ ਜਾਣਿਆ ਅਤੇ ਆਪਣੀ ਬਾਣੀ ਵਿਚ ਬਰ-ਮਿਲਾ ਕੂਕ ਸੁਣਾਈ ਹੈ ਕਿ—

ੳ) ਏਕੋ ਧਰਮ ਦ੍ਰਿੜੈ ਸਚੁ ਕੋਈ। ਗੁਰਮਤਿ ਪੂਰਾ ਜੁਗਿ ਜੁਗਿ ਹੋਈ ॥

(ਮ: ਪਹਿਲਾ, ਪੰ: 1188)

(ਭਾਵ—ਜੇ ਕੋਈ ਸਚਾਈ ਨੂੰ ਪੂਰਨ ਤੌਰ ਉੱਤੇ ਅੰਦਰ ਵਸਾਵੇ, ਤਾਂ ਉਹ ਜਾਣੇਗਾ ਕਿ ਧਰਮ, ਅਸਲ ਵਿਚ, ਇਕ ਹੀ ਹੈ। ਗੁਰਮਤਿ ਦੁਆਰਾ ਇਹ ਸੂਝ ਪੈਂਦੀ ਹੈ ਕਿ ਪੂਰਾ ਪ੍ਰਭੂ, ਜੁੱਗ ਜੁੱਗ ਵਿਚ ਇਕੋ ਜਿਹਾ ਰਹਿੰਦਾ ਹੈ ਅਤੇ ਇਸ ਨਾਤੇ ਉਸਦਾ 'ਨਾਮੁ-ਧਰਮੁ' ਵੀ)।

ਅ) ਬਲਿਓ ਚਰਾਗ ਅੰਧ੍ਯਾਰ ਮਹਿ, ਸਭ ਕਲਿ ਉਧਰੀ ਇਕ ਨਾਮ ਧਰਮ।

(ਮ: 5, ਪੰ: 1387)

ਉਪ੍ਰੋਕਤ ਸੰਖੇਪ, ਪ੍ਰੰਤੂ ਭਾਵ-ਪੂਰਤ ਵੀਚਾਰ ਸਾਨੂੰ ਇਸ ਹਕੀਕਤ-ਅਫਸ਼ਾ ਸਿੱਟੇ ਉਤੇ ਲੈ ਆਉਂਦੀ ਹੈ ਕਿ ਅਸੀਂ 'ਧਰਮ' ਅਤੇ ਮਜ਼ਹਬ, ਮੱਤ ਸੰਪ੍ਰਦਾਇ ਦੇ ਫਰਕ ਨੂੰ ਸਮਝੀਏ। 'ਧਰਮ' ਸ਼ਬਦ ਸੰਸਕ੍ਰਿਤ ਦੇ 'ਧ੍ਰੀ' ਧਾਤੂ ਤੋਂ ਬਣਿਆ ਹੈ ਅਤੇ ਇਸ ਦੇ ਅਰਥ ਹਨ: ਉਹ ਪਰਮ ਸਤਿ ਜੋ ਧਾਰਦਾ ਹੈ, ਆਸਰਾ ਦਿੰਦਾ ਹੈ, ਭਾਵ, ਉਹ ਪਰਮ ਸਤਿ, ਬ੍ਰਹਿਮੰਡੀ ਨੇਮ (Comsic Law) ਜੋ ਸਾਰੀ ਰਚਨਾ ਦਾ ਆਸਰਾ ਹੈ। ਧਰਮ ਉਤਨਾ ਹੀ ਵਿਸ਼ਾਲ, ਅਕਾਲ, ਅਸੀਮ, ਸੱਚ ਤੇ ਸਦੀਵੀ ਹੈ, ਜਿਤਨਾ ਪ੍ਰਭੂ ਪ੍ਰਮਾਤਮਾ। ਇਸ ਨੂੰ ਪੂਰਨ ਤੌਰ ਉਤੇ ਕਿਸੇ ਜਾਤੀ, ਦੇਸ਼ ਜਾਂ ਕਾਲ ਨਾਲ ਬੰਨ੍ਹਿਆ ਤੇ ਸੀਮਤ ਨਹੀਂ ਕੀਤਾ ਜਾ ਸਕਦਾ। ਜਿੰਨਾ ਚਿਰ ਇਨਸਾਨ 'ਧਰਮ' ਦੇ ਸੱਚ ਤੋਂ ਜਾਣੂ ਹੋਕੇ ਅਥਵਾ ਧਾਰ ਕੇ ਤੇ ਸੰਪ੍ਰਦਾਇਕਤਾ ਤਿਆਗ ਕੇ, ਧਰਮੀ ਨਹੀਂ ਬਣਦਾ, ਉਤਨਾ ਚਿਰ ਸੰਸਾਰ ਹਉਮੈ, ਈਰਖਾ ਦਵੈਸ਼ ਤੇ ਤ੍ਰਿਸ਼ਨਾ ਦੀ ਅੱਗ ਵਿਚ ਦਗਧ ਹੁੰਦਾ ਰਹੇਗਾ। ਸਮਾਜਵਾਦ, ਸਾਂਝੀਵਾਲਤਾ ਤੇ ਮਾਨਵ-ਸਮਾਨਤਾ ਆਦਿ ਦੀਆਂ ਮਹਜ਼ ਡੀਂਗਾਂ ਹੀ ਹਾਂਕੀਆਂ ਜਾਣਗੀਆਂ। ਹਾਂ, ਇਨ੍ਹਾਂ ਹਨੇਰੀਆਂ ਤੇ ਕਾਲੀਆਂ ਬੋਲੀਆਂ ਘੱਟਾਂ ਵਿਚ ਜੇ ਕੋਈ ਰੋਸ਼ਨੀ ਦੀ ਕਿਰਨ ਹੈ, ਤਾਂ ਉਹ ਹੈ, ਸੱਚੇ ਸਾਂਝੀਵਾਲ ਬਣ ਕੇ, ਗੁਰਮਤਿ ਦੇ ਸੱਚ ਤੇ ਮੋਢੀ ਬਾਬੇ ਦੇ ਸਾਂਝੇ ਗਾਡੀ-ਰਾਹ ਤੁਰਨ ਦੀ। ਆਓ, ਅਗਲੇ ਪ੍ਰਕਰਨ ਵਿਚੋਂ ਐਸੀ ਸਾਂਝ ਦੀਆਂ ਕਝ ਹੋਰ ਰਿਸ਼ਮਾਂ ਦੀ ਭਾਲ ਕਰੀਏ:

3. ਗੁਰੂ ਦੀ ਸਾਂਝ:—ਜਦ ਰੱਬੀ ਸ਼ਾਇਰ ਤੇ ਖਸਮ ਦੇ ਢਾਢੀ, ਗੁਰੂ ਨਾਨਕ

ਜੀ ਦਾ ਮਾਲਿਕ ਸਭ ਦਾ ਸਾਂਝਾ ਹੈ, ਪ੍ਰਤਿਪਾਲਕ ਹੈ, ਤਾਂ ਉਸਦਾ ਬੰਦਾ, ਨਾਨਕ, ਅਥਵਾ ਗੁਰੂ ਇਕ ਸਮਾਨ ਸਾਂਝਾ ਕਿਉਂ ਨ ਹੋਇਆ, ? ਲੁਤਫ ਇਹ ਹੈ ਕਿ ਦਾਅਵੇ, ਸੰਪ੍ਰਦਾਇਕਤਾ ਤੇ ਸੰਕੀਰਣਤਾ ਤੋਂ ਬਹੁਤ ਬਾਲਾਤਰ ਵਿਚਰਨ ਵਾਲੇ ਗੁਰੂ ਨਾਨਕ ਜੀ ਜਦ ਆਦਿ ਵਿਚ ਹੀ ਮੂਲ-ਮੰਤਰ (ਮੰਗਲ) ਦੀ ਰਚਨਾ ਕਰਦੇ ਹਨ ਤਾਂ ਉਸ ਦੇ ਅੰਤ ਵਿਚ 'ਨਾਨਕ ਪ੍ਰਸਾਦਿ', ਨਹੀਂ ਸਗੋਂ, 'ਗੁਰ ਪ੍ਰਸਾਦਿ' ਅੰਕਿਤ ਕਰਨ ਦਾ ਦੂਰ-ਰੱਸ ਕਮਾਲ ਕਰਦੇ ਹਨ। ਇਹੀ ਨਹੀਂ, ਅੱਗੇ ਜਾ ਕੇ, ਐਸੇ ਦਾਅਵੇ-ਰਹਿਤ ਸਾਂਝੇ ਸਤਿਗੁਰੂ ਦੀ ਪਰਿਭਾਸ਼ਾ ਕਰਨ ਵੇਲੇ ਇਸ ਤੱਥ ਬਾਰੇ ਭੋਰਾ ਭਰ ਭੁਲੇਖਾ ਨਹੀਂ ਰਹਿਣ ਦਿੰਦੇ। ਫੁਰਮਾਨ ਹੈ :

ੳ) 'ਨਾਨਕ ਸਤਿਗੁਰੁ ਐਸਾ ਜਾਣੀਐ, ਜੋ ਸਭਸੈ ਲਏ ਮਿਲਾਇ ਜੀਉ ॥

(ਮ. 1, ਪੰ. 72)

(ਸਭ ਨੂੰ ਮਿਲਾ ਲੈਣ ਦਾ ਨਾਂ ਹੀ ਤਾਂ ਸਹੀ 'ਸਾਂਝੀਵਾਲਤਾ' ਹੈ)

ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਸਲੋਕ ਵਾਰਾਂ ਤੋਂ ਵਧੀਕ ਵਿਚ ਜਦ ਸਰਬ-ਸਾਂਝੇ ਗੁਰੂ ਦੇ ਗੁਣਾਂ ਦੀ ਗਲ ਕਰਦੇ ਹਨ ਤਾਂ ਉਸਦੇ ਇਸ ਗੁਣ ਦਾ ਵੀ ਜ਼ਿਕਰ ਕਰਦੇ ਹਨ ਕਿ ਉਹ ਨਿਰਵੈਰੁ ਤੇ ਸਭ ਨੂੰ ਸਮਾਨ ਜਾਨਣ ਵਾਲਾ ਹੈ। ਆਪ ਜੀ ਅਨੁਸਾਰ ਉਸਦੇ ਸਰਬ ਕਾਲੀ ਤੇ ਸਰਬ-ਦੇਸੀ ਰਤਨੀ ਗੁਣਾਂ ਦਾ ਅਦੁੱਤੀ ਬਿਉਰਾ ਇਸ ਪ੍ਰਕਾਰ ਹੈ :

'ਵਾਹੁ ਵਾਹੁ ਸਤਿਗੁਰੂ ਪੁਰਖੁ ਹੈ, ਜਿਨਿ ਸਚੁ ਜਾਤਾ ਸੋਇ ॥
ਜਿਤੁ ਮਿਲਿਐ ਤਿਖ ਉਤਰੈ, ਤਨੁ ਮਨੁ ਸੀਤਲ ਹੋਇ ॥
ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ, ਜਿਸ ਨੂੰ ਸਮਤੁ ਸਭ ਕੋਇ ॥
ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ, ਜਿਸੁ ਨਿੰਦਾ ਉਸਤਤਿ ਤੁਲਿ ਹੋਇ ॥
ਵਾਹੁ ਵਾਹੁ ਸਤਿਗੁਰੁ ਸੁਜਾਣ ਹੈ, ਜਿਸੁ ਅੰਤਰਿ ਬ੍ਰਹਮੁ, ਵੀਚਾਰੁ ॥
ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ, ਜਿਸੁ ਅੰਤੁ ਨ ਪਾਰਾਵਾਰੁ ॥
ਵਾਹੁ ਵਾਹੁ ਸਤਿਗੁਰੂ ਹੈ, ਜਿ ਸਚੁ ਦ੍ਰਿੜਾਏ ਸੋਇ ॥
ਨਾਨਕ, ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪ੍ਰਾਪਤਿ ਹੋਇ ॥ (ਪੰ. 1421)

ਗੁਰਮਤਿ ਵਿਚ 'ਗੁਰੂ' ਉੱਨਾ ਹੀ ਸਭ ਦਾ ਸਾਂਝਾ ਹੈ ਜਿਤਨਾ ਉਸਦਾ 'ਨਿਰਭਉ' ਤੇ 'ਨਿਰਵੈਰੁ' ਨਿਰੰਕਾਰੁ। ਉਸਨੂੰ ਸਭ, 'ਸਮਤੁ' (ਸਮਾਨ) ਸਾਂਝੇ ਹਨ। ਉਸ ਦੀ ਅਪੱਣਤ ਤੇ ਮਿਹਰ ਦਾ ਮੀਂਹ ਸਭ ਤੇ ਇਕ ਸਮਾਨ ਵਰ੍ਹਦਾ ਹੈ। ਨਿਸਚੇ, ਸੱਚੀ ਤੇ ਸਦੀਵੀ ਸਾਂਝੀਵਾਲਤਾ ਦੀ ਅਬਦੀ ਬੁਨਿਆਦ ਲਈ ਸਤਿਗੁਰੂ ਜੀ ਤਾਂ ਇਸ ਦਾਅਵੇ ਤੋਂ ਵੀ ਦਸਤ-ਬਰਦਾਰ ਹੁੰਦਾ ਹੈ ਕਿ ਪ੍ਰਭੂ ਦੀ ਸਾਰੀ ਸਰਦਾਰੀ, ਖੁਦਾਈ ਤੇ ਸਾਹਿਬੀ ਕੇਵਲ ਗੁਰੂ ਨਾਨਕ ਦਰ ਘਰ ਦੇ ਹੀ ਹਿੱਸੇ ਆਈ ਹੈ। ਜਿਸ ਨੇ ਵੀ, ਜਦ ਵੀ, 'ਸਤਿਪੁਰਖ' ਨੂੰ ਜਾਣਿਆ ਹੈ, ਉਹੀ ਸਤਿਗੁਰੂ ਹੈ। ਏਸੇ ਕਾਰਨ ਹੀ ਗੁਰੂ ਨਾਨਕ ਦੀ 'ਵੱਡੀ ਵਡਿਆਈ' ਹੈ। ਗੁਰਬਾਣੀ ਦੇ ਇਹ ਦੋ, ਤਿੰਨ ਪ੍ਰਮਾਣ ਹੀ ਇਸ ਸੱਚ ਨੂੰ ਸਪਸ਼ਟ ਕਰਨ ਲਈ ਕਾਫੀ ਹਨ, ਮਣਾਂ ਮੂੰਹੀ ਪ੍ਰਮਾਣਾਂ ਤੋਂ ਕੋਟ ਗੁਣਾਂ ਸ੍ਰੇਸ਼ਟਤਮ :

ੳ) ਸੋ ਸਤਿਗੁਰੁ, ਜਿਸੁ ਰਿਦੈ ਹਰਿ ਨਾਉ ॥ (ਮ: 5, ਸੁਖਮਨੀ ਸਾਹਿਬ)

ਅ) ਸਤਿਪੁਰਖੁ ਜਿਨਿ ਜਾਨਿਆ, ਸਤਿਗੁਰੁ ਤਿਸ ਕਾ ਨਾਉ ॥
ਤਿਸ ਕੇ ਸੰਗਿ ਸਿਖ ਉਧਰੈ, ਨਾਨਕ, ਹਰਿ ਗੁਨ ਗਾਉ । (ਸੁਖਮਨੀ, ਅਸ਼ਟ: 8)

ੲ) ਜਗਤੁ ਜਲੰਦਾ ਰਖਿ ਲੈ, ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ, ਤਿਤੈ ਲੇਹੁ ਉਬਾਰਿ ॥ . (ਮ: 3, ਪੰ: 853)

ਵਾਹ ! ਕੈਸੀ ਨਿਮ੍ਰਤਾ-ਭਰਪੂਰ ਤੇ ਹੰਗਤਾ-ਰਹਿਤ ਵਿਸ਼ਾਲਤਾ ਤੇ ਉਦਾਰਤਾ ਹੈ : ਗੁਰਮਤਿ-ਵੀਚਾਰਧਾਰਾ ਦੀ। ਸਾਂਝੀਵਾਲਤਾ ਓਦੋਂ ਟੁੱਟਦੀ ਤੇ ਪਾਸ਼ ਪਾਸ਼ ਹੁੰਦੀ ਹੈ, ਜਦੋਂ ਕੋਈ ਰਹਬਰ, ਪ੍ਰਭੂ ਦੀ ਇਕਾਈ ਨੂੰ ਭੁੱਲ ਕੇ, ਇਹ ਦਾਅਵਾ ਕਰਦਾ ਹੈ ਕਿ ਲੋਕਾਈ ਦੀ ਨਜਾਤ ਕੇਵਲ ਮੇਰੇ ਦਸੇ ਮਾਰਗ ਉਤੇ ਤੁਰਿਆਂ ਹੀ ਹੋ ਸਕਦੀ ਹੈ। ਮੈਂ ਹੀ ਰੱਬ, ਰੱਬ ਦਾ ਵਾਹਿਦ ਰਸੂਲ ਜਾਂ ਬੇਟਾ ਹਾਂ। ਜੋ ਮੇਰੀ ਜਾਤ ਉਤੇ ਈਮਾਨ ਨਹੀਂ ਰਖਦੇ, ਉਹ ਕਾਫਰ ਹਨ ਅਤੇ ਉਨ੍ਹਾਂ ਦਾ ਖਾਤਮਾ ਕਰਨ ਵਿਚ ਹੀ ਨੇਕੀਆਂ ਤੇ ਸੁਰਗ ਦੀਆਂ ਮੁਰਾਦਾਂ ਪ੍ਰਾਪਤ ਹੋ ਸਕਦੀਆਂ ਹਨ। ਪ੍ਰੰਤੂ, ਗੁਰਮਤਿ ਦਾ ਨਜ਼ਰੀਆ ਹੈ ਕਿ ਸੰਸਾਰ ਦੀ ਕਲਿਆਨ ਦੀ ਜ਼ਾਮਨ ਤਾਂ ਉਹੀ ਸਾਂਝੀਵਾਲਤਾ ਅਥਵਾ ਸ਼ਿਰਕਤ ਹੋ ਸਕਦੀ ਹੈ ਜੋ 'ਸਹਿਵਾਸ', 'ਭਾਵਕ ਏਕਤਾ', 'ਰਵਾਦਰੀ' ਅਤੇ 'ਸਰਬਤ ਦੇ ਭਲੇ' ਵਿਚ ਮੁਹਕਮ ਯਕੀਨ ਤੇ ਈਮਾਨ ਰਖਦੀ ਹੋਵੇ। ਗੁਰਮਤਿ ਇਨ੍ਹਾਂ ਗੁਣਾਂ ਨਾਲ ਮਾਲਾ ਮਾਲ ਹੀ ਨਹੀਂ; ਸਗੋਂ, ਇਹ ਸਿਫਤਾਂ ਹੀ ਤਾਂ ਇਸ ਦੇ ਮਹਲ ਦੀ ਬੁਨਿਆਦ ਹਨ, ਚੂਲ ਹਨ।

ਜਦ ਗੁਰੂ ਅਰਜੁਨ ਦੇਵ ਜੀ ਨੂੰ 'ਸਭ ਤੋਂ ਵਡਾ ਸਤਿਗੁਰੂ ਨਾਨਕੁ......' ਦੇ ਸੱਚ ਦੀ ਗੌਰਵਤਾ ਦੀ ਗਲ ਕਰਦੇ ਹਨ ਤਾਂ ਇਹ ਕੋਈ ਅਤਿ ਕਥਨੀ ਹੈ। ਪਰ, ਇਹ ਰੁਤਬਾ ਆਦਿ ਸਤਿਗੁਰੂ ਜੀ 'ਸਚ ਦੀ ਬਾਣੀ' ਆਖਣ, ਧੁਰ ਦਰਗਾਹੋਂ 'ਨਾਮ' ਤੇ 'ਨਿਮ੍ਰਤਾ' ਦੀ ਦਾਤ ਪ੍ਰਾਪਤ ਕਰਨ ਅਤੇ ਸਭ ਦੇ ਸਾਂਝੇ ਤੇ ਸਭ ਲਈ ਸਮਾਨ ਦਰਦ ਹੰਢਾਉਣ ਤੇ ਭਲਾ ਲੋਚਣ ਦੇ ਕਾਰਨ ਹੈ। ਵੈਸੇ ਆਪਣੇ ਤੌਰ ਉਤੇ ਤਾਂ ਉਹ ਆਪਣੀ ਹਉਮੈਂ-ਰਹਿਤ ਬਿਰਤੀ ਦਾ ਪ੍ਰਗਟਾਵਾ ਥਾਂ ਬਰ ਥਾਂ ਇਉਂ ਕਰਦੇ ਹਨ—ਅਤੇ ਇਹੀ ਹੈ, ਉਨ੍ਹਾਂ ਦੀ ਸਰਬ ਸੁਖਦਾਈ ਸਾਂਝੀਵਾਲਤਾ ਤੇ ਵਡਿਆਈ ਦਾ ਰਾਜ਼।

ੳ) ਨਾਨਕੁ ਨੀਚੁ ਕਹੈ ਬੀਚਾਰੁ। (ਜਪੁ ਜੀ)

ਅ) ਹਉ ਢਾਢੀ ਕਾ ਨੀਚ ਜਾਤਿ, ਹੋਰਿ ਉਤਮ ਜਾਤਿ ਸਦਾਇਦੇ ॥
(ਵਾਰ ਆਸਾ, ਪੰ: 9)

ੲ) ਨਾਨਕੁ ਵੇਚਾਰਾ ਕਿਆ ਕਹੈ, ਸਭੁ ਲੋਕੁ ਸਲਾਹੇ ਏਕਸੈ ॥
ਸਿਰੁ ਨਾਨਕ, ਲੋਕਾ ਪਾਵ ਹੈ, ਬਲਹਾਰੀ ਜਾਉ ਜੇਤੇ ਤੇਰੇ ਨਾਵ ਹੈ।
(ਬਸੰਤ, ਪੰ: 1168)

ਸ) ਬਦਬਖਤ ਹਮਚੁ ਬਖੀਲ ਗਾਫਿਲ, ਬੇ ਨਜ਼ਰ ਬੇਬਾਕ ॥
ਨਾਨਕੁ ਬਗੋਯਤ ਜਨੁ ਤੁਰਾ, ਤੇਰੇ ਚਾਕਰਾਂ ਪਾਖਾਕ ॥
(ਤਿਲੰਗ ਮ: ਪਹਿਲਾ, ਪੰ 720)

ਹ) ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ।
ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ। (ਪੰ: 15)

ਹਾਂ ਜੀ, ਸੱਚੀ ਸਾਂਝੀਵਾਲਤਾ ਤਾਂ ਐਸੀ ਨਿਮ੍ਰਤਾ ਦੇ ਧਾਰਨੀ ਹੋਇਆਂ ਹੀ ਸੰਭਵ ਹੈ, ਹਉਮੈਂ-ਗ੍ਰਸਤ ਅਥਵਾ ਖ਼ੁਦ-ਪਸੰਦੀ ਤੇ ਖ਼ੁਦ-ਨੁਮਾਈ ਧਾਰਿਆਂ ਨਹੀਂ। ਭਾਈ ਨੰਦ ਲਾਲ ਜੀ ਦੇ ਕਥਨ ਅਨੁਸਾਰ ਖ਼ੁਦ-ਨੁਮਾਈ (ਹਉਮੈਂ, ਹੰਕਾਰ) ਤੋਂ ਤਾਂ ਰੱਬ ਵੀ ਦੂਰ ਭਜਦਾ ਹੈ, ਬੰਦੇ ਦੀ ਤਾਂ ਗਲ ਹੀ ਛੱਡੋ :

"ਈਂ ਖ਼ੁਦ-ਨੁਮਾਈਏ ਤੋ, ਖ਼ੁਦਾ ਹਸਤ ਦੂਰ ਤਰ।
ਬੀਨੀ ਦਰੂਨਿ ਖੇਸ਼, ਵ ਸ਼ਵੀ ਅਜ਼ ਖ਼ੁਦੀ ਖ਼ਲਾਸ।

(ਹਉਮੈ, ਮੈਂ ਮੇਰੀ, ਤੋਂ ਰਬ ਵੀ ਦੂਰ ਤੋਂ ਦੂਰ ਹੋ ਜਾਂਦਾ ਹੈ। ਇਸ ਲਈ ਮੰਨ ਅੰਦਰ ਝਾਤੀ ਮਾਰ ਤੇ ਖ਼ੁਦੀ ਤੇ ਮਾਨ ਅਭਿਮਾਨ ਤੋਂ ਪਾਕ ਸਾਫ਼ ਹੋ ਜਾ)

ਹਾਂ, ਮਜ਼ਹਬ, ਮੱਤ ਸੰਪ੍ਰਦਾਇ ਨੂੰ, ਸਾਰਾ ਸਚੁ ਜਾਂ ਨਾਮੁ-ਧਰਮੁ ਤਾਂ ਨਹੀਂ ਆਖਿਆ ਜਾ ਸਕਦਾ, ਪਰ, ਹਰੇਕ ਮਜ਼ਹਬ, ਮੱਤ ਆਦਿ ਵਿਚ ਵੀ ਘੱਟ ਵੱਧ ਧਰਮ ਦੀ ਅੰਸ਼ ਹੁੰਦੀ ਹੈ। ਏਸੇ ਤਰ੍ਹਾਂ, ਜਦ ਰੱਬੀ ਸਾਂਝੀਵਾਲਤਾ ਦੀ ਗਲ ਤੁਰਦੀ ਹੈ ਤਾਂ ਇਹ ਸਵੀਕਾਰਨਾ ਹੀ ਪੈਂਦਾ ਹੈ ਕਿ ਸਮੇਂ ਸਮੇਂ ਜੋ ਜੋ ਪੀਰ ਪੈਗੰਬਰ ਅਵਤਾਰ ਤੇ ਔਲੀਏ ਸੰਸਾਰ ਵਿਚ ਆਏ, ਉਨ੍ਹਾਂ ਦੇਸ਼ ਤੇ ਕਾਲ-ਵੱਸ ਅਤੇ ਵਿੱਤ ਤੇ ਪਹੁੰਚ ਅਨੁਸਾਰ ਆਪਣੇ ਪੈਰੋਕਾਰਾਂ ਨੂੰ ਉਚਿਆਉਣ ਦਾ ਜਤਨ ਅਵੱਸ਼ ਕੀਤਾ ਹੈ; ਪਰ, ਉਨ੍ਹਾਂ ਦੀ ਅਧਿਆਤਮਕ ਪਰਵਾਜ਼, ਰੱਬੀ-ਇਕਸੁਰਤਾ ਅਤੇ ਉਪਦੇਸ਼ ਦੀ ਡੂੰਘਾਈ ਤੇ ਅਮਰਤਾ, ਸਭ ਲੋਕਾਈ ਲਈ ਇਕ ਸਮਾਨ ਸਦਾ ਵਾਸਤੇ ਰਹਨੁਮਾਈ ਕਰਨ ਯੋਗ ਸੀ, ਮਨੁੱਖ ਨਾਲ ਜੋੜਨ ਅਥਵਾ ਸਾਂਝੀਵਾਲ ਬਣਾਉਣ ਯੋਗ ਸੀ, ਇਹ ਦਾਅਵਾ ਕਰਨਾ ਦਰੁਸਤ ਨਹੀਂ। ਇਸ ਸੱਚ ਨੂੰ ਇਕ ਸੂਝਵਾਨ ਤੇ ਹਕ-ਗੋ ਸ਼ਾਇਰ, ਥੋੜ ਵਿਚ, ਇਉਂ ਸਪਸ਼ਟ ਕਰਦਾ ਹੈ :—

'ਤੂਰ ਪਰ ਕੋਈ, ਕੋਈ ਅਰਸ਼ਿ ਬਰੀਂ ਪਰ ਪਹੁੰਚਾ।
ਜਹਾਂ ਤੱਕ ਜਿਸ ਕੀ ਪਰਵਾਜ਼ ਥੀ, ਵੁਹ ਵਹੀਂ ਤਕ ਪਹੁੰਚਾ।

(ਨੋਟ—ਏਥੇ ਇਕ ਤਾਂ 'ਹਜ਼ਰਤ ਮੂਸਾ' ਵਲ ਇਸ਼ਾਰਾ ਹੈ ਜੋ ਤੂਰ ਪਰਬਤ ਉਤੇ ਰੱਬ ਨਾਲ ਗੱਲਾਂ ਕਰਦਾ ਦਸਿਆ ਜਾਂਦਾ ਹੈ ਅਤੇ ਦੂਜਾ ਇਸਲਾਮ ਵਲ, ਜੋ ਰੱਬ ਨੂੰ ਇਕ ਸ਼ਖ਼ਸੀ ਖ਼ੁਦਾ (Personal Gdo) ਮੰਨ ਕੇ, ਸਤਵੇਂ ਅਕਾਸ਼ (ਤਬਕ) ਉਤੇ ਬਿਰਾਜਮਾਨ ਮੰਨਦਾ ਹੈ ਅਤੇ ਕਰੂਬੀਆਂ (ਫਰਿਸ਼ਤਿਆਂ) ਨੂੰ ਗਿਰਦ ਫਿਰ ਕੇ ਉਸਦੀ ਹਮਦੋ ਸਨਾਅ (ਸਿਫਤ ਸਲਾਹ) ਕਰਦੇ ਦਸਦਾ ਹੈ।

ਹਜ਼ਰਤ ਮੁਹੰਮਦ ਸਾਹਿਬ ਬੇਸ਼ਕ 'ਇਕ ਅਲਾਹ' (ਵਾਹਦਾਨੀਅਤ) ਦੀ ਗਲ ਜ਼ਰੂਰ ਕਰਦੇ, ਪਰ ਨਾਲ ਹੀ ਇਹ ਸ਼ਰਤ ਵੀ ਲਾ ਦਿੰਦੇ ਹਨ ਕਿ ਉਸ 'ਅਲਾਹ' ਤਕ ਰਸਾਈ (ਪਹੁੰਚ) ਕਰਾਉਣਾ, ਕੇਵਲ ਉਸਦੇ ਰਸੂਲ—ਹਜ਼ਰਤ ਮੁਹੰਮਦ ਦੇ ਹਿੱਸੇ ਹੀ ਆਇਆ ਹੈ। ਨਾਲ ਹੀ ਉਨ੍ਹਾਂ ਦੇ ਪੈਰੋਕਾਰ ਮੋਮਨਾਂ ਨੂੰ ਮੰਨਣਾ ਪਵੇਗਾ ਕਿ ਹਜ਼ਰਤ

ਮੁਹੰਮਦ ਸਾਹਿਬ ਆਖਰੀ ਨਬੀ ਹਨ ਅਤੇ 'ਕੁਰਾਨ ਸਰੀਫ' ਆਖਰੀ ਪਾਕ ਕਿਤਾਬ ਹੈ। ਭਾਵ :ਹਜ਼ਰਤ ਤੋਂ ਬਾਅਦ ਕੋਈ ਗੁਰੂ, ਪੀਰ ਪੈਗੰਬਰ ਨਹੀਂ ਹੋ ਸਕਦਾ, ਅਤੇ 'ਕੁਰਾਨ' ਤੋਂ ਬਗੈਰ ਕੋਈ ਧਰਮ ਪੁਸਤਕ। ਹੋਰ, ਬਹਿਸ਼ਤ ਤੇ ਹੂਰਾਂ ਆਦਿ ਉਸ ਨੂੰ ਹੀ ਨਸੀਬ ਹੋਣਗੀਆਂ ਜੋ ਕਲਮਾਂ ਨਮਾਜ਼, ਜ਼ਕਾਤ ਤੇ ਜਹਾਦ (ਮਜ਼ਹਬੀ ਜੰਗ) ਅਤੇ ਸ਼ਰਾਹ ਦੀ ਪਾਬੰਦੀ ਵਿਚ ਪਵੇਗਾ, ਪ੍ਰੰਤੂ, ਹੋਰ ਤਾਂ ਹੋਰ, ਅਲਾਮਾ ਇਕਬਾਲ ਵਰਗਾ ਮਹਾਨ ਫਿਲਾਸਫਰ ਮੁਸਲਮਾਨ ਹੀ ਇਸ ਦਾ ਵਿਰੋਧ ਕਰਦਾ ਲਿਖਦਾ ਹੈ :

'ਬਹਿਸ਼ਤੋ ਹੂਰੋ, ਗਿਲਮਾਂ, ਇਵਜ਼ਿ ਤਾਇਤ ਮੈਂ ਨ ਮਾਨੂੰਗਾ।
ਇਨਹੀ ਬਾਤੋਂ ਸੇ, ਐ ਜ਼ਾਹਿਦ ! ਜ਼ਈਫ ਈਮਾਨ ਹੋਤਾ ਹੈ।

(ਭਾਵ—ਹੇ ਸ਼ਰੱਈ ਮੁਸਲਮਾਨ ! ਮੈਂ ਹਜ਼ਰਤਾਂ ਦੀ ਤਾਬੇਦਾਰੀ ਇਸ ਲਈ ਕਰਨਾ ਨਹੀਂ ਮੰਨਾਂਗਾ ਕਿ ਮੈਨੂੰ ਇਸ ਬਦਲੇ ਬਹਿਸ਼ਤ, ਹੂਰਾਂ ਤੇ ਲੌਂਡੇ ਮਿਲਣਗੇ। ਇਨ੍ਹਾਂ ਗੱਲਾਂ (ਵਾਅਦਿਆਂ) ਨਾਲ ਤਾਂ ਈਮਾਨ ਹੀ ਕਮਜ਼ੋਰ (ਪਤਲਾ) ਪੈ ਜਾਂਦਾ ਹੈ।)

ਸ੍ਰੀ ਗੁਰੂ ਨਾਨਕ ਦੇਵ ਜੀ, ਇਸਲਾਮ ਦੀ ਸ਼ਰ੍ਹਾ ਦੀ ਇਸ ਪਾਬੰਦੀ ਦੀ ਗਲ ਇਉਂ ਕਰਦੇ ਹਨ :—

'ਮੁਸਲਮਾਨਾ ਸਿਫਤਿ ਸਰੀਅਤ, ਪੜਿ ਪੜਿ ਕਰਹਿ ਵੀਚਾਰੁ।
ਬੰਦੇ ਸੇ ਜਿ ਪਵਹਿ ਵਿਚਿ 'ਬੰਦੀ' ਵੇਖਣ ਕਉ ਦੀਦਾਰੁ। (ਵਾਰ ਆਸਾ)

ਜਦ ਸੰਸਾਰ ਦੇ ਸਭ ਤੋਂ ਵੱਡੀ ਗਿਣਤੀ ਵਾਲੇ ਮੱਤ ਦੇ ਬਾਨੀ (ਹਜ਼ਰਤ ਈਸਾ) ਦੀ ਗਲ ਛਿੜਦੀ ਹੈ, ਤਾਂ ਵੇਖਦੇ ਹਾਂ ਕਿ ਉਨ੍ਹਾਂ ਨੇ 'ਸਗਲ ਜਮਾਤੀ' ਹੋਣ ਦੀ ਥਾਂ, ਕੇਵਲ ਉਨ੍ਹਾਂ ਇਸਰਾਈਲੀਆਂ ਦੇ ਗੁਨਾਹ ਆਪਣੇ ਮੋਢਿਆਂ ਉਤੇ ਚੁੱਕਣ ਦਾ ਵਾਅਦਾ ਕੀਤਾ ਹੈ ਜੋ ਕੇਵਲ ਉਨ੍ਹਾਂ ਨੂੰ ਹੀ ਰੱਬ ਦਾ ਇੱਕੋ ਇੱਕ ਬੇਗੁਨਾਹ ਬੇਟਾ ਪ੍ਰਵਾਨ ਕਰਨਗੇ। ਬਨੀ ਇਸਰਾਈਲੀਆਂ ਲਈ ਰੱਖੀ ਹੋਈ ਰਾਖਵੀਂ ਬਖਸ਼ਿਸ਼ ਗੈਰ-ਇਸਰਾਈਲੀਆਂ ਉੱਤੇ ਨਸ਼ਾਵਰ ਕਰਨ ਨੂੰ, ਉਨ੍ਹਾਂ ਨੇ ਸੂਰਾਂ ਅੱਗੇ ਮੋਤੀ ਪਾਉਣ ਤੁਲ ਦਸਿਆ ਹੈ। ਸੋ, ਏਥੇ ਵੀ ਸਿੱਖ ਗੁਰੂ ਸਾਹਿਬਾਨ ਦੀ ਸਰਬਤ ਦੇ ਭਲੇ 'ਜਿਤੁ ਦੁਆਰੈ ਉਬਰੈ, ਤਿਤੈ ਲੇਹੁ ਉਬਾਰਿ।' ਵਾਲੀ ਗੁਣ-ਆਤਮਕ ਸਾਂਝ ਤੇ ਸਮਾਨਤਾ ਦਾ ਅਭਾਵ ਹੈ। ਸਾਡੀ, ਉਪ੍ਰੋਕਤ ਕੁਝ ਤੱਥ ਦ੍ਰਿਸ਼ਟੀ ਗੋਚਰ ਕਰਨ ਤੋਂ, ਸਤਿਕਾਰ ਸਹਿਤ ਮੁਰਾਦ ਇਹ ਹੈ ਕਿ ਐਸੀ ਸੌੜੀ ਸੰਕੀਰਨ ਤੇ ਪਾਬੰਦੀਆਂ ਵਾਲੀ ਸੋਚ ਦੇ ਵੀਰਾਨੇ ਵਿਚ ਦਿਲੀ ਸਾਂਝੀਵਾਲਤਾ ਦੀ ਫੁਲਵਾੜੀ ਕਿਵੇਂ ਲਹਿਰਾ ਤੇ ਮਹਿਕ ਸਕਦੀ ਹੈ ?

ਹਿੰਦੂ ਸਮਾਜ ਵਿਚ ਜੀਵਨ ਦੇ ਕਿਸੇ ਪੜਾਅ ਉੱਤੇ ਵੀ, ਸਮਾਨਤਾ ਤੇ ਸਾਂਝੀ-ਵਾਲਤਾ ਦੇ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਨ੍ਹਾਂ ਦੇ ਇਸ਼ਟ, ਮੰਦਰ, ਪੂਜਾ ਢੰਗ ਯਗੋਯ ਪਵੀਤ (ਤੱਗ) ਖਾਣ, ਪੀਣ, ਪਹਿਨਣ ਤੇ ਜ਼ਾਤ ਪਾਤ ਆਦਿ ਸਭ ਕੁਝ ਵਖਰਾ ਵਖਰਾ ਹੈ। ਅਖੌਤੀ ਸੂਦਰਾਂ, ਅਛੂਤਾਂ ਤੇ ਹੋਰ ਜਾਤੀਆਂ ਨਾਲ ਮੱਨੂੰ ਸਿਮ੍ਰਿਤੀ ਦੇ ਆਧਾਰ ਉਤੇ ਕੀਤੇ ਜਾਂਦੇ ਦੁਰ ਵਿਹਾਰ ਦੀ ਤਾਂ ਗਲ ਹੀ ਛੱਡੋ; ਉਦਾਹਰਣ ਵਜੋਂ : ਜੈਨੀਆਂ ਤੇ ਹਿੰਦੂਆਂ ਦਾ ਇਕ ਦੂਜੇ ਦੇ ਮੰਦਰ ਵਿਚ, ਖਤਰੇ ਦੀ ਸੂਰਤ ਵਿਚ ਦਾਖਲ ਹੋਣ ਬਾਰੇ ਜੋ

ਮੁਮਾਨਤ, ਸ੍ਰੀ ਰਜਨੀਸ਼ ਨੇ 'ਆਤਮ-ਪੂਜਾ ਉਪਨਿਸ਼ਦ, ਪੰਨਾ 71, ਦੇ ਇਸ਼ਾਰ ਮਾਤ੍ਰ ਦਸੀ ਹੈ ਉਹ ਵਾਚ ਕੇ ਦਿਲ ਕੰਬ ਉਠਦਾ ਹੈ ਅਤੇ ਭਾਈ ਵੀਰ ਸਿੰਘ ਜੀ ਦੀ ਇਹ ਗਵਾਹੀ ਚੇਤੇ ਆ ਜਾਂਦੀ ਹੈ : ਹਾਏ ਹਿੰਦ ! ਫਲ ਫਾੜੀਆਂ ਵਾਲੇ ਹਰ ਸਿਲ ਕਹਿੰਦੀ ਰੋਈ

**4. ਬਾਣੀ ਦੀ ਸਾਂਝ :**

ਗੁਰਮਤਿ ਵਿਚ ਸਾਂਝੀਵਾਲਤਾ ਦਾ ਸਭ ਤੋਂ ਸ਼੍ਰੇਸ਼ਟ' ਮੁਹਕਮ, ਅਦੁੱਤੀ ਤੇ ਕਾਇਮੀ ਨੀਂਹ-ਪੱਥਰ ਹੈ : ਸਤਿਗੁਰੂਆਂ ਤੇ ਭਗਤਾਂ ਆਦਿ ਦਾ ਸਾਰ ਬਚਨ ਅਤੇ ਧੁਰ ਕੀ ਬਾਣੀ ਦੇ ਸੰਗ੍ਰਹਿ ਦੀ ਸਾਂਝ, ਜੋ ਜੁੱਗੋ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ ਹਾਜ਼ਰ ਨਾਜ਼ਰ ਵਿਦਮਾਨ ਹੈ। ਇਹ ਸੰਸਾਰ ਦੇ ਸਮੂਹ ਧਰਮ-ਗ੍ਰੰਥਾਂ ਵਿਚੋਂ ਬੇ-ਨਜ਼ੀਰ ਤੇ ਬੇ-ਮਿਸਾਲ ਹੈ ਅਤੇ ਸਾਂਝੀਵਾਲਤਾ, ਸਹਿਵਾਸ ਤੇ ਭਾਵਕ-ਏਕਤਾ ਦਾ ਪ੍ਰਤੱਖ ਪ੍ਰਮਾਣ ਹੈ। ਕਿਵੇਂ ਤੇ ਕਿਉਂ ? ਆਓ ਸੰਖੇਪ ਸਰਵੇਖਣ ਕਰੀਏ :

ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਪ੍ਰਭੂ-ਇਕਸੁਰਤਾ ਵਿਚ ਸਤਿਗੁਰੂਆਂ ਤੇ ਭਗਤਾਂ ਆਦਿ ਦੇ ਹਿਰਦਿਆਂ ਤੋਂ ਸਫੁੱਟ ਉਪਜੀ ਬਾਣੀ ਹੈ। ਇਹ 'ਆਮਦ' ਉਤੇ ਪ੍ਰਗਟੀ ਹੈ 'ਆਵੁਰਦਨ' ਤੇ ਨਹੀਂ। ਖਸਮ ਦੀ ਬਾਣੀ ਹੈ। ਜਦ ਖਸਮ (ਪ੍ਰਭੂ) ਸਭ ਦਾ ਸਾਂਝਾ ਹੈ ਤਾਂ 'ਬਾਣੀ' ਵੀ ਕੁਦਰਤੀ ਤੌਰ ਉਤੇ ਸਭ ਦੀ ਸਾਂਝੀ ਹੋਈ। 'ਬਾਣੀ' ਦੇ ਰੱਬੀ ਹੋਣ ਦੀ ਗਵਾਹੀ ਗੁਰਦੇਵ, ਆਪ ਇਉਂ ਭਰਦੇ ਹਨ :

1 ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨ ਵੇ, ਲਾਲੋ।
(ਮ: ਪਹਿਲਾ, ਪੰ: 723)

2 ਸਚ ਕੀ ਬਾਣੀ ਨਾਨਕੁ ਆਖੈ, ਸਚੁ ਸੁਣਾਇਸੀ, ਸਚ ਕੀ ਬੇਲਾ ॥
(ਉਹੀ, ਪੰਨਾ 723)

3 ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥ (ਉਹੀ, ਪੰ. 566)

4 ਧੁਰ ਕੀ ਬਾਣੀ ਆਈ। ਤਿਨਿ ਸਗਲੀ ਚਿੰਤ ਮਿਟਾਈ। (ਮ: 5, ਪੰ: 628)

5 ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚ ਬਾਣੀ ਅੰਮ੍ਰਿਤ ਸਾਰੇ॥

6 ਹਉ ਆਪਹੁ ਬੋਲਿ ਨ ਜਾਣਦਾ, ਮੈ ਕਹਿਆ ਸਭੁ ਹੁਕਮਾਉ ਜੀਉ ॥
(ਉਹੀ, ਪੰ: 763)

7 ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ,
ਹਰਿ ਕਰਤਾ ਆਪਿ ਮੁਹਹੁ ਕਢਾਇ ॥ (ਮ: 4, ਪੰ: 303)

ਅ) 'ਧੁਰ ਕੀ ਬਾਣੀ' ਹੋਣ ਦੇ ਨਾਤੇ ਇਸ ਦੀ ਸਿਖਿਆ ਸਰਬ-ਕਾਲੀ ਤੇ ਸਰਬ-ਦੇਸੀ ਹੈ। ਇਹ ਸੱਚੇ ਸਿਧਾਂਤ ਦੀ ਗਲ ਕਰਦੀ ਹੈ ਅਤੇ ਸੱਚ ਨ ਕਦੀ ਪੁਰਾਣਾ ਹੁੰਦਾ, ਨ ਮੈਲਾ ਅਤੇ ਨ ਹੀ ਕਾਲ-ਅਧੀਨ ਹੈ। ਇਸ ਲਈ ਇਸ ਦੀ ਬਿਨਾਅ ਉੱਤੇ ਕਾਇਮ ਹੋਈ ਸਾਂਝੀਵਾਲਤਾ ਹੀ ਪੀਢੀ, ਪੱਕੀ ਤੇ ਸਦੀਵੀ ਹੋ ਸਕਦੀ ਹੈ।

ੲ) ਸੰਸਾਰ ਦੇ ਹੋਰਨਾਂ ਧਰਮ ਗ੍ਰੰਥਾਂ ਨਾਲੋਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਬ-ਸਾਂਝੀਵਾਲਤਾ ਦੀ ਬਿਹਤਰੀਨ ਵਿਲਖਣਤਾ ਇਹ ਹੈ ਕਿ ਇਸ ਵਿਚ ਗੁਰੂ

ਸਾਹਿਬਾਨ ਦੀ ਅੰਮ੍ਰਿਤ ਬਾਣੀ ਦੇ ਬਰਾਬਰ ਹੋਰਨਾਂ 30 ਭਗਤਾਂ ਤੇ ਭੱਟਾਂ ਆਦਿ ਦੀ ਪਵਿੱਤਰ ਰਚਨਾ ਵੀ ਸੁਭਾਇਮਾਨ ਹੈ। ਮਾਨਵਤਾ ਦੇ ਮੁਦੱਈ ਗੁਰੂ ਸਾਹਿਬਾਨ ਦੀ ਰਵਾਦਾਰੀ, ਭਾਵਕ ਏਕਤਾ ਤੇ ਸਹਿਵਾਸ ਦੇ ਖੇਤਰ ਵਿਚ ਅਤਿ ਸਫਲ ਤਜਰਬਾ ਹੈ। ਜੇ ਸਰਵ-ਨਾਸ਼ ਦੇ ਦਹਾਨੇ ਉਤੇ ਖਲੋਤੇ ਸੰਸਾਰ ਨੇ, ਐਟਮ ਬੰਬਾਂ ਦੀ ਤਬਾਹੀ ਤੇ ਸਰਵਨਾਸ ਤੋਂ ਬਚਣਾ ਹੈ ਤੇ ਮਿਲ ਜੁਲ ਕੇ ਪਿਆਰ ਭਰੀਆਂ ਸਾਂਝਾਂ ਦਾ ਜੀਵਨ ਗੁਜ਼ਾਰਨਾ ਹੈ, ਤਾਂ ਉਨ੍ਹਾਂ ਨੂੰ ਸਤਿਗੁਰੂ ਦੇ ਨਕਸ਼ਿਕਦਮ ਤੇ ਸਿਖਿਆ ਉਤੇ ਤੁਰਨਾ ਅਤੇ ਇਹ ਤਜਰਬਾ ਅਪਨਾਉਣਾ ਹੀ ਪਵੇਗਾ।

5. ਜਿਹਾ ਕਿ ਪਿਛੇ ਇਸ਼ਾਰਤਨ ਜ਼ਿਕਰ ਕੀਤਾ ਹੈ ਕਿ ਗੁਰਬਾਣੀ ਇਸ ਲਈ ਸਾਂਝੀਵਾਲਤਾ ਦੀ ਅਲਮ-ਬਰਦਾਰ ਹੈ ਕਿ ਇਹ ਮਨੁੱਖ ਦੇ ਅਧਿਆਤਮਕ, ਸਮਾਜਕ, ਆਰਥਕ ਤੇ ਰਾਜਨੀਤਕ ਖੇਤਰਾਂ ਵਿਚ ਅਤਿ ਲੋੜੀਂਦੇ ਸਾਂਝੇ ਮਨੁੱਖੀ ਸੁਭਾਵ ਤੇ ਸਿਧਾਂਤ ਦੀ ਗਲ ਕਰਦੀ ਹੈ; ਉਦਾਹਰਣ ਵਜੋਂ :

ੳ) ਮਿਠਤ ਨੀਵੀ ਨਾਨਕਾ, ਗੁਣ ਚੰਗਿਆਈਆਂ ਤਤੁ। (ਮ: ਪਹਿਲਾ, ਪੰ: 470)
ਅ) ਕੂੜੁ ਨਿਖੁਟੇ ਨਾਨਕਾ, ਓੜਕਿ ਸਚ ਰਹੀ ॥ (ਉਹੀ, ਰਾਮਕਲੀ ਦੀ ਵਾਰ)
ੲ) ਸੰਸਾਰੁ ਰੋਗੀ, ਨਾਮੁ ਦਾਰੂ, ਮੈਲ ਲਾਗੈ, ਸਚ ਬਿਨਾ ॥ (ਉਹੀ, ਪੰ: 687)
ਸ) ਨਾਨਕ ਦੁਖੀਆ ਸਭੁ ਸੰਸਾਰੁ ॥ (ਉਹੀ, ਪੰ: 951)
ਹ) ਪੜਿਆ ਮੂਰਖੁ ਆਖੀਐ, ਜਿਸੁ ਲਬੁ ਲੋਭੁ ਹੰਕਾਰਾ ॥ (ਉਹੀ, ਪੰ: 140)
ਕ) ਨਾਨਕ ਫਿਕੈ ਬੋਲਿਐ, ਤਨੁ ਮਨੁ ਫਿਕਾ ਹੋਇ ॥ (ਉਹੀ, ਪੰ: 473)
ਖ) ਨਾਨਕ ਜਿਨ ਮਨਿ ਭਉ, ਤਿਨਾ ਮਨਿ ਭਾਉ ॥ (ਉਹੀ, ਪੰ: 465)
ਗ) ਫਕੜ ਜਾਤੀ, ਫਕੜੁ ਨਾਉ ॥ ਸਭਨਾ ਜੀਆ ਇਕਾ ਛਾਉ ॥ (ਉਹੀ' ਪੰ: 83)
ਘ) ਨਾਮ ਬਿਨਾ ਕੈਸੇ ਆਚਾਰ ? (ਉਹੀ, ਪੰ: 1330)
ਙ) ਭੈ ਰਚਿ ਰਹੇ, ਸੁ ਨਿਰਭਉ ਹੋਇ। (ਉਹੀ, ਪੰ: 223)

ਉੱਪਰਲੇ ਪ੍ਰਮਾਣ ਕੇਵਲ ਗੁਰੂ ਨਾਨਕ ਬਾਣੀ ਵਿਚੋਂ ਅੰਸ਼-ਮਾਤ੍ਰ ਲਏ ਗਏ ਹਨ। ਕੀ ਇਨ੍ਹਾਂ ਵਿਚ ਪ੍ਰਗਟਾਈਆਂ ਸਦੀਵੀ ਸਚਾਈਆਂ ਬਾਰੇ ਕਿਸੇ ਨੂੰ ਰਤੀ ਭਰ ਕਿੰਤੂ ਹੋ ਸਕਦਾ ? ਜੇ ਨਹੀਂ ਤਾਂ ਸਾਂਝਾ ਸੋਚਣ ਤੇ ਸਾਂਝਾ ਵਰਤਣ ਲਈ ਇਸ ਤੋਂ ਵਡਾ ਸਾਧਨ ਹੋਰ ਕੀ ਹੋ ਸਕਦਾ ਹੈ ? ਇਹ ਕਿਸੇ ਵਕਤੀ ਸੱਚ ਦੀ ਗਲ ਨਹੀਂ ਕਰਦੀਆਂ। ਇਹ ਸਾਰੀ ਮਾਨਵ ਜਾਤੀ ਦੀ ਸਾਂਝੀ ਵਿਰਾਸਤ ਹੈ। ਉਪਰੋਕਤ ਭਾਵਾਂ ਦੇ ਅੰਦਰ ਵਸਾਉਣ ਲਈ ਬਿਬੇਕ ਬੁੱਧ ਤੇ ਪੂਰੀ (ਉੱਜਲ) ਮੱਤ ਦੀ ਲੋੜ ਹੈ। ਗੁਰੂ ਜੀ ਬਿਨਾ ਕਿਸੇ ਲਗ ਲਪੇਟ ਦੇ, ਇਸ ਸੱਚ ਨੂੰ ਇਉਂ ਮਨੁੱਖੀ ਜ਼ਿਹਨ ਵਿਚ ਬਿਠਾਉਣ ਦਾ ਉਪਕਾਰ ਕਰਦੇ ਹਨ :—

ਜਹ ਕਰਣੀ, ਤਹ ਪੂਰੀ ਮਤਿ। ਕਰਣੀ ਬਾਝਹੁ ਘਟੇ ਘਟਿ। (ਮ: ੧)

ਖਿਆਲ ਕਰੋ ਕਿ 1430 ਪੰਨਿਆਂ ਵਾਲੇ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਨੂੰ ਰੌਸ਼ਨ ਦਿਮਾਗ਼ ਕਰਨ, ਪਰਸਪਰ ਜੋੜਨ ਤੇ ਮਿਲ ਬੈਠਣ ਹਿਤ ਕਿੰਨੇ ਕੁ ਅਮੋਲ

ਬਚਨ ਹੋਣਗੇ। ਸ੍ਰੀ ਗੁਰੂ ਅਰਜੁਨ ਦੇਵ ਜੀ ਇਸ ਖਜ਼ਾਨੇ ਦਾ ਥਹੁ ਪਤਾ ਇਉਂ ਦਿੰਦੇ ਹਨ :—

ਹਮ ਧਨ ਭਾਗਠ ਸਚ ਨਾਇ ॥ ਹਰਿ ਗੁਣ ਗਾਵਹ ਸਹਜਿ ਸੁਭਾਇ ॥੧॥ਰਹਾਉ॥
ਪੀਉ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾਂ ਮੇਰੈ ਮਨਿ ਭਇਆ ਨਿਧਾਨਾ ॥੧॥
ਰਤਨ ਲਾਲ ਜਾ ਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥
ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥3॥
ਕਹੁ ਨਾਨਕ ਜਿਸ ਮਸਤਕਿ ਲੇਖੁ ਲਿਖਾਇ। ਸੁ ਏਤੁ ਖਜਾਨੈ ਲਇਆ ਰਲਾਇ ॥
(ਪੰ: 186)

6. ਗੁਰਬਾਣੀ ਦੇ ਇਸ ਰਤਨੀ ਭਰਪੂਰ ਖਜ਼ਾਨੇ ਦੀ ਵਿਆਪਕ ਸਾਂਝੀਵਾਲਤਾ ਦਾ ਇਹ ਪੱਖ ਵੀ ਵਿਸ਼ੇਸ਼ ਤੌਰ ਉੱਤੇ ਵਰਨਣ ਯੋਗ ਤੇ ਕਾਬਲਿ ਤਕਲੀਦ ਹੈ ਕਿ ਇਸ ਵਿਚ ਛੇ ਗੁਰੂ ਸਾਹਿਬਾਨ ਨਾਲ ਸੁਭਾਇਮਾਨ 30 ਭਗਤਾਂ, ਭੱਟਾਂ ਵਿਚ, ਮੁਸਲਮਾਨ ਸੂਫੀ ਸੰਤਾਂ ਅਤੇ ਬ੍ਰਾਹਮਣਾਂ ਦੇ ਕਹੇ ਜਾਂਦੇ (ਅਖੌਤੀ) ਸ਼ੂਦਰਾਂ ਤੇ ਅਛੂਤਾਂ ਦੀ ਪਾਵਨ ਬਾਣੀ ਵੀ ਅੰਕਿਤ ਅਤੇ ਸਮਾਨ ਪਦ ਪਦਵੀ ਦੀ ਅਧਿਕਾਰੀ ਤੇ ਪੂਜਣ ਯੋਗ ਹੈ। ਸ੍ਰੀ ਦਸ਼ਮੇਸ਼ ਜੀ ਵਲੋਂ ਗੁਰਿਆਈ ਸੰਪੂਰਣ ਬੀੜ ਨੂੰ ਪ੍ਰਾਪਤ ਹੋਈ ਹੈ, ਇਸ ਦੇ ਕਿਸੇ ਵਿਸ਼ੇਸ਼ ਭਾਗ ਨੂੰ ਨਹੀਂ। ਕੀ ਇਸ ਤੋਂ ਵੱਡੀ ਤੇ ਆਦਰਸ਼ਕ ਸਾਂਝੀਵਾਲਤਾ ਦੀ ਹੋਰ ਮਿਸਾਲ ਕਿਤੇ ਹੋਰ ਥੋਂ ਉਪਲਭਧ ਹੈ ? ਇਹ ਸੁਗਿਆਨ ਪੰਜ ਸਦੀਆਂ ਵਿਚ ਵਿਚਰੇ ਸਤਿ ਪੁਰਸ਼ਾਂ ਦਾ ਹੈ। ਭਗਤ ਜੈ ਦੇਵ ਦਾ ਜਨਮ 1170 ਈਸਵੀ ਅਤੇ ਸ਼ੇਖ ਫਰੀਦ (ਸ਼ੱਕਰ ਗੰਜ) ਦਾ 1173 ਈਸਵੀ ਵਿਚ ਹੋਇਆ। ਜਦ ਕਿ ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹਾਦਤ 1675 ਈਸਵੀ ਵਿਚ ਹੋਈ। ਇਸ ਤਰ੍ਹਾਂ ਇਹ ਸਮਾਂ 505 ਸਾਲ ਦਾ ਬਣਦਾ ਹੈ। ਇਹ ਵੀ ਚੇਤੇ ਰਹੇ ਕਿ ਇਹ 36 ਸਤਿਗੁਰੂ ਤੇ ਭਗਤਾਂ ਤੇ ਭੱਟਾਂ ਆਦਿ ਦੀ ਗਿਣਤੀ ਤੇ ਸ਼ਮੂਲੀਅਤ ਤੇ ਪੰਜ ਸਦੀਆਂ ਦੇ ਸੁਗਿਆਨ ਦਾ ਸੰਗ੍ਰਹਿ ਵੀ ਇਕ ਤਰ੍ਹਾਂ ਨਾਲ ਪ੍ਰਤੀਕ ਹਨ, symbolic ਹਨ। ਇਹ ਪ੍ਰਗਟਾ ਹੈ ਵੱਖ ਵੱਖ ਰੂਪਾਂ, ਰੰਗਾਂ ਜਾਤਾਂ, ਪਾਤਾਂ, ਵਰਨਾਂ ਮਤ-ਮਤਾਂਤਰਾਂ, ਸੰਪ੍ਰਦਾਵਾਂ ਤੇ ਦੇਸ਼ਾਂ ਆਦਿ ਦੀ ਵਿਆਪਕ ਸਾਂਝ ਤੇ ਸਮਾਨਤਾ ਦਾ ਅਨੇਕਤਾ ਵਿਚ ਏਕਤਾ ਦਾ। ਕਰਣੀ-ਪ੍ਰਧਾਨ ਧਰਮ ਦੇ ਆਸ਼ਕ ਸਾਦਕ, ਆਦਿ ਸਤਿਗੁਰੂ ਜੀ ਦੇ ਇਕ ਦੋ ਪ੍ਰਮਾਣ ਹੀ ਇਹ ਸੱਚ ਦਰਸਾਉਣ ਲਈ ਕਾਫੀ ਹਨ—

ੳ) ਜਾਤਿ ਜਨਮੁ ਨਹ ਪੂਛੀਐ, ਸਚੁ ਘਰੁ ਲੇਹੁ ਬਤਾਇ ॥
ਸਾ ਜਾਤਿ ਸਾ ਪਤਿ ਹੈ, ਜੇਹੇ ਕਰਮ ਕਮਾਇ ॥ (ਪੰ: 1330)

ਅ) ਏਕਜ਼ ਜਾਤੀ, ਏਕਜ਼ ਨਾਉ ॥ ਸਭਨਾ ਜੀਆ ਇਕਾ ਛਾਉ ॥ (ਪੰ: 83)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਨਜ਼ਰੀਏ ਤੇ ਸੱਚ ਦਾ ਪ੍ਰਗਟਾ ਇਉਂ ਕਰਦੇ ਹਨ : ਇਸ ਵਿਚ ਸ਼ਰਤ ਇਹ ਹੈ ਕਿ ਕਰਮ ਕਾਂਡਾਂ ਤੇ ਸੰਪ੍ਰਦਾਇਕਤਾ ਅਥਵਾ ਹਰ ਪ੍ਰਕਾਰ ਦੀ ਸੰਕ੍ਰੀਣਤਾ ਤੋਂ ਉਪਰ ਉਠ ਕੇ ਮਾਨਵ ਵਾਦੀ ਬਿਰਤੀ ਦੇ ਧਾਰਨੀ ਹੋ ਕੇ ਸਰਬ-ਸੰਸਾਰਕ ਤੇ ਕਲਿਆਣਮਈ ਐਸੀ ਸਾਂਝੀਵਾਲਤਾ ਦਾ ਬੋਲਬਾਲਾ ਕੀਤਾ ਜਾਵੇ, ਜਿਸ ਦੀ ਗੁਰਮਤਿ

ਸੱਚੀ ਸਦੀ ਝੰਡਾ-ਬਰਦਾਰ ਹੈ, ਹਰ ਕਦਮ ਉਤੇ ਮੁੱਦਈ ਤੇ ਪੱਖੀ ਹੈ। ਆਓ, ਸ੍ਰੀ ਦਸ਼ਮੇਸ਼ ਜੀ ਦੀ ਹੱਕ-ਗੋਈ ਵੀ ਵਾਈਏ, ਵਿਚਾਰੀਏ :

ੳ) ਕੋਊ ਭਯੋ ਮੁੰਡੀਆ, ਸੰਨਿਆਸੀ ਕੋਊ ਜੋਗੀ ਭਯੋ,
ਕੋਈ ਬ੍ਰਹਮਚਾਰੀ, ਕੋਊ ਜਤੀ ਅਨੁਮਾਨਬੋ।
ਹਿੰਦੂ ਤੁਰਕ ਕੋਊ, ਰਾਫਜ਼ੀ ਇਮਾਮ ਸ਼ਾਫੀ'
ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥
ਕਰਤਾ ਕਰੀਮ ਸੋਈ, ਰਾਜ਼ਕ ਰਹੀਮ ਉਹੀ,
ਦੂਸਰੋ ਨ ਭੇਦ ਕੋਈ ਭੂਲ ਭਰਮ ਮਾਨਬੋ।,
ਏਕ ਕੀ ਸੇਵ, ਸਭਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ, ਸਭੈ ਏਕੇ ਜੋਤ ਜਾਨਬੋ!

ਅ) ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ ਓਹੀ,
ਮਾਨਸ ਸਬੇ ਏਕ ਪੈ, ਅਨੇਕ ਕੋ ਪ੍ਰਭਾਉ ਹੈ।
ਦੇਵਤਾ, ਅਦੇਵ, ਜਛ, ਗੰਧਰਬ ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।
ਏਕੈ ਨੈਨ, ਏਕੈ ਕਾਨ, ਏਕੈ ਦੇਹ, ਏਕੈ ਬਾਨ,
ਖਾਕ, ਬਾਦ ਆਤਸ਼ ਔ ਆਬ ਕੋ ਰਲਾਉ ਹੈ।
ਅਲਹ ਅਭੇਖ ਸੋਈ, ਪੁਰਾਨ ਔ ਕੁਰਾਨ ਉਈ,
ਏਕਹੀ ਸਰੂਪ ਸਬੈ ਏਕ ਹੀ ਬਨਾਉ ਹੈ। (ਅਕਾਲਿ ਉਸਤਤਿ)

ਉਪ੍ਰੋਕਤ ਬਾਨੀ ਦਾ ਅੱਖਰ ਅੱਖਰ, ਪੁਕਾਰ ਪੁਕਾਰ, ਸੇਧ ਬਖਸ਼ਦਾ ਕਿ ਮਨ, ਬਚਨ ਕਰਮ ਕਰਕੇ ਉਪ੍ਰੋਕਤ ਦਸੀ ਗੁਰਮਤਿ ਮਾਰਗ ਵੀਚਾਰਧਾਰਾ ਅਪਨਾਉਣ ਤੋਂ ਬਿਨਾ ਸੰਸਾਰ ਹਜ਼ਾਰ ਜਤਨ ਕਰੇ, ਸਰਬ-ਧਰਮ ਸੰਮੇਲਨ ਰਚੇ, ਮਜ਼ਹਬੀ, ਸੰਪ੍ਰਦਾਈ ਪਕੜਾਂ ਕਰਮ ਕਾਂਡੀ ਘੋਰ-ਅੰਧ ਵਿਸ਼ਵਾਸ, ਕਲਿਆਣ-ਮਈ ਸਾਂਝੀਵਾਲਤਾ, ਰਵਾਦਾਰੀ ਤੇ ਭਾਵਕ ਏਕਤਾ ਦਾ ਸੁਪਨਾ ਕਦਾਚਿਤ ਵੀ ਸਾਕਾਰ ਨਹੀਂ ਹੋਣ ਦੇਣਗੇ।

**7: ਗੁਰਬਾਣੀ-ਸ਼ਬਦਾਵਲੀ ਦੀ ਸਾਂਝ :**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜਿਸ ਨੂੰ ਸੰਸਾਰ ਦੇ ਸਮੂਹ ਹੱਕ-ਪ੍ਰਸਤ ਮਹਾਂਪੁਰਸ਼ਾਂ, ਵੀਚਾਰ-ਵਾਨਾਂ ਨੇ ਸਦਾ ਅਧਿਆਤਮਕ (ਰੂਹਾਨੀ) ਸੰਜੋਗ ਦਾ 'ਗ੍ਰੰਥ' (A Book (Granth) of spiritual synthesis) ਕਰਕੇ ਸਤਿਕਾਰਿਆ ਹੈ, ਸਾਂਝੀਵਾਲਤਾ ਦੇ ਪੱਖੋਂ ਇਕ ਖੂਬੀ ਇਹ ਵੀ ਹੈ ਕਿ ਇਸ ਦੀ ਸ਼ਬਦਾਵਲੀ ਘੱਟ ਤੋਂ ਘੱਟ 12 ਬੋਲੀਆਂ ਦਾ ਸੁਮੇਲ ਹੈ। ਗੁਰੂ ਸਾਹਿਬਾਨ ਕਿਸੇ ਬੋਲੀ ਨੂੰ ਵੀ ਦੇਵ-ਬੋਲੀ ਨਹੀਂ ਮੰਨਦੇ। ਇਹ ਬੋਖਰੀ ਬੋਲੀ ਤਾਂ ਮਨੁੱਖ ਦੇ ਵੀਚਾਰਾਂ ਨੂੰ ਪ੍ਰਗਟਾਉਣ ਦਾ ਇਕ ਮਾਧਿਅਮ ਹੈ। ਇਸ ਰਾਹੀਂ ਚੰਗੇ ਵੀਚਾਰਾਂ ਦਾ ਵੀ ਪ੍ਰਗਟਾਵਾ ਕੀਤਾ ਜਾ ਸਕਦਾ ਹੈ ਅਤੇ ਮੰਦਿਆਂ ਦਾ ਵੀ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਪਸ਼ਟ ਫੁਰਮਾਨ ਹੈ ਕਿ ਬੋਲੀ ਰਾਹੀਂ ਸਿਰਜਨਹਾਰ ਪ੍ਰਭੂ

ਚੀਆਂ ਪੁੰਨ-ਗੱਲਾਂ ਵੀ ਹੋ ਸਕਦੀਆਂ ਅਤੇ ਪਾਪ ਵਿਹਾਝਣ ਵਾਲੀਆਂ ਵੀ, ਜਿਵੇਂ :

'ਮੈਂ ਗੁਣ, ਗਲਾਂ ਕੇ ਸਿਰਿ ਭਾਰ । ਗਲੀ ਗਲਾ: ਸਿਰਜਨਹਾਰ ॥ (ਪੰ: 351)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੀਆਂ : ਪੰਜਾਬੀ, ਹਿੰਦੀ, ਸੰਸਕ੍ਰਿਤ, ਫ਼ਾਰਸੀ, ਅਰਬੀ, ਸਿੰਧੀ, ਮਹਾਰਾਸ਼ਟਰੀ ਆਦਿ ਕੁਝ ਬੋਲੀਆਂ ਤਾਂ ਸੰਸਾਰ ਦੀਆਂ ਸਾਰੀਆਂ ਬੋਲੀਆਂ ਅਥਵਾ ਗੁਰਮਤਿ ਵੀਚਾਰ-ਧਰਾਵਾਂ ਵਿਚ ਪ੍ਰਗਟਾਈ 'ਸਾਂਝੀਵਾਲਤਾ'' ਦੇ ਇਕ ਪ੍ਰਤੀਕ ਵਜੋਂ ਹੈ ।

## 8. ਸ੍ਰੀ ਹਰਿਮੰਦਰ ਸਾਹਿਬ ਦੀ ਰਚਨਾ :

ਗੁਰਮਤਿ ਰਾਹੀਂ ਦਰਸਾਈ ਤੇ ਅਪਣਾਈ **ਸਾਂਝੀਵਾਲਤਾ** ਦਾ ਅਗਲਾ, ਬੇ-ਨਜ਼ੀਰ ਕਦਮ ਹੈ : ਸ੍ਰੀ ਹਰਿਮੰਦਰ ਸਾਹਿਬ ਦੀ ਰਚਨਾ, ਜੋ ਸਰਬ-ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਸਥਾਪਨ ਅਥਵਾ ਪ੍ਰਕਾਸ਼ ਲਈ, ਸ੍ਰੀ ਗੁਰੂ ਅਰਜੁਨ ਦੇਵ ਦੀ ਵਲੋਂ ਸਰਬ-ਸਾਂਝੀਵਾਲਤਾ-ਭਿੱਜੀ ਲੰਮੀ ਨਦਰਿ ਦੁਆਰਾ ਪਹਿਲਾਂ ਹੀ ਵਿਉਂਤ ਤੇ ਤਿਆਰ ਕਰ ਲਿਆ ਗਿਆ ਸੀ । ਅੱਜ ਤੋਂ ਚਾਰ ਸਦੀਆਂ ਪਹਿਲਾਂ ਚਾਰ ਦਰਵਾਜ਼ਿਆਂ ਵਾਲਾ ਰੱਬ ਦਾ ਮੰਦਰ (ਕਿਸੇ ਦੇਵੀ ਦੇਵਤੇ ਆਦਿ ਦਾ ਨਹੀਂ) ਤਾਮੀਰ ਕਰਨਾ ਅਤੇ ਉਸ ਦਾ ਨੀਂਹ ਪੱਥਰ ਸੂਫ਼ੀ ਸੰਤ ਹਜ਼ਰਤ ਮੀਆਂ ਮੀਰ ਪਾਸੋਂ ਰਖਵਾਉਣਾ; ਸਾਂਝੀਵਾਲਤਾ ਦੇ ਧਰਮ ਵਿਸ਼ਵਾਸ ਤੇ ਇਤਿਹਾਸ ਵਿਚ ਇਕ ਚਮਤਕਾਰੀ ਘਟਨਾ ਸੀ । 'ਹਰਿਮੰਦਰ' ਦੇ, ਪ੍ਰਚੱਲਤ ਰੀਤ ਦੇ ਪ੍ਰਤਿਕੂਲ, ਚੋਹਾਂ ਦਿਸ਼ਾਵਾਂ ਵੱਲ ਚਾਰ ਦਰਵਾਜ਼ੇ ਰੱਖਣੇ ਅਤੇ ਇਸ ਨੂੰ ਪ੍ਰਾਣੀ ਮਾਤ੍ਰ ਦੀ ਸੱਚੀ ਪ੍ਰਾਰਥਨਾ ਦੀ ਧਰਮਸ਼ਾਲਾ ਬਣਾਉਣਾ ਇਸ ਅੰਧ-ਵਿਸ਼ਵਾਸ ਦਾ ਭਰਪੂਰ ਖੰਡਨ ਸੀ ਕਿ ਮਨੁੱਖ, ਮਨੁੱਖ ਵਿਚ ਕੋਈ ਅਖੌਤੀ ਉਚ-ਨੀਚਤਾ ਹੈ ਅਤੇ ਪ੍ਰਭੂ ਕਿਸੇ ਵਿਸ਼ੇਸ਼ ਦਿਸ਼ਾ ਵਿਚ ਹੀ ਵਸਦਾ ਹੈ ।

ਇਉਂ ਕਰਕੇ ਕੁਲ ਮਖਲੂਕ ਦੇ ਰਹਬਰ ਸਤਿਗੁਰਾਂ ਨੂੰ ਇਹ ਦੱਸਣਾ ਮਕਸੂਦ ਸੀ ਕਿ ਰੱਬ ਹਰ ਥਾਂ ਸਮਾਨ ਵਿਆਪਕ ਤੇ ਸਾਂਝਾ ਹੈ। ਕਿਸੇ ਦੇ ਵੀ ਵਿਰਾਸਤ ਅਥਵਾ ਅਜਾਰਾ-ਦਾਰੀ ਨਹੀਂ । ਏਥੇ ਇਹ ਨੁਕਤਾ ਵੀ ਨੋਟ ਕਰਨ ਯੋਗ ਹੈ ਕਿ ਹਰਿਮੰਦਰ ਜੀ ਵਿੱਚ, ਸਾਂਝੀ ਬਾਣੀ ਦੇ ਕੀਰਤਨ ਤੋਂ ਛੁਟ ਕਿਸੇ ਪ੍ਰਕਾਰ ਦਾ ਭਾਸ਼ਨ ਕਰਨ ਦੀ ਪ੍ਰਪਾਟੀ ਅਥਵਾ ਰੀਤ ਨਹੀਂ । ਕਿਉਂਕਿ ਵਿਆਖਿਆਨਾਂ ਵਿਚ ਨਿਜ-ਮਤਿ ਅਧੀਨ ਅੰਤਰ ਹੋ ਸਕਦਾ ਹੈ।

## 9. ਸਾਂਝੀ ਸੰਗਤ ਤੇ ਪੰਗਤ :

ਮਨੁੱਖਾਂ ਵਿਚ ਇਨਸਾਨੀਅਤ ਵਿਰੁਧ ਕਈ ਪ੍ਰਕਾਰ ਦੇ ਪੈਦਾ ਹੋ ਚੁੱਕੇ ਵਿਤਕਰਿਆਂ ਦਾ ਵਸਤਾ ਵੱਢਣ ਅਤੇ ਪਿਆਰਾਂ ਸਤਿਕਾਰਾਂ-ਭਿਜੀ ਸੁਖਦਾਈ ਸਾਂਝੀਵਾਲਤਾ ਦਾ ਬੋਲਬਾਲਾ ਸੰਸਾਰ ਨੂੰ 'ਬੇਗਮਪੁਰਾ' ਬਨਾਉਣ ਹਿੱਤ ਸਤਿਗੁਰਾਂ ਨੇ ਸਾਂਝੀ ਸੰਗਤ ਤੇ ਸਾਂਝੀ ਪੰਗਤ ਨੂੰ ਪੂਰੀ ਕਰੜਾਈ ਨਾਲ ਲਾਗੂ ਕੀਤਾ। ਚਾਹੇ ਰਾਣਾ ਹੋਵੇ ਚਾਹੇ ਰੰਕ, ਚਾਹੇ ਅਖੌਤੀ ਉਚ ਜ਼ਾਤੀ ਵਰਨ ਦਾ ਹੋਵੇ ਚਾਹੇ ਫਰਜ਼ੀ ਨੀਵੀਂ ਜ਼ਾਤੀ ਦਾ, ਹਰੇਕ ਨੂੰ, ਬਿਨਾਂ ਮਜ਼ਹਬੋ ਮਿੱਲਤ ਤੇ ਰੁਤਬੇ ਦੀ ਕੂੜੀ ਵਡਿਆਈ ਦੇ ਖਿਆਲ ਦੇ, ਇਕੋ ਹੀ ਸੰਗਤ ਵਿਚ ਬੈਠਣਾ ਤੇ ਇਕੋ ਪੰਗਤ ਵਿਚ ਪ੍ਰਸ਼ਾਦਾ ਛਕਣਾ ਲਾਜ਼ਮੀ ਸੀ । ਸਰਬੱਤ ਲਈ ਸਾਂਝੇ ਗੁਰੂ ਕੇ ਲੰਗਰ ਜੋ ਇਸ

ਤਰ੍ਹਾਂ ਨਾਲ ਕਮਿਊਨਿਟੀ ਕਿਚਨ (Community Kitchen) ਦਾ ਹੀ ਸੰਵਰਿਆਂ, ਸੁਧਾਰਿਆ ਰੂਪ ਸੀ, ਦੀ ਪ੍ਰਥਾ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਹੀ ਸ੍ਰੀ ਕਰਤਾਰਪੁਰ (ਪਾਕਿਸਤਾਨ) ਤੋਰੀ ਜਾ ਚੁਕੀ ਸੀ; ਪ੍ਰੰਤੂ ਸ੍ਰੀ ਗੁਰੂ ਅਮਰਦਾਸ ਜੀ ਦੇ 'ਨਿਤ ਰਸੋਈ ਤੇਰੀਐ ਘਿਉ ਮੈਦਾ ਖਾਨ' ਵਾਲੇ ਲੰਗਰ ਵਜੋਂ ਇਸ ਦੀ ਵਧੇਰੇ ਪ੍ਰਸਿਧੀ ਹੋਈ। ਗੁਰੂ ਜੀ ਦਾ ਹੁਕਮ ਸੀ ਕਿ ਜੋ ਉਨ੍ਹਾਂ ਦੇ ਦਰਸ਼ਨਾਂ ਦੀ ਅਭਿਲਾਸ਼ਾ ਨਾਲ (ਸ੍ਰੀ ਗੋਇੰਦਵਾਲ ਸਾਹਿਬ) ਆਵੇ, ਉਸ ਲਈ ਜਰੂਰੀ ਹੈ ਕਿ ਉਹ ਪਹਿਲਾਂ 'ਗੁਰੂ ਦੇ ਸਾਂਝੇ ਲੰਗਰ' ਵਿਚੋਂ, ਪੰਗਤ ਵਿਚ ਬੈਠ ਕੇ, ਪ੍ਰਸ਼ਾਦਾ ਛਕੇ। ਏਥੋਂ ਤੱਕ ਕਿ ਜਦ ਮਹਾਨ ਅਕਬਰ, ਹਜ਼ੂਰ ਦੇ ਦਰਸ਼ਨਾਂ ਲਈ ਸ੍ਰੀ ਗੋਇੰਦਵਾਲ ਆਇਆ, ਤਾਂ ਉਸ ਨੂੰ ਵੀ ਇਸ ਸ਼ਰਤ ਤੋਂ ਛੋਟ ਨਾ ਮਿਲ ਸਕੀ; ਅਤੇ ਜਦ ਉਸ ਨੇ ਐਸੇ ਸਾਂਝੇ ਜੰਤਕ ਲੰਗਰ ਲਈ ਪੱਕੇ ਤੌਰ ਤੇ ਸਰਕਾਰੀ ਸਹਾਇਤਾ ਦੇਣ ਲਈ ਪੇਸ਼ਕਸ਼ ਕੀਤੀ, ਤਾਂ ਗੁਰੂ ਜੀ ਨੇ ਇਸ ਲਈ, ਧੰਨਵਾਦ ਸਹਿਤ ਅਪ੍ਰਵਾਨ ਕੀਤੀ ਕਿ ਐਸੀ ਸੂਰਤ ਵਿਚ ਇਹ 'ਸੰਗਤਾਂ ਦਾ ਸਾਂਝਾ ਲੰਗਰ ਨਹੀਂ'; ਸਗੋਂ ਬਾਦਸ਼ਾਹ ਦਾ ਸ਼ਾਹੀ ਲੰਗਰ ਬਣ ਜਾਵੇਗਾ। ਇਸ ਵਿਚ ਵਰਤ ਰਹੀ ਪਿਆਰ ਸਤਿਕਾਰ ਭਿੱਜੀ ਮਿਲਵਰਤਨ ਤੇ ਸਦ-ਭਾਵਨਾ ਦੀ 'ਸਾਂਝੀਵਾਲਤਾ' ਦਾ ਅਭਾਵ ਹੋ ਜਾਵੇਗਾ। ਨਾਲ ਹੀ ਧਰਮੀ ਕਿਰਤ ਕਰਕੇ ਵੰਡ ਕੇ ਛੱਕਣ ਦੀ ਇਨਸਾਨੀ ਸਾਂਝ ਤੇ ਹਮਦਰਦੀ ਨੂੰ ਵੀ ਸੱਟ ਵੱਜੇਗੀ।

## 10. ਸਾਂਝਾ ਅੰਮ੍ਰਿਤ :

ਖੰਡੇ ਦੀ ਪਾਹੁਲ ਅਥਵਾ 'ਅੰਮ੍ਰਿਤ' ਪਾਨ ਕਰਨ ਵਿਚ ਵੀ ਸਮਾਨ ਸਾਂਝੀਵਾਲਤਾ ਦੇ ਅਪਾਰ, ਅਮੁਲ ਤੇ ਅਸੀਮ ਰੂਹ-ਪਰਵਰ ਦ੍ਰਿਸ਼ ਨੁਮਾਇਆਂ ਹਨ। ਇਹ 'ਅੰਮ੍ਰਿਤ' ਪੁਰਾਣਕ ਕਥਾ ਅਨੁਸਾਰ ਖਾਰੇ ਸਾਗਰ 'ਚੋਂ ਪ੍ਰਾਪਤ ਕੀਤੇ ਗਏ 'ਅੰਮ੍ਰਿਤ' ਸਮਾਨ, ਸੀਮਤ ਮਿਕਦਾਰ ਵਿੱਚ ਨਹੀਂ ਸੀ, ਜੋ ਉਨ੍ਹਾਂ ਦੋਹਾਂ ਧਿਰਾਂ ਵਿਚ ਝਗੜੇ ਦਾ ਕਾਰਣ ਬਣਿਆ ਅਤੇ ਖੋਹਾ ਖਾਈ ਵਿਚ ਚੌਂਹ ਥਾਂਈਂ ਡੁਲ੍ਹ ਗਿਆ; ਸਗੋਂ ਇਹ ਜੁਗਾਂ ਜੁਗੰਤਰਾਂ ਤੱਕ ਅਸੀਮ ਤੇ ਅਮੁੱਕ ਹੈ। ਕਿਤੇ ਵੀ, ਕਦੋਂ ਵੀ, ਅਖੌਤੀ ਜਾਤੀਆਂ 'ਚੋਂ 1699 ਵਾਲੀ ਵੈਸਾਖੀ ਨੂੰ ਚੁਣੇ ਗਏ ਪੰਜਾਂ ਪਿਆਰਿਆਂ ਦੇ ਪ੍ਰਤੀਨਿਧ, ਪੰਜ ਤਿਆਰ-ਬਰ-ਤਿਆਰ ਸਿੰਘ, ਗੁਰੂ-ਰੂਪ ਹੋ ਕੇ ਸਦਾ ਲਈ ਸਾਰੇ ਸੰਸਾਰ ਨੂੰ 'ਅੰਮ੍ਰਿਤ' ਛਕਾ ਕੇ, ਭਾਈ, ਭਾਈ ਦੀ ਅਟੁੱਟ ਸਾਂਝੀਵਾਲਤਾ ਦੀ ਕੜੀ ਵਿਚ ਪ੍ਰੋ ਸਕਦੇ ਹਨ। ਇਸ ਸਾਂਝੀਵਾਲਤਾ ਦੇ ਭ੍ਰਾਤਰੀ-ਭਾਵ ਵਿਚ ਨ ਕੋਈ ਕਿਸੇ ਪੱਖੋਂ ਵੱਡਾ ਰਹਿੰਦਾ ਹੈ, ਨਾ ਨੀਵਾਂ।

## 11. ਸਾਂਝਾ ਜੈਕਾਰਾ :

ਗੁਰਮਤਿ ਵਿਚਲੀ ਸਾਂਝੀਵਾਲਤਾ ਦੇ ਆਸ਼ਕਾਂ ਸਾਦਕਾਂ ਲਈ ਜੋ ਕੋਈ ਸਾਂਝਾ ਜੈਕਾਰਾ ਵੀ ਤਜਵੀਜਿਆ ਗਿਆ ਹੈ ਤਾਂ ਉਹ ਵੀ : 'ਸਤਿ ਸ੍ਰੀ ਅਕਾਲ' ਹੈ ਜਿਸ ਦੇ ਅਰਥ ਹਨ ਕਿ ਵਾਹਿਗੁਰੂ ਅਕਾਲਪੁਰਖ, ਪ੍ਰਭੂ ਪ੍ਰਮਾਤਮਾ, ਅਲਾਹ ਖੁਦਾ (God) ਸਦਾ ਸਤਿ (Existential, ਹੋਂਦ ਵਾਲਾ), ਸ੍ਰੇਸ਼ਟ ਤੇ ਕਾਲ ਰਹਿਤ ਹੈ। ਭਲਾ, ਇਸ ਨਾਲ ਕਿਸੇ ਵੀ ਰੱਬ ਨੂੰ ਮੰਨਣ ਵਾਲੇ (ਆਸਤਕ) ਦਾ ਕੀ ਮੱਤ ਭੇਦ ਜਾਂ ਵੱਟ ਵਿਰੋਧ ਹੋ ਸਕਦਾ

ਹੈ । ਐਸੇ ਜੈਕਾਰੇ ਵਿਚ ਸਭ ਸਮਾਨ ਸਾਂਝੀਵਾਲ ਹਨ, ਭਾਈਵਾਲ ਹਨ ।

**12. ਖਾਲਸਈ ਸਾਂਝ :**

'ਖਾਲਸਾ' ਅਰਬੀ ਸ਼ਬਦ ਹੈ ਅਤੇ ਇਸ ਦੇ ਮੂਲਕ ਅਰਥ ਹਨ : ਉਹ ਜ਼ਮੀਨ ਜਾਇਦਾਦ, ਜੋ ਸਿੱਧੀ ਬਾਦਸ਼ਾਹ ਦੀ ਜ਼ਾਤੀ ਮਲਕੀਅਤ ਹੋਵੇ । ਸੋ, ਖਾਲਸਾ ਉਹ ਹੈ ਜੋ ਸਿੱਧਾ, ਵਾਹਿਗੁਰੂ ਨਾਲ ਸੰਬੰਧਤ ਹੋਵੇ ! ਜੋ ਸਾਂਝੇ ਰੱਬ ਨਾਲ ਸੰਬੰਧਤ ਹੈ, ਉਹ ਭਲਾ ਰੱਬ ਦੇ ਬੰਦਿਆਂ ਨਾਲੋਂ ਕਿਵੇਂ ਵੱਖ ਰਹਿ ਕੇ, ਨਫ਼ਰਤ, ਈਰਖਾ ਤੇ ਬੁਰਾ ਚਿਤਵਨ ਦਾ ਸ਼ਿਕਾਰ ਹੋ ਸਕਦਾ ਹੈ । ਹਾਂ ਖਾਲਸੇ ਦੇ ਸ਼ੁਭ ਕਰਤਵਾਂ ਨੂੰ ਵੇਖ ਕੇ, ਬਾਦ ਵਿਚ, ਹੋਰ ਅਨੇਕ ਗੁਣ ਵੀ ਜੋੜੇ ਗਏ ਹਨ । ਜਿਨ੍ਹਾਂ ਕਾਰਨ ਖਾਲਸਾ ਗੁਣਾਂ ਦਾ ਵੱਡਾ ਪੂਰਨ ਭੰਡਾਰ ਮੰਨਿਆ ਜਾਂਦਾ ਹੈ । ਪ੍ਰਾਣੀ ਮਾਤ੍ਰ, ਮਰਯਾਦਾ ਅਧੀਨ ਖਾਲਸਾ ਸੱਜ ਕੇ ਐਸੇ ਦੈਵੀ ਤੇ ਅਸੰਪ੍ਰਦਾਇਕ ਸਮਾਜ ਦਾ ਸਾਂਝੀਵਾਲ ਬਣ ਸਕਦਾ ਹੈ : ਸੰਖੇਪ ਵਿਚ ਸ੍ਰੀ ਦਸਮੇਸ਼ ਜੀ ਵਲੋਂ, ਖਾਲਸਾ ਕਹਿਲਾਉਣ ਵਾਲੇ ਵਿਅਕਤੀ ਨੂੰ, ਮਨ ਦੀ ਰਹਿਤ ਇਨ੍ਹਾਂ ਗੁਣਾਂ ਦਾ ਵੀ ਵਿਸ਼ੇਸ਼ ਤੌਰ ਉਤੇ ਧਾਰਨੀ ਹੋਣ ਦੀ ਤਾਕੀਦ ਹੈ :—

ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ, ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ, ਗੋਰ, ਮੜ੍ਹੀ, ਮੱਟ ਭੂਲ ਨ ਮਾਨੈ ॥
ਤੀਰਥ, ਦਾਨ ਦਯਾ, ਤੱਪ, ਸੰਜਮ, ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤਿ ਜਗੈ ਘਟ ਮੈ, ਤਬ ਖਾਲਸਾ ਤਾਹਿ ਨਖਾਲਸ ਜਾਨੈ ॥
(ਅਕਾਲ ਉਸਤਤਿ)

**13. ਸਾਂਝੀ ਫਤਹਿ :**

ਜਦ ਸਿੱਖ, ਸਿੱਖ ਨੂੰ ਮਿਲਦਾ ਹੈ ਤਾਂ ਨਮਸਤੇ (ਤੈਨੂੰ ਨਮਸਕਾਰ ਹੈ), ਪੈਰੀ ਪੈਣਾ ਮਥਾ ਟੇਕਣਾ, Good Morning (ਸਵੇਰ ਮੁਬਾਰਿਕ) ਸਲਾਮਾਲੈਕਮ ਆਦਿ ਦੀ ਥਾਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਗਜਾਉਂਦਾ ਹੈ । ਇਸ ਦਾ ਅੰਗਰੇਜ਼ੀ ਅਨੁਵਾਦ ਹੈ :—Lord's the Khalsa— Lord's the Victory !

(ਭਾਵ—ਖਾਲਸਾ, ਅਕਾਲ ਪੁਰਖ ਵਾਹਿਗੁਰੂ ਦਾ ਹੈ, ਅਤੇ ਉਸਦੀ ਫਤਹਿ ਵੀ, ਵਾਹਿਗੁਰੂ ਦੀ ਹੀ ਫਤਹਿ ਹੈ) । ਏਥੇ ਵੀ ਤੁਸੀਂ, ਸੰਪ੍ਰਦਾਇਕਤਾ, ਸੰਕੀਰਣਤਾ, ਫਿਰਕੂ-ਪੁਣੇ ਜਾਂ ਅਲਹਿਦਗੀ ਦੀ ਕਤਨਅਨ ਕੋਈ ਲੇਸ ਨਹੀ ਵੇਖੋਗੇ ।

**14. ਸਾਂਝੀ ਫਤਹਿ :**

ਸਿੱਖ ਅਰਦਾਸ ਕਰਦਾ ਹੈ ਤਾਂ ਉਸ ਨੂੰ '੧ੴ ਵਾਹਿਗੁਰੂ ਜੀ ਕੀ ਫਤਹਿ' ਤੋਂ ਆਰੰਭ ਕਰਦਾ ਹੈ ਉਪ੍ਰੰਤ ਸਾਂਝੇ ਸਤਿਗੁਰੂਆਂ ਦੀ ਮਹਿਮਾ ਦਾ ਵਿਰਦ ਕਰਦਾ ਹੈ । ਫੇਰ ਉਨ੍ਹਾਂ ਧਰਮੀਆਂ ਦਾ ਨਾਮ ਲੈਂਦਾ ਅਤੇ ਉਨ੍ਹਾਂ ਨੂੰ ਧੰਨਤਾ, ਸ਼ੁਕਰਾਨਾ ਪੇਸ਼ ਕਰਦਾ ਹੈ, ਜਿਨ੍ਹਾਂ 'ਧਰਮ' (ਸੱਚ ਅਥਵਾ ਨਾਮੁ ਧਰਮੁ) ਜੋ ਇਕ ਅਤੇ ਸਭ ਦਾ ਸਾਂਝਾ ਹੈ, ਦੀ ਖਾਤਰ ਕੁਰਬਾਨੀਆਂ ਦਿਤੀਆਂ । ਮਜ਼ਲੂਮਾਂ ਦੀ ਖਾਤਰ, ਜੋ ਅਜਾਤ ਹੁੰਦੇ ਹਨ, ਅਕਹਿ ਤੇ

ਅਸਹਿ ਤਸੀਹੇ ਸਹਾਰਦਿਆਂ ਹੋਇਆਂ ਸ਼ਹਾਦਤ ਦੇ ਜਾਮ ਪੀਤੇ ਅਤੇ ਇਉਂ ਕਰਕੇ, ਵੀਚਾਰਵਾਨ ਸ਼ਾਇਰ ਦੀ ਇਸ ਰਮਜ਼ ਨੂੰ ਸਤਿ ਕਰ ਵਿਖਾਇਆ :

'ਹਮ ਤੋਂ ਪੀਤੇ ਹੈਂ ਸਨਮ, ਦੁਨੀਆਂ ਮੇਂ ਤੇਰਾ ਨਾਮ ਰਹੇ,
ਮੁਮਕਨ ਹੈ ਕਿ ਸਾਕ਼ੀ ਨਾ ਰਹੇ, ਜਾਮ ਰਹੇ ।'

ਸਿੱਖ ਦੀ ਅਰਦਾਸ ਵਿਚ ਸਾਂਝੀਵਾਲਤਾ ਦਾ ਸਿਖਰ ਉਦੋਂ ਆਉਂਦਾ ਹੈ, ਜਦੋਂ ਉਹ ਕੁਲ ਕਾਇਨਾਤ ਨੂੰ, ਸਭ ਦੇ ਸਾਂਝੇ ਨਾਮ ਤੇ ਨਾਮੀਆਂ (ਧਰਮੀਆਂ) ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਵੇਖਾਦ, ਅਤੇ 'ਜੋ ਤੁਧ ਭਾਵੈ ਸਾਈ ਭਲੀਕਾਰ' ਵਿਚ ਪ੍ਰਗਟਾਏ ਭਾਣੇ ਦੇ ਭੇਤ ਨੂੰ ਦ੍ਰਿੜ ਕਰਾਉਂਦਾ ਹੋਇਆ, ਅੰਤਲੇ ਸ਼ਬਦਾਂ ਵਿਚ 'ਸਰਬਤ ਦਾ ਭਲਾ' ਦੇ ਅਨਮੋਲ ਸ਼ਬਦ ਉਚਾਰ ਕੇ ਗੁਰਮਤਿ ਦੀ ਸੁੱਚਤਮ ਸਾਂਝੀਵਾਲਤਾ ਦੀ ਸਿਖਰ ਨੂੰ ਜਾ ਛੋਂਹਦਾ ਹੈ ।

ਗਲ ਕੀ, ਸ੍ਰੀ ਗੁਰੂ ਨਾਨਕ ਦਾ ਮੱਤ ਸੰਪ੍ਰਦਾਇਕਤਾ, ਸੰਕੀਰਣਤਾ, ਫਿਰਕੂ-ਪਨ ਸੋੜੀ ਸੋਚ ਆਦਿ ਦੇ ਵਖਰੇਵਿਆਂ ਤੋਂ ਇਤਨਾ ਦੂਰ ਹੈ, ਜਿਨ੍ਹਾਂ ਪ੍ਰਭੂ ਦੀ ਏਕਤਾ ਤੋਂ ਉਸਦੀਆਂ ਵੰਡੀਆਂ, ਦੂਜੇਗੀ ਤੇ ਦੁਬਿਧਾ (ਦ੍ਵਿਧ-ਭਾਵ) ।

## 15. ਸਾਂਝੀਵਾਲਤਾ-ਭਰਪੂਰ ਸ਼ਬਦਾਵਲੀ :

ਗੁਰਦੇਵ, 'ਬਾਣੀ' ਵਿਚ ਦੂਜੇ ਵਿਅਕਤੀ, ਜਗਿਆਸੂ ਜਾਂ ਸੇਵਕ ਨੂੰ ਜਦ ਸੰਬੋਧਨ ਕਰਦੇ ਹਨ ਤਾਂ ਉਸ ਲਈ ਮੀਤ, ਮੀਤਾ, ਮਿੱਤਰ, ਸੱਜਣ ਤੇ ਭਾਈ ਆਦਿ ਦੀ ਸਾਂਝ, ਅਪਣਤ ਅਥਵਾ ਸਾਂਝੀਵਾਲਤਾ-ਭਰਪੂਰ ਸ਼ਬਦਾਵਲੀ ਦੀ ਵਰਤੋਂ ਕਰਦੇ ਹਨ, ਜਿਵੇਂ—

1) ਭਾਈ ਰੇ, ਹਰਿ ਹੀਰਾ ਗੁਰ ਮਾਹਿ । (ਮ: ਪਹਿਲਾ, ਪੰ: 22)
2) ਸੁਨਿ ਮੀਤਾ ਨਾਨਕੁ ਬਿਨਵੰਤਾ...। (ਮ: 5, ਪੰ: 271)
3) ਕਰਉ ਬੇਨੰਤੀ ਸੁਣਹੁ ਮੇਰੇ ਮੀਤਾ...। (ਮ: 5, ਸੋਹਿਲਾ)
4) ਸੋ ਸਾਜਣੁ ਸੋ ਸਖਾ ਮੀਤੁ, ਜੋ ਹਰਿ ਕੀ ਮਤਿ ਦੇਇ । (ਮ: 5 ਪੰ: 298)
5) ਉਏ ਹਮਾਰੇ ਸਾਜਨਾ, ਹਮ ਉਨ ਕੀ ਰੇਨ । (ਪੰਨਾ 813)

ਗੁਰਮਤਿ, ਗੁਰਬਾਨੀ ਅਥਵਾ ਸਿੱਖ ਇਤਿਹਾਸ ਵਿਚ ਵਿਸ਼ੇਸ਼ ਗੁਰਸਿੱਖਾਂ, ਗੁਰਮੁਖ ਹਸਤੀਆਂ ਨੂੰ 'ਭਾਈ' ਪਦ ਦੀ ਉਪਾਧੀ ਬਖਸ਼ੀ ਗਈ ਹੈ; ਜਿਵੇਂ—ਭਾਈ ਭਗੀਰਥ, ਭਾਈ ਸਨਮੁਖ, ਭਾਈ ਮਰਦਾਨਾ, ਭਾਈ ਗੁਰਦਾਸ, ਭਾਈ ਦਇਆ ਸਿੰਘ ਆਦਿ ਪੰਜ ਪਿਆਰੇ, ਭਾਈ ਘਨੱਯਾ, ਭਾਈ ਸੰਤੋਖ ਸਿੰਘ । ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਗੁਰਦੁਆਰਿਆਂ ਦੇ ਮੁੱਖ ਸੇਵਾਦਾਰਾਂ ਤੇ ਕੀਰਤਨੀਆਂ ਆਦਿ ਨੂੰ ਅਤਿ ਨੇੜਤਾ, ਸਾਂਝ ਤੇ ਸਤਿਕਾਰ ਦਰਸਾਉਣ ਲਈ 'ਭਾਈ' ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ । ਪ੍ਰੰਤੂ, ਸਮੇਂ ਦੀ ਸਿਤਮ-ਜ਼ਰੀਫ਼ੀ ਵੇਖੋ ਕਿ ਅਜ ਗੁਰਦੁਆਰਿਆਂ ਦਾ ਕੋਈ ਵੱਡਾ ਛੋਟਾ ਟਹਿਲੀਆ, 'ਭਾਈ' ਪਦ ਦੀ ਵਰਤੋਂ ਅਪਨਾਉਣ ਦੀ ਥਾਂ 'ਸਿੰਘ ਸਾਹਿਬ' ਨੂੰ ਵੱਡੇ ਮਾਣ ਸਤਿਕਾਰ

ਦਾ ਲਕਬ, ਰੁਤਬਾ ਮੰਨ ਕੇ 'ਸਿੰਘ ਸਾਹਿਬ' ਅਖਵਾਉਣਾ ਪਸੰਦ ਕਰਦਾ ਹੈ। ਜੋ ਸਾਂਝੀ-ਵਾਲਤਾ ਤੇ ਸਮੀਪਤਾ 'ਭਾਈ' ਸ਼ਬਦ ਵਿਚ ਪ੍ਰਗਟ ਤੇ ਪਿੰਨਹਾਂ ਹੈ, ਉਹ 'ਸਿੰਘ ਸਾਹਿਬ' ਸ਼ਬਦ ਵਿਚ ਕਿਥੇ। ਸਿੱਖ ਇਤਿਹਾਸ ਅਨੁਸਾਰ ਇਸ ਸ਼ਬਦ ਦੀ ਵਰਤੋਂ ਤਾਂ ਕੇਵਲ ਮਹਾਰਾਜਾ ਰਣਜੀਤ ਸਿੰਘ ਲਈ ਕੀਤੀ ਗਈ ਸੀ, ਅਤੇ ਇਉਂ ਉਸਦੀ ਧਾਰਮਿਕ ਪ੍ਰਭਤਾ ਕਾਰਨ ਨਹੀਂ ਸੀ ਹੋਇਆ, ਸਗੋਂ ਰਾਜਸੀ ਪਦ ਪਦਵੀ ਦੇ ਕਾਰਨ। ਹੋਰ ਤਾਂ ਹੋਰ, ਗੁਰਮਤਿ ਦੀ ਦੈਵੀ ਸਾਂਝੀਵਾਲਤਾ ਦੇ ਪ੍ਰਗਟਾਊ ਇਸ ਪ੍ਰਿਅ ਸ਼ਬਦ—'ਭਾਈ' ਦੀ ਵਰਤੋਂ ਗੁਰੂ-ਘਰ ਦੇ ਮੁਸਲਮਾਨ ਕੀਰਤਨੀਆਂ ਲਈ ਹੋਈ ਮਿਲਦੀ ਹੈ; ਜਿਵੇਂ, ਭਾਈ ਸਾਂਈ ਦਾਸ, ਭਾਈ ਚਾਂਦ, ਭਾਈ ਲਾਲ ਤੇ ਭਾਈ ਦੇਸਾ ਆਦਿ। ਹਾਂ 'ਬਾਬਾ' ਪਦ ਕੇਵਲ ਭਾਈ ਬੁਢਾ ਜੀ ਲਈ ਹੀ ਵਰਤਿਆ ਗਿਆ ਹੈ ਅਤੇ 'ਅਕਾਲੀ', ਨਿਹੰਗ ਫੂਲਾ ਸਿੰਘ ਜੀ ਨਾਲ।

16. ਅੰਤ ਵਿਚ, ਇਹ ਸਚ ਵੀ ਅਖੀਓਂ ਪ੍ਰੋਖੇ ਨਹੀਂ ਕੀਤਾ ਜਾ ਸਕਦਾ ਕਿ ਭਾਵੇਂ, ਸਭ ਹੋ ਗੁਜਰੇ ਪੀਰ, ਪੈਗੰਬਰ, ਔਲੀਏ, ਗੁਰੂ ਅਵਤਾਰ ਆਦਿ ਮਹਾਨ ਪੁਰਸ਼, ਸਤਿਕਾਰਯੋਗ ਹਨ, ਪਰ, ਹਰੇਕ ਦਾ ਮੁਕਾਮ ਤੇ ਉਪਦੇਸ਼, ਦੇਸ਼, ਕਾਲ ਤੇ ਜੰਤਾਂ ਦੀ ਅਵਸਥਾ-ਵਸ, ਇਕ ਸਮਾਨ ਪਹੁੰਚ ਤੇ ਸੁਗਿਆਨ ਨਹੀਂ ਰਖਦਾ। ਇਸ ਸੱਚ ਦੀ ਇਕ ਵਿਆਖਿਆ ਵੀਚਾਰਨਵਾਨ ਇਉਂ ਕਰਦਾ ਹੈ :—

'ਤੂਰ ਪਰ ਕੋਈ, ਕੋਈ ਅਰਸ਼ਿ ਬਰੀਂ ਪਰ ਪਹੁੰਚਾ
ਜਹਾਂ ਤੱਕ ਜਿਸ ਕੀ ਪ੍ਰਵਾਜ਼ ਥੀ, ਵੁਹ ਵਹੀਂ ਤੱਕ ਪਹੁੰਚਾ।

ਉਪ੍ਰੋਕਤ ਸ਼ੇਅਰ ਦੇ ਸੱਚ ਤੋਂ ਪ੍ਰਭਾਵਤ ਹੋ ਕੇ ਹੀ, ਕਦੀ, ਇਸ ਲੇਖਕ ਅੰਦਰੋਂ ਗੁਰੂ ਬਾਬੇ ਦੀ ਇਕ ਓਅੰਕਾਰੀ 'ਬੜਾਈ' ਅਤੇ ਲਾਸਾਨੀ ਮੁਸਾਵਾਤ (ਸਾਂਝੀ-ਵਾਲਤਾ) ਬਾਰੇ ਇਹ ਤੁੱਛ ਵੀਚਾਰ ਕਵਿਤਾ ਦਾ ਜਾਮਾ ਪਾ, ਸਫੁੱਟ ਬਾਹਰ ਆਏ ਸਨ :

ਯੂੰ ਤੋ ਅਉਰ ਭੀ ਹੋ ਗੁਜ਼ਰੇ ਹੈਂ ਵਲੀ ਅੱਲਾ ਬਹੁਤ ਅੱਛੇ,
ਹੈ ਮਗਰ ਨਾਨਕ ਕੀ ਪਰਵਾਜ਼ਿ ਅਲਾਹੀ ਕਾ ਨਿਸ਼ਾਂ, ਕੁੱਛ ਅਉਰ।
ਤੂਰ ਪਰ ਕੋਈ, ਕੋਈ ਅਰਸ਼ਿ ਬਰੀਂ ਪਰ ਪਹੁੰਚਾ,
ਹੈ ਮਗਰ ਬਾਬੇ ਕੀ ਬੜਾਈ ਕਾ ਮਕਾਂ, ਕੁੱਛ ਅਉਰ।
ਦੇਤੇ ਹੈ ਵੁਹ ਲਾਰੇ ਹੂਰੋਂ ਕੇ ਬਨੀ ਆਦਮ ਕੋ,
ਹੈ ਮਗਰ ਨਾਨਕ ਕਾ ਪੁਰ-ਅਮਲ ਜਹਾਂ, ਕੁੱਛ ਅਉਰ।
ਹੋਤਾ ਹੈ ਉਨ ਕੀ ਗਰਜ਼ੇ ਗੁਮਾਂ ਸੇ ਜਹਾਂ ਤਾਰੀਕ,
ਹੈ ਮਗਰ ਨਾਨਕ ਕਾ ਪੁਰ ਨੂਰ ਜਹਾਂ, ਕੁੱਛ ਅਉਰ।
ਕਰਤੇ ਹੈਂ ਵੁਹ ਕੁਫਰੋ ਦੀਂ ਕੇ ਤਕਾਜ਼ੋ ਸੇ, ਇਨਸਾਂ ਤਕਸੀਮ,
ਹੈ ਮਗਰ ਨਾਨਕ ਕੀ ਮੁਸਾਵਾਤਿ ਇਲਾਹੀ ਕੀ ਬਿਨਾਂ, ਕੁੱਛ ਅਉਰ
ਪਾਬੰਦ ਨਹੀਂ ਜੋ ਕਾਅਬਾ ਓ ਬੁਤਖਾਨਾ ਕਾ,
ਹੈ ਵੁਹੀ ਨਾਨਕ ਕਾ ਹਰ-ਜਾਈ ਖੁਦਾ, ਕੁੱਛ ਅਉਰ।

ਖੋ ਜਾਤਾ ਹੂੰ ਜਬ ਕਭੀ ਮੈਂ ਆਲਮਿ ਨਾਨਕ ਮੇਂ,
ਤੋ ਹੋਤਾ ਹੈ ਮੁਝੇ ਬਾਬੇ ਕੀ ਬੜਾਈ ਕਾ ਗੁਮਾਂ, ਕੁੱਛ ਅਉਰ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਸ ਸੁਲਹਕੁਨ ਸਾਂਝੀਵਾਲਤਾ ਦੀ ਹਕੀਕਤ ਜਦ ਵੀਚਾਰਵਾਨ, ਅਕਬਰ 'ਅਲਾਹਬਾਦੀ' ਉਤੇ ਰੌਸ਼ਨ ਹੁੰਦੀ ਹੈ, ਤਾਂ ਉਹ, ਸੰਨ 1913 ਵਿਚ, ਬੇ-ਸਾਖਤਾ ਪੁਕਾਰ ਉਠਦਾ ਹੈ।

ਮੇਰੇ ਖ਼ਾਮਾ (ਕਦਮ) ਕੋ ਤੇਰੀ ਮਦਹ ਸੇ ਕਿਉਂ ਐਸੀ ਰਗ਼ਬਤ (ਖਾਹਸ਼, ਇੱਛਾ) ਹੈ
ਕਿ ਜਿਸ ਸੇ ਦਿਲ ਮੇਰਾ ਅਕਸਰ ਹਮ ਅਹੰਗਿ ਅਕੀਦਤ (ਸਿਜਦਾ) ਹੈ।
ਨ ਮੈਂ ਖ਼ੂ-ਗਰ ਕਿਸੀ ਜ਼ੀ ਮਰਤਬਤ (ਵੱਡਾ ਆਦਮੀ) ਕੀ ਮਦਹਖਾਨੀ (ਪ੍ਰਸੰਸਾ) ਕਾ,
ਨ ਤੁਝ ਕੋ ਬੇ-ਅਸਰ ਬਾਤੋਂ ਸੇ ਖੁਸ਼ ਹੋਨੇ ਕੀ ਆਦਤ ਹੈ।
ਸਮਝਤਾ ਹੂੰ ਤੇਰੀ ਕੁਰਬਾਨੀਓਂ ਕੋ ਰੂਹਿ ਜਾਂਬਾਜ਼ੀ
ਕਿ ਜਿਨਕੇ ਜ਼ਿਕਰਿ ਪੈਹਮ ਸੇ, ਜ਼ਬਾਨੋਂ ਮੇਂ ਹਲਾਵਤ ਹੈ।
ਨਜ਼ਰ ਅਫਰੋਜ਼ ਹੈ ਐਸੇ, ਤੇਰੀ ਤਨਜੀਮ (ਵਿਉਂਤ) ਕੇ ਜਲਵੇ
ਕਿ ਜਿਨ ਸੇ ਚਰਖ (ਆਕਾਸ਼) ਕੀ ਬੇ-ਮਿਹਰ ਆਖੋਂ ਮੇ ਤਰਾਵਤ (ਨਮੀ) ਹੈ।
ਤੇਰੇ ਬੱਚੇ ਜਵਾਂ ਹਿੰਮਤ, ਕਿਆਮਤ ਨੌਜਵਾਂ ਤੇਰੇ,
ਤੇਰੇ ਬੂੜੋਂ ਕੇ ਖ਼ੂੰ ਮੇਂ ਨੌਜਵਾਨੋ ਸੀ ਹਰਾਰਤ (ਗਰਮੀ) ਹੈ।
ਤੇਰੇ ਮਜ਼ਹਬ ਕੇ ਚਸ਼ਮੇ ਕੋ, ਤਅੱਲਕ ਸੁਲਹ-ਕੁਲ ਸੇ ਹੈ,
ਯਹੀ ਚਸ਼ਮਾ ਹੈ ਜਿਸ ਕੀ ਸਾਰੀ ਦੁਨੀਆਂ ਕੋ ਜ਼ਰੂਰਤ ਹੈ।
ਫ਼ਕ਼ਤ ਮਨਜ਼ੂਰ ਹੈ ਅਜ਼ਹਾਰਿ ਹੱਕ ਇਸ ਮਦਹ ਸੇ; ਵਰਨਾ,
ਮੁਝੇ, ਇਨ ਚੀਜ਼ੋ ਕੀ 'ਅਕਬਰ' ਨ ਫ਼ੁਰਸਤ ਹੈ ਨ ਆਦਤ ਹੈ।

ਖ਼ੁਦਾ ਦੀ ਤੌਹੀਦ, (ਵਾਹਿਗੁਰੂ ਦੀ ਏਕਤ੍ਰਤਾ) ਉਤੇ ਅਧਾਰਤ ਗੁਰਮਤਿ ਸਾਂਝੀ-ਵਾਲਤਾ ਦੀ ਗੱਲ, ਅੱਲਾਮਾ ਇਕਬਾਲ ਨੇ ਵੀ 'ਨਾਨਕ' ਸਿਰਲੇਖ ਹੇਠ ਲਿਖੀ ਕਵਿਤਾ ਦੇ ਅੰਤ ਵਿਚ ਇਉਂ ਕੂਕ ਸੁਣਾਈ ਹੈ :

'ਫਿਰ ਉਠੀ ਆਖਰ ਸਦਾਅ 'ਤੌਹੀਦ' ਕੀ ਪੰਜਾਬ ਸੇ।
ਹਿੰਦ ਕੋ ਇਕ 'ਮਰਦਿ' ਕਾਮਲ (ਨਾਨਕ) ਨੇ ਜਗਾਇਆ ਖ਼੍ਵਾਬ ਸੇ।'

ਅਤੇ ਖ਼ੁਦਾ ਦੀ ਤੋਹੀਦ, ਵਾਹਦਾਨੀਅਤ (ਇਕ ਓਅੰਕਾਰਤਾ) ਉਤੇ ਹੀ ਹੈ ਆਧਾਰਤ : ਸਰਬ ਸੁਖਦਾਈ, ਅਬਦੀ, ਅਦੁੱਤੀ ਤੇ ਕਲਿਆਣਕਾਰੀ ਗੁਰਮਤਿ ਦੀ ਸ੍ਰੇਸ਼ਟ "ਸਾਂਝੀਵਾਲਤਾ"

ਅੰਤ ਵਿਚ ਸਤਿਵਾਦੀ ਪੰਜਵੇਂ ਨਾਨਕ, ਸ੍ਰੀ ਗੁਰੂ ਅਰਜੁਨ ਦੇਵ ਜੀ ਦੀ 'ਗੁਰਮਤਿ ਵਿਚਲੀ ਸਾਂਝੀਵਾਲਤਾ' ਬਾਰੇ ਪ੍ਰਾਪਤ ਅਕੱਟ ਲਾ-ਜਵਾਬ ਤੇ ਲਾਜ਼ਵਾਲ ਗਵਾਹੀ ਅੰਕਿਤ ਕਰਦਾ ਹੈ, ਤੇ ਆਪਣੇ ਇਸ ਅਲਪ ਬੁੱਧ-ਸੰਖੇਪ ਬਿਆਨ ਨੂੰ, ਹੋਈ ਭੁੱਲ ਚੁੱਕ ਲਈ ਖਿਮਾ ਦੀ ਜਾਚਨਾ ਸਹਿਤ, ਸਨਿਮਰ ਸਮਾਪਤ ਕਰਦਾ ਹਾਂ :

'ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧ ਸੰਗਤਿ ਮੋਹਿ ਪਾਈ ॥੧॥ਰਹਾਉ॥
ਨ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ ॥
ਜੋ ਪ੍ਰਭ ਕੀਨੋ, ਸੋ ਭਲ ਮਾਨਿਓ, ਇਹ ਸੁਮਤਿ ਸਾਧੂ ਤੇ ਪਾਈ ॥
ਸਭ ਮਹਿ ਰਵਿ ਰਹਿਆ ਪ੍ਰਭ ਏਕੈ, ਪੇਖਿ ਪੇਖਿ ਨਾਨਕ ਬਿਗਸਾਈ ॥

(ਕਾਨੜਾ, ਪੰਨਾ 1299)

ਤਥਾ—'ਸਭੁ ਕੋ ਮੀਤੁ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ ।
ਦੂਰ ਪਰਾਇਓ ਮਨ ਕਾ ਬਿਰਹਾ, ਤਉ ਮੇਲੁ ਕੀਓ ਮੇਰੇ ਰਾਜਨ ॥ (ਪੰ: 671)

ਸਭ ਨਾਲ ਸੱਚੀ ਸੱਜਣਤਾਈ ਤੇ ਮੈਤ੍ਰੀ ਭਾਵਾਂ-ਭਿੱਜਾ ਮੇਲ ਮਿਲਾਪ ਤੇ ਸਾਂਝ ਹੀ, ਤਾਂ, ਬੇਜੋੜ 'ਗੁਰਮਤਿ ਸਾਂਝੀਵਾਲਤਾ' ਦਾ ਦੂਜਾ ਨਾਮ ਹੈ ।

ਨਿਸਚੇ ਜਾਣੋ, ਜਦ ਜਦ ਵੀ ਸੰਪ੍ਰਦਾਈ ਸੰਕੀਰਣਤਾ, ਮਜ਼ਹਬੀ ਤੁਅਸਬ ਤੇ ਕੌਮੀਅਤ ਦੀ ਆਹਨੀ ਪਕੜ ਤੋਂ, ਬਗਾਵਤ ਕਰਕੇ ਮਨੁੱਖ, ਦਿਲੀ ਤੇ ਦਾਇਮੀ ਸਾਂਝ ਲਈ ਹੰਭਲਾ ਮਾਰੇਗਾ ਤਾਂ ਗੁਰਮਤਿ ਸਾਂਝੀਵਾਲਤਾ ਦੀ ਜਾਗਦੀ ਤੇ ਜਗਦੀ ਜੋਤਿ ਸਦਾ ਉਸ ਦੇ ਰਾਹ ਰੌਸ਼ਨ ਤੇ ਦੇਵੀ ਅਗਵਾਈ ਕਰਦੀ ਰਹੇਗੀ :

ਆਮੀਨ !

ਗੁਰੂ ਪੰਥ ਦਾ ਦਾਸਨ ਦਾਸ
ਤੇ
ਬਿਬੇਕ ਬੁੱਧ ਵੀਚਾਰਵਾਨਾਂ ਦੀ ਚਰਨ-ਰੱਜ,
ਹਰਿਭਜਨ ਸਿੰਘ

# ਗੁਰਬਾਣੀ ਦੀ ਲਿਖਣ-ਸ਼ੈਲੀ, ਉਚਾਰਣ ਤੇ ਵਿਸ਼ਵ-ਵਿਆਪਕਤਾ

'ਧੁਰੋਂ ਪਠਾਏ' ਸ੍ਰੀ ਗੁਰੂ ਨਾਨਕ ਦੇਵ ਜੀ, ਅਥਵਾ ਉਨ੍ਹਾਂ ਦੀ ਜੋਤਿ ਤੇ ਉੱਤਰਾਧਿਕਾਰੀ ਬਾਕੀ ਗੁਰੂ ਸਾਹਿਬਾਨ, ਸਦਾ, ਰੱਬੀ ਪਿਆਰ ਨਾਲ ਸਰਸ਼ਾਰ ਤੇ ਇਕ-ਸੁਰ ਹੋ ਵਿਚਰੇ। ਅਜਿਹੀ ਸਮਾਧੀ ਗੜ੍ਹੂਦ ਤੇ ਵਿਸਮਾਦਤ ਅਵਸਥਾ ਵਿਚ, ਜਾਂ ਸੱਚੇ ਮਾਰਗੋਂ ਭੁੱਲੀ ਭਟਕੀ ਲੋਕਾਈ ਨੂੰ ਸੁਗਿਆਨ-ਉਪਦੇਸ਼ ਦੇਣ ਹਿਤ ਜਾਂ ਅੱਨਮੱਤੀਆਂ ਨਾਲ ਗਿਆਨ-ਚਰਚਾ ਕਰਦਿਆਂ ਜੋ 'ਬਾਣੀ' ਸਤਿਗੁਰੂਆਂ ਦੇ ਪਾਰ-ਦਰਸ਼ਕ ਹਿਰਦਿਆਂ ਉੱਤੇ ਉੱਤਰੀ, ਅਤੇ ਜੋ ਉਨ੍ਹਾਂ ਨੇ ਆਪਣੀਆਂ ਆਤਮ-ਡੂੰਘਾਈਆਂ ਵਿਚ ਵਸਾ ਕੇ, ਬੈਖਰੀ ਬਾਣੀ ਦੁਆਰਾ ਜਗਤ-ਜੀਵਾਂ ਦੀ ਸਦੀਵੀ ਅਗਵਾਈ ਤੇ ਭਲਾਈ ਹਿੱਤ ਆਖ ਸੁਣਾਈ, ਉਸ ਨੂੰ 'ਗੁਰਬਾਣੀ' ਦੀ ਸੰਗਿਆ ਦਿੱਤੀ ਗਈ। ਸਤਿਗੁਰੂਆਂ ਦਾ ਦਾਅਵਾ ਬਰ-ਹੱਕ ਹੈ ਕਿ 'ਆਮਦ' ਉਤੇ ਇਉਂ ਆਈ ਇਹ 'ਖਸਮ ਕੀ ਬਾਣੀ', ਸਭ ਲਈ, ਸਦਾ ਸਫਲ ਤੇ ਸੁਖਦਾਈ ਹੈ, ਸੱਚੀ ਹੈ ਅੰਮ੍ਰਿਤ ਹੈ। ਉਨ੍ਹਾਂ ਦਾ ਆਪਣਾ ਪਵਿੱਤਰ ਫੁਰਮਾਨ ਹੈ :—

ੳ) ਜੈਸੀ ਮੈ ਆਵੈ, ਖਸਮ ਕੀ ਬਾਣੀ,<br>
ਤੈਸੜਾ ਕਰੀ ਗਿਆਨ ਵੇ ਲਾਲੋ।

(ਮ: ੧, ਪੰ: 722)

ਅ) ਸਚ ਕੀ ਬਾਣੀ ਨਾਨਕ ਆਖੈ,<br>
ਸਚੁ ਸੁਣਾਇਸੀ, ਸਚ ਕੀ ਬੇਲਾ।

(ਮ: ੧, ਪੰ: 723)

ੲ) ਤਾ ਮੈ ਕਹਿਆ ਕਹਿਣੁ,<br>
ਜਾ ਤੁਝੈ ਕਹਾਇਆ ॥ (ਮ: ੧, ਪੰ: 556)

ਸ) ਹਉ ਆਪਹੁ ਬੋਲਿ ਨ ਜਾਣਦਾ, ਮੈ ਕਹਿਆ ਸਭੁ ਹੁਕਮਾਉ ਜੀਉ ॥

(ਮ. ੧, ਪੰ: 763)

ਹ) ਗੁਰ ਕਾ ਸਬਦੁ ਅੰਮ੍ਰਿਤ ਹੈ, ਜਿਤੁ ਪੀਤੈ ਤਿਖ ਜਾਇ ॥

(ਮ: 3, ਪੰ: 35)

ਇਹੀ ਨਹੀਂ ਕਿ ਗੁਰੂ ਸਾਹਿਬਾਨ ਅਥਵਾ ਹੋਰ ਸਤਿਪੁਰਖਾਂ ਵਲੋਂ ਰਚੀ ਇਸ ਅੰਮ੍ਰਿਤ ਬਾਣੀ ਵਿਚ ਮਾਇਆ-ਗ੍ਰਸਤ ਤੇ ਚੰਚਲ ਮਨੁੱਖੀ-ਮਨ ਦੀ ਮਿਲਾਵਟ ਦਾ ਕੋਈ ਅੰਸ਼ ਨਹੀਂ, ਸਗੋਂ ਉਹਨਾਂ ਵਲੋਂ ਇਹ ਨੁਕਤਾ ਵੀ ਸਪਸ਼ਟ ਕਰਨ ਦਾ ਉਪਕਾਰ ਕੀਤਾ ਗਿਆ ਹੈ ਕਿ ਇਹ ਬਾਣੀ ਸਤਿਗੁਰਾਂ ਦੀ ਜੋਤਿ ਹੈ, ਆਤਮਾ ਹੈ, ਸ਼ਬਦ-ਗੁਰੂ ਹੈ। ਆਪ ਜੀ ਦੇ ਅੰਮ੍ਰਿਤ ਬਚਨ ਹਨ :

ੳ) ਸਬਦੁ ਗੁਰੂ, ਸੁਰਤਿ ਧੁਨਿ ਚੇਲਾ ॥ (ਮ: ੧, ਪੰ: 943)

ਅ) ਸਤਿਗੁਰ ਬਚਨ, ਬਚਨ ਹੈ ਸਤਿਗੁਰ, ਪਾਧਰੁ ਮੁਕਤਿ ਜਨਾਵੈਗੋ ॥

(ਮ: 4, ਪੰ: 1310)

ੲ) ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥

(ਮ: 4, ਪੰ: 922)

ਵਿਦਵਾਨਾਂ ਨੇ ਬਾਣੀ (ਬੋਲੀ) ਨੂੰ ਚੌਹ ਤਰ੍ਹਾਂ ਦਾ ਦੱਸਿਆ ਅਤੇ ਇਸ ਦੇ ਇਹ ਚਾਰ ਮੁਕਾਮ ਨਿਯਤ ਕੀਤੇ ਹਨ :

1) ਪਰਾ ਬਾਣੀ : ਮੂਲਾਧਰ ਵਿਚ ਰਹਿਣ ਵਾਲਾ ਸ਼ਬਦ (ਬੋਲ);
2) ਪਸ਼ਅੰਤੀ ਬਾਣੀ : ਮੂਲਾਧਰ ਤੋਂ ਉੱਠ ਕੇ ਹਿਰਦੇ ਵਿਚ ਆਇਆ ਸ਼ਬਦ;
3) ਮੱਧਮ ਬਾਣੀ : ਹਿਰਦੇ ਤੋਂ ਕੰਠ ਵਿਚ ਆਇਆ ਸ਼ਬਦ;
4) ਵੈਖਰੀ ਬਾਣੀ : ਮੁੱਖ ਤੋਂ ਉਚਾਰਣ ਹੋਇਆ ਸ਼ਬਦ।

ਸੋ, ਮਨੁੱਖ ਦਾ ਸਭ ਤੋਂ ਵੱਡਾ ਵਸੀਲਾ, ਜਿਸ ਨਾਲ ਉਹ ਆਪਣੇ ਦਿਲੀ ਭਾਵ, ਦੂਜਿਆਂ ਤੱਕ ਬੋਲ ਜਾਂ ਲਿਖ ਕੇ, ਪਹੁੰਚਾਉਂਦਾ ਹੈ ਅਤੇ ਜੀਵਨ ਦਾ ਸਾਰਾ ਕਾਰ-ਵਿਹਾਰ ਚਲਾਉਂਦਾ ਹੈ, ਬੈਖਰੀ (ਵੈਖਰੀ) ਬਾਣੀ ਹੈ। ਪਹਿਲੀਆਂ ਤਿੰਨ ਬਾਣੀਆਂ ਮਨੁੱਖ ਦੀ ਆਪਣੀ ਜ਼ਾਤ ਤੱਕ ਹੀ ਸੀਮਤ ਰਹਿੰਦੀਆਂ ਹਨ।

ਸਾਨੂੰ ਇਹ ਸਚਾਈ ਵੀ ਮੰਨ ਕੇ ਤੁਰਨਾ ਪਵੇਗਾ ਕਿ ਜਿੱਥੇ ਬੋਲੀ ਹੈ, ਉਥੇ ਉਸ ਬੋਲੀ ਤੇ ਉਸ ਵਿਚਲੇ ਭਾਵਾਂ ਨੂੰ ਸਥਾਈ ਤੌਰ ਉਤੇ ਸਾਂਭਣ ਲਈ ਚਿੰਨ੍ਹਾਂ ਅਥਵਾ ਅੱਖਰਾਂ ਦੀ ਲੋੜ ਹੈ। ਭਗਤ ਕਬੀਰ ਜੀ ਇਸ ਸੱਚ ਨੂੰ ਇਉਂ ਪ੍ਰਗਟਾਉਂਦੇ ਹਨ :

ਜਹਾ ਬੋਲ ਤਹ ਅਛਰ ਆਵਾ ॥ ਜਹ ਅਬੋਲ ਤਹ ਮਨੁ ਨ ਰਹਾਵਾ॥

(ਗਉੜੀ, ਪੰ: 340)

(ਭਾਵ—ਜਿਥੇ ਬੋਲੀ ਹੈ, ਉਥੇ ਉਸ ਬੋਲੀ ਨੂੰ ਸਾਂਭਣ ਤੇ ਵਰਤਣ ਲਈ ਅੱਖਰ ਵੀ ਜ਼ਰੂਰ ਹੋਣਗੇ। ਬੈਖਰੀ ਬੋਲੀ ਰਾਹੀਂ ਪ੍ਰਗਟਾਏ ਮਨੋਭਾਵਾਂ ਨੂੰ ਅਖਰਾਂ ਅਥਵਾ ਲਿਪੀ ਰਾਹੀਂ ਹੀ ਸਾਂਭਿਆ ਤੇ ਸੁਰੱਖਯਤ ਰਖਿਆ ਜਾ ਸਕਦਾ ਹੈ। ਦੂਜੇ, ਜਿਥੇ ਬੋਲੀ ਨਹੀਂ, ਉਥੇ

ਮਨ ਨਹੀਂ ਠਹਿਰ ਸਕਦਾ, ਭਾਵ, ਬੋਲੀ ਬਿਨਾ ਕੋਈ ਖਿਆਲ ਨਹੀਂ ਬੰਨ੍ਹਿਆ ਜਾਂ ਬਿਆਨਿਆ ਜਾ ਸਕਦਾ।)

ਇਸ ਸਬੰਧ ਵਿਚ ਇਹ ਤੱਥ ਵੀ ਨੋਟ ਕਰਨ ਯੋਗ ਹੈ ਕਿ ਜਿਵੇਂ ਅਕਾਲ ਪੁਰਖ ਵਾਹਿਗੁਰੂ ਮਨੁੱਖੀ ਵੀਚਾਰ ਤੇ ਬਿਆਨ ਦੀ ਸੀਮਾ ਤੋਂ ਬਾਹਰਾ ਹੈ: ਏਸੇ ਤਰ੍ਹਾਂ ਉਸ ਨਾਲ ਗੁਣਾਂ ਕਰਕੇ ਅਭੇਦ ਹੋਏ ਸਤਿਪੁਰਖਾਂ ਦੇ ਅਨੁਭਵੀ ਗਿਆਨ ਦਾ ਵੀ ਕੋਈ ਪਾਰਾਵਾਰ ਨਹੀਂ। ਅੱਖਰਾਂ ਜਾਂ ਬੋਲੀ ਵਿੱਚ, ਇਹ ਸਮਰਥਾ ਨਹੀਂ ਕਿ ਉਹ ਉਸ ਦੇ ਅਮੁੱਲ ਅਤੁੱਲ ਤੇ ਬੇਅੰਤ (ਅਨੁਭਵੀ) ਗਿਆਨ-ਭੰਡਾਰ ਦਾ ਪੂਰਨ ਪ੍ਰਕਾਸ਼ ਤੇ ਬਿਆਨ ਕਰ ਸਕੇ। ਹੋਰ ਤੇ ਹੋਰ, ਅੱਖਰਾਂ (ਬੋਲੀ) ਦੁਆਰਾ ਪ੍ਰਗਟਾਈ ਗਈ ਗੁਰਬਾਣੀ ਦਾ ਗਿਆਨ ਭੰਡਾਰ ਹੀ ਇਤਨਾ ਸਰਬ-ਪੱਖੀ, ਸਰਬ-ਕਾਲੀ, ਵਿਸ਼ਾਲ ਤੇ ਗਹਿਰ ਗੰਭੀਰ ਹੈ, ਜਿਸ ਦੀ ਥਾਹ, ਕਦੀ ਵੀ, ਇਸ ਦੇ ਅਭੁੱਲ ਰਚੇਤਾਵਾਂ ਤੋਂ ਸਿਵਾਂ, ਹੋਰ ਜੀਵਾਂ ਲਈ ਪਾ ਸਕਣੀ ਸੰਭਵ ਨਹੀਂ।

## ਬਾਣੀ ਦੀ ਵਿਸ਼ੇਸ਼ ਲਿਖਣ-ਵਿਧੀ ਤੇ ਵਿਆਕਰਣਕ ਨੇਮ :-

ਆਦਿ ਸਤਿਗੁਰੂ ਨਾਨਕ ਦੇਵ ਜੀ, ਧੁਰ ਦਰਗਾਹੋਂ, ਜੋ ਵਿਸ਼ੇਸ਼ ਮਿਸ਼ਨ ਲੈ ਕੇ ਆਏ ਸਨ, ਉਹ ਸੀ: 'ਹੁਕਮੀ ਪ੍ਰਭੂ' ਦੀ ਰਜ਼ਾ ਵਿਚ ਚੱਲ ਕੇ, ਮਨੁੱਖ ਦੇ ਅੰਦਰੋਂ ਕੂੜ ਦੀ ਕੰਧ ਨੂੰ ਤੋੜਨਾ, ਅਤੇ ਉਸ ਨੂੰ ਮਨ ਬਚਨ ਤੇ ਕਰਮ ਕਰਕੇ 'ਸਚਿਆਰ' ਬਨਾਉਣਾ। ਤੀਜੇ ਗੁਰਦੇਵ, ਸ੍ਰੀ ਗੁਰੂ ਅਮਰਦਾਸ ਜੀ ਇਸ 'ਇਕ ਓਅੰਕਾਰੀ' ਮਾਰਗ ਤੇ ਮੰਜ਼ਲ ਵੱਲ ਵਧਣ ਦਾ ਸੰਕੇਤ ਇਉਂ ਦਿੰਦੇ ਹਨ :—

ਇਕਾ ਬਾਣੀ, ਇਕੁ ਗੁਰੁ, ਇਕੋ ਸ਼ਬਦੁ ਵੀਚਾਰਿ ॥ (ਪੰ: 646)

ਕਿਉਂਕਿ ਸਮੂਹ ਗੁਰੂ ਸਾਹਿਬਾਨ ਦੇ ਇਸ ਉਪਕਾਰੀ ਉਦਮ ਦਾ ਉਦੇਸ਼ ਇਕ-ਸਮਾਨ ਇਕ ਸੀ, ਇਸ ਲਈ ਆਪ ਜੀ ਨੇ ਜਿੱਥੇ ਆਸ਼ਾ, ਇਸ਼ਟ ਉਪਾਸ਼ਨਾ ਆਦਿ ਬਾਰੇ ਪ੍ਰਗਟਾਏ ਵੀਚਾਰਾਂ ਵਿਚ ਇਕ-ਸਾਰਤਾ ਰੱਖੀ, ਉਥੇ ਉਹਨਾਂ ਵੀਚਾਰਾਂ ਨੂੰ ਕਵਿਤਾ ਵਿਚ, ਲਿਪੀ-ਬੱਧ ਕਰਨ ਵੇਲੇ ਵੀ ਵਿਸ਼ੇਸ਼ ਲਿਖਣ-ਸ਼ੈਲੀ ਅਤੇ ਵਿਆਕਰਣਕ ਨੇਮਾਂ ਦੀ ਵਰਤੋਂ ਕੀਤੀ। ਇਸ ਹਕੀਕਤ ਨੂੰ, 'ਸ਼ਬਦਾਰਥ ਸ੍ਰੀ ਗੁਰੁ ਗ੍ਰੰਥ ਸਾਹਿਬ', ਪੋਥੀ ਪਹਿਲੀ ਦੀ ਭੂਮਿਕਾ ਵਿਚ ਪ੍ਰਿੰ: ਤੇਜਾ ਸਿੰਘ ਜੀ ਵਲੋਂ ਇਉਂ ਦਰਸਾਇਆ ਗਿਆ ਹੈ :—

**'ਬਾਣੀ ਦੇ ਸਮਝਣ ਵਿਚ ਸੌਖ ਪੈਦਾ ਕਰਨ ਲਈ ਇਸ ਦੀ ਲਿਖਤ, ਖਾਸ ਕਰਕੇ ਸ਼ਬਦਾਂਤਿਕ ਲੱਗਾਂ ਮਾਤ੍ਰਾਂ, ਦੇ ਕੁਝ ਨੇਮ ਦੇਣੇ ਜ਼ਰੂਰੀ ਹਨ। ਇਨ੍ਹਾਂ ਦਾ ਪੂਰਾ ਪੂਰਾ ਪਤਾ ਗੁਰੂ ਮਹਾਰਾਜ ਤੋਂ ਬਿਨਾਂ ਕਿਸੇ ਦੂਜੇ ਨੂੰ ਨਹੀਂ ਹੋ ਸਕਦਾ; ਪਰ, ਬਾਣੀ ਨੂੰ, ਅਭਿਆਸ ਨਾਲ ਪੜ੍ਹਨ ਨਾਲ ਗੁਰੂ ਜੀ ਦੀ ਬੇਅੰਤ ਵਿਦਵਤਾ ਤੇ ਵਹਾਉ ਦੇ ਪਿਛੇ ਪਿਛੇ ਚੱਲ ਕੇ, ਕੁੱਝ ਕੁ ਥਹੁ ਲਗਣਾ ਸੰਭਵ ਹੈ ਕਿ ਇਹ ਵਹਾਉ ਕਿਸ ਪਾਸੇ ਚਲਦਾ ਹੈ। ਬਾਣੀ ਬੇ-ਨਿਯਮੀ ਨਹੀਂ ਲਿਖੀ ਹੋਈ, ਕਿਸੇ ਨ ਕਿਸੇ ਤਰੀਕੇ ਨਾਲ ਲਿਖੀ ਹੈ। ਉਹ ਤਰੀਕਾ, ਸਦੀਆਂ ਦੀ ਅਣਗਹਿਲੀ ਪਿਛੋਂ, ਲਭਣਾ ਬਹੁਤ ਮੁਸ਼ਕਲ ਹੋ ਗਿਆ ਹੈ। ਪਰ, ਫਿਰ ਵੀ**

ਸਾਰਾ ਜਤਨ ਨਿਰਾਰਥ ਨਹੀਂ ਜਾਂਦਾ 'ਕੁਝ ਨ ਕੁਝ ਪੱਲੇ ਪੈ ਹੀ ਜਾਂਦਾ ਹੈ, ਨਹੀਂ ਤਾਂ, ਟੀਕੇ ਕਰਨੇ ਜਾਂ ਕਥਾ ਵਖਿਆਨ ਦੁਆਰਾ ਬਾਣੀ ਦੇ ਪਾਠ ਜਾਂ ਭਾਵ ਬਾਬਤ ਕੁਝ ਵੀ ਕਹਿਣਾ ਨਹੀਂ ਬਣਦਾ।' (ਪੰ—ਅ)

ਦਰੁਸਤ ਹੈ, ਬਾਣੀ ਦੇ ਆਪਣੇ ਲਿਖਣ-ਨੇਮ ਹਨ ਅਤੇ ਆਪਣਾ ਵਿਆਕਰਣ ਹੈ। ਸਾਧਾਰਣ ਪੰਜਾਬੀ ਵਾਰਤਕ ਦੀ ਲਿਖਤ ਅਤੇ ਗੁਰਬਾਣੀ ਦੀ ਲਿਖਣ-ਵਿਧੀ ਵਿਚ ਵੱਡਾ ਅੰਤਰ ਹੈ। ਜਿਹੜਾ ਇਸ ਹਕੀਕ਼ਤ ਤੋਂ ਇਨਕਾਰ ਕਰਦਾ ਹੈ, ਮਾਨੋ, ਉਹ ਗੁਰਬਾਣੀ-ਵੀਚਾਰ ਦੀ ਸੀੜ੍ਹੀ ਦੇ ਪਹਿਲੇ ਡੰਡੇ ਤੋਂ ਹੀ ਖੁੰਝ ਗਿਆ ਹੈ। ਉਸ ਉਤੇ ਇਹ ਸ਼ੇਅਰ ਡਾਢਾ ਢੁਕਦਾ ਹੈ ;

'ਹਰ ਗਾਮ* ਪੇ ਦੂਰ ਹੂਈ ਜਾਤੀ ਹੈ ਮੰਜ਼ਲ ਮੇਰੀ,<br>
ਮੈਂ ਭੀ ਸਫ਼ਰ ਮੇਂ ਹੂੰ, ਮੇਰੀ ਮੰਜ਼ਲ ਭੀ ਸਫ਼ਰ ਮੇਂ ਹੈ।'' (ਇਕ਼ਬਾਲ)

ਵਾਰਤਕ ਵਿਚ ਅੱਖਰਾਂ ਨਾਲ ਆਈਆਂ ਲਗਾਂ ਮਾਤਰਾਂ, ਕੇਵਲ, ਉਚਾਰਣ ਦਾ ਕੰਮ ਦੇਂਦੀਆਂ ਹਨ, ਉਚਾਰਣਾਤਮਕ ਹਨ, ਪਰ ਗੁਰਬਾਣੀ ਵਿਚ ਉਚਾਰਣਾਤਮਕ ਲਗਾਂ ਵੀ ਹਨ ਅਤੇ ਨਾਲ ਵਿਆਕਰਣਕ ਨੇਮਾਂ ਅਧੀਨ ਕੇਵਲ ਅਰਥ-ਬੋਧਕ, ਅਥਵਾ ਅਰਥਾਤਮਕ ਵੀ। ਵਿਸ਼ੇਸ਼ ਕਰਕੇ ਪਦਾਂ ਦੇ ਅੰਤ ਵਿਚ ਆਏ ਔਂਕੜ ਤੇ ਸਿਹਾਰੀ ਦੇ ਚਿੰਨ੍ਹ। ਇਹੀ ਕਾਰਣ ਹੈ ਕਿ ਹਰ ਸਿੱਖ, ਸਤਿਗੁਰੂ ਜੀ ਪਾਸੋਂ, ਅਰਦਾਸ ਵਿਚ ਸਦਾ ਤੌਫ਼ੀਕ ਮੰਗਦਾ ਹੈ ਕਿ ਉਸ ਨੂੰ 'ਸ਼ੁੱਧ ਗੁਰਬਾਣੀ' ਪੜ੍ਹਨ ਦੀ ਸਮਰਥਾ ਪ੍ਰਾਪਤ ਹੋਵੇ। ਸਾਧਾਰਣ ਸ਼ਬਦ-ਜੋੜਾਂ ਦੇ ਨੇਮਾਂ ਅਨੁਸਾਰ ਲਿਖੀ ਪੰਜਾਬੀ-ਵਾਰਤਕ ਜਾਂ ਕਵਿਤਾ ਦਾ ਸ਼ੁੱਧ ਪਾਠ ਕਰਨ ਲਈ ਕਦੀ ਕਿਸੇ ਨੇ ਐਸੀ ਭਾਵਨਾ-ਭਿੱਜੀ ਉਚੇਚੀ ਅਰਦਾਸ ਨਹੀਂ ਕੀਤੀ। 'ਗੁਰਬਾਣੀ' ਬੋਧ ਲਈ ਸਮੂਹ ਪਾਠਕਾਂ ਵਲੋਂ ਗੁਰਬਾਣੀ ਦਾ ਸ਼ੁੱਧ ਤੇ ਸਪਸ਼ਟ ਪਾਠ ਕਰਨ ਹਿਤ ਨਿਤਾਪ੍ਰਤਿ ਕੀਤੀ ਜਾ ਰਹੀ ਅਰਦਾਸ ਹੀ ਇਸ ਗੱਲ ਦਾ ਸੂਚਕ ਹੈ ਕਿ ਗੁਰਬਾਣੀ ਦੀ ਲਿਖਣ-ਵਿਧੀ ਵਿਸ਼ੇਸ਼, ਵੱਖਰੀ ਤੇ ਨਿਆਰੀ ਹੈ, ਅਤੇ ਇਸ ਦੇ ਆਪਣੇ ਲਿਖਣ-ਨੇਮ ਹਨ ਅਤੇ ਆਪਣਾ ਵਿਆਕਰਣ।

## ਗੁਰਬਾਣੀ-ਵੀਚਾਰ ਲਈ ਕੁਝ ਤਾਕੀਦੀ ਪ੍ਰਮਾਣ :

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰਬਾਣੀ ਨੂੰ ਵੀਚਾਰਣ ਤੇ ਅਮਲਾਉਣ ਉਤੇ ਵੱਡਾ ਬਲ ਦਿੱਤਾ ਗਿਆ ਹੈ। ਪ੍ਰੰਤੂ, ਗੁਰਬਾਣੀ ਦੀ ਸਹੀ ਵੀਚਾਰ ਤਦ ਹੀ ਸੰਭਵ ਹੈ, ਜੇ ਗੁਰਬਾਣੀ ਨੂੰ ਸਹੀ ਤੇ ਸ਼ੁੱਧ ਵੀਚਾਰਿਆ ਜਾਵੇ। ਅਸ਼ੁੱਧ ਅਥਵਾ ਮੁਹਮਲ (ਨਿਰਾਰਥਕ) ਪਾਠ ਤੋਂ ਗੁਰਬਾਣੀ ਦੇ ਸਹੀ ਤੇ ਨਿਰਮਲ ਆਸ਼ਿਆਂ ਨੂੰ ਸਮਝ ਲੈਣ ਦੀ ਆਸ ਕਰਨਾ, ਜੌਂ ਬੀਜ ਕੇ, ਅੰਗੂਰਾਂ ਦੀ ਆਸ ਕਰਨ ਤੁੱਲ ਹੈ। ਗੁਰਬਾਣੀ ਵਿਚੋਂ ਲਏ ਗਏ ਇਹ ਕੁੱਝ ਕੁ ਪ੍ਰਮਾਣ, 'ਸ਼ਬਦ-ਵੀਚਾਰ' ਦੀ ਅਹਿਮੀਅਤ, ਲੋੜ ਤੇ ਬਿਖਮਤਾ ਨੂੰ ਪਰਮ-ਸਿੱਧ ਕਰਨ ਲਈ ਕਾਫ਼ੀ ਹਨ :—

---

* ਕਦਮ।

ੳ) ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ ॥ (ਮ: ੧, ਪੰਨਾ 935)

ਅ) ਸਤਿਗੁਰ ਨੋ ਸਭੁ ਕੋ ਵੇਖਦਾ, ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ, ਜਿਚਰੁ ਸ਼ਬਦਿ ਨ ਕਰੇ ਵੀਚਾਰੁ ॥ (ਮ: 3, ਪੰ: 594)

ੲ) ਸ਼ਬਦੁ ਬੀਚਾਰਿ, ਭਏ ਨਿਰੰਕਾਰੀ ॥ (ਮ: ੧, ਪੰ. 904)

ਸ) ਗੁਰ ਕੀ ਸੇਵਾ ? ਸਬਦੁ ਵੀਚਾਰੁ ॥ (ਮ: ੧, ਪੰ: 223)

ਹ) ਗੁਰਮੁਖ ਨਾਦ ਬੇਦ, ਬੀਚਾਰੁ ॥ (ਮ: ੧, ਪੰ: 932)

ਕ) ਕੁਬੁਧਿ ਮਿਟੈ, ਗੁਰ ਸਬਦੁ ਬੀਚਾਰਿ ॥ (ਮ: ੧, ਪੰ: 144)

ਖ) ਸਿੱਖੀ ਸਿਖਿਆ : ਗੁਰ ਵੀਚਾਰਿ ॥ (ਮ: ੧, ਪੰ 465)

ਗ) ਗੁਰਮੁਖਿ ਜਨਮੁ ਸਕਾਰਥਾ, ਗੁਰਬਾਣੀ ਪੜ੍ਹਿ ਸਮਝਿ ਸੁਣੇਹੀ ॥ ਭਾ, ਗੁ: ਵਾਰ 1/3)

ਘ) ਸ੍ਰੀ ਗੁਰੂ ਹਰਿਗੋਬਿੰਦ ਸਿੰਘ ਜੀ ਦਾ ਨਿਵਲਾ ਤੇ ਨਿਹਾਲੂ, ਗੁਰ ਸਿੱਖਾਂ ਨੂੰ ਉਪਦੇਸ਼—
......ਪਾਠ ਕਰੇ ਹੋਇ ਪੁਨ ਮਹਾਨਾ ॥ (ਪਰ) ਨਾਹਿਨ ਪ੍ਰਾਪਤ ਆਤਮ ਗਿਆਨਾ ॥
ਜਬ ਬੀਚਾਰਿ ਕਰਿ ਹਿਰਦੇ ਬਿਸਾਵੇ ॥ ਸਭ ਬਿਵਹਾਰਨ ਵਿਖੇ ਕਮਾਵੈ ॥
(ਤਬ) ਗਿਆਨ ਪ੍ਰਕਾਸ਼ੇ ਅਨੰਦ ਪਾਵੈ ॥ ਜਨਮ ਮ੍ਰਨ ਕੇ ਕਸ਼ਟ ਮਿਟਾਵੈ ॥
(ਸੂ. ਪ੍ਰਾ: ਰਾਸਿ ਪ੍ਰ: ? ਅਧਿ 41)

ਇਕ ਗੁੱਜਰ ਸਿੱਖ ਨੂੰ, ਦੂਜੀ ਪਾਤਸ਼ਾਹੀ ਦਾ ਉਪਦੇਸ਼ :—
ਜਪੁ ਜੀ ਅਰਥ ਵਿਚਾਰਨ ਕਰੋ ॥ ਸ੍ਵਾਸ ਸ੍ਵਾਸ ਅੰਤਰਿ ਨਿਤ ਧਰੋ ॥

(ਨੋਟ—ਕਿਤਨੇ ਹਿਰਖ ਤੇ ਦੁੱਖ ਦੀ ਗੱਲ ਹੈ ਕਿ ਜਿਸ 'ਬਾਣੀ-ਵੀਚਾਰ' ਨੂੰ ਸਤਿਗੁਰਾਂ ਨੇ ਇਤਨਾਂ ਅਫ਼ਜ਼ਲ ਤੇ ਸ੍ਰੇਸ਼ਟ ਦਰਜਾ ਦਿੱਤਾ ਹੈ, ਉਸ ਵਲੋਂ ਅਸੀਂ ਵੱਡੇ ਗਾਫਲ, ਲਾ-ਪਰਵਾਹ ਹਾਂ। ਵੀਚਾਰ-ਹੀਨ ਪਠਨ ਪਾਠ ਉੱਤੇ ਜ਼ੋਰ ਹੈ।)

## ਗੁਰਬਾਣੀ ਦੀ ਵਿਲੱਖਣ ਲਿਖਣ-ਵਿਧੀ ਦੇ ਕੁੱਝ ਵਿਆਕਰਣਕ ਨੇਮ :—

ਗੁਰਬਾਣੀ ਦੀ ਲਿਖਤ ਵਿਚ ਵਰਤੇ ਗਏ ਵਖਰੇ ਨੇਮ ਹੀ, 'ਬਾਣੀ' ਦੀ ਲਿਖਤ ਵਿਚ ਆਮ ਲਿਖਤ ਨਾਲੋਂ ਨਿਖੇੜਾ ਪੈਂਦਾ ਕਰਦੇ ਹਨ, ਜਿਵੇਂ—ਸਾਧਾਰਨ ਪੰਜਾਬੀ-ਵਾਰਤਕ ਵਿਚ ਪਦ 'ਇਕ' ਦਾ ਰੂਪ ਤੇ ਉਚਾਰਣ ਕੇਵਲ 'ਇਕ' ਹੀ ਹੈ, ਪ੍ਰੰਤੂ, ਗੁਰਬਾਣੀ ਲਿਖਤ ਵਿਚ ਇਸ ਦੇ ਤਿੰਨਾਂ ਰੂਪਾਂ ਇਕੁ, ਇਕ, ਇਕਿ ਦਾ ਉਚਾਰਣ ਤਾਂ ਇਕ ਸਮਾਨ 'ਇਕ' ਹੀ ਹੈ ਅਤੇ ਮਾਤ੍ਰਾ ਵੀ ਦੋ ਦੋ, ਪਰ ਕਾਰਕ, ਭੇਦ ਕਰਕੇ ਵਰਤੋਂ ਵੱਖ ਵੱਖ ਹੈਂ ਜਿਵੇਂ—

ੳ) ਇਕੁ (ਇਕ ਵਚਨ, ਪੁਲਿੰਗ)—'ਇਕੁ ਸੰਸਾਰੀ, ਇਕੁ ਭੰਡਾਰੀ
ਇਕੁ ਲਾਇ ਦੀਬਾਣੁ ॥ (ਜਪੁ)

ਅ) ਇਕ (ਇਕ ਵਚਨ ਇਸਤ੍ਰੀ ਲਿੰਗ)—ਸਹਸ ਸਿਆਣਪਾ ਲਖ ਹੋਹਿ
ਤ ਇਕ (ਸਿਆਣਪ) ਨ ਚਲੈ ਨਾਲਿ ॥

ੲ) ਇਕਿ (ਬਹੁ ਵਚਨ)—'ਇਕਨਾ ਹੁਕਮੀ ਬਖਸੀਸ'
'ਇਕਿ' ਹੁਕਮੀ ਸਦਾ ਭਵਾਈਅਹਿ ॥ (ਜਪੁ)

ਇਸੇ ਤਰ੍ਹਾਂ ਵੰਨਗੀ ਵਜੋਂ ਹੇਠ ਦਿਤੇ ਪਦਾਂ ਦਾ ਤਿੰਨਾਂ ਤਿਨਾ ਹਾਲਤਾਂ ਵਿਚ ਉਚਾਰਣ ਤੇ ਮਾਤ੍ਰਾਂ ਤਾਂ ਸਮਾਨ ਹਨ। ਪਰ, ਵਚਨ ਤੇ ਲਿੰਗ ਦੀ ਭਿੰਨਤਾ ਕਾਰਨ ਰੂਪ, ਅਰਥ ਤੇ ਵਰਤੋਂ ਵਿਚ ਫਰਕ ਹੈ :—

| ਪੁਲਿੰਗ ਇਕ ਵਚਨ | ਇਕ-ਵਚਨ ਇਸਤ੍ਰੀ ਲਿੰਗ | ਬਹੁ ਵਚਨ | ਉਚਾਰਨ ਇਕ ਸਮਾਨ ਹੈ |
|---|---|---|---|
| 1) ਏਹੁ | ਏਹੁ | ਏਹਿ | ਏਹ |
| 2) ਇਹੁ | ਇਹ | ਏਹਿ | ਇਹ |
| 3) ਓਹੁ | ਓਹ | ਓਹਿ | ਓਹ |
| 4) ਹੋਰੁ | ਹੋਰ | ਹੋਰਿ | ਹੋਰ |
| 5) ਸਭੁ | ਸਭ | ਸਭਿ | ਸਭ |
| 6) ਅਵਰੁ | ਅਵਰ | ਅਵਰਿ, | ਅਵਰ |

ਨੋਟ .—ਵੇਖੋਂ, ਗੁਰਬਾਣੀ, ਵਿਚ ਜਿੱਥੇ 'ਏਹੋ' ਦਾ ਉਚਾਰਣ ਮਕਸੂਦ ਹੈ, ਉਥੇ ਸਪਸ਼ਟ ਜੋੜ 'ਏਹੋ' ਹੈ। ਇਸ ਲਈ 'ਏਹੁ' ਨੂੰ 'ਏਹੋ ਕਰਕੇ ਉਚਾਰਣਾ ਅਸ਼ੁੱਧ ਹੈ। ਸਨਿਮਰ ਪੁਛਿਆ ਜਾ ਸਕਦਾ ਹੈ ਕਿ ਜੇ 'ਹੁ' ਨੂੰ 'ਹੋ' ਕਰਕੇ ਉਚਾਰਣਾ ਸ਼ੁੱਧ ਹੈ, ਤਾਂ ਜਿਥੇ ਅੰਤਲੇ 'ਹ' ਨੂੰ ਹੋੜਾ ਲਗਾ ਹੋਇਆ ਹੈ ਉਸ ਨੂੰ ਕਿਵੇਂ ਉਚਾਰੋਗੇ ? ਵਾਚੋ ਇਹ ਉਦਾਹਰਣਾਂ—

2) ਗੁਣ 'ਏਹੋ', ਹੋਰ ਨਾਹੀ ਕੋਇ ॥ (ਰਹਿਰਾਸ)
ਧਰਮ ਖੰਡ ਕਾ 'ਏਹੋ' ਧਰਮ। (ਜਪੁਜੀ)
ਮੈਂ ਏਹਾ ਆਸ, 'ਏਹੋ' ਆਧਾਰ ॥

3) ਪਦ 'ਏਹ' ਦੀ ਵਰਤੋਂ ਦੇ, ਵੱਖ ਵੱਖ ਸਰੂਪਾਂ ਤੇ ਅਰਥਾਂ ਵਿਚ ਭਿੰਨ ਭੇਦ—
ੳ) ਏਹ (ਇਕ ਵਚਨ ਇਸਤਰੀ ਲਿੰਗ) ਨਾਨਕ ਕੀ ਬੇਨਤੀ ਏਹ ॥
ਅ) ਏਹ (ਇਕ ਵਚਨ ਪੁਲਿੰਗ)—ਏਹੁ ਅੰਤ ਨ ਜਾਣੈ ਕੋਇ ॥
ੲ) ਏਹਿ (ਬਹੁਵਚਨ) ਜਿਨਿ 'ਏਹਿ'* ਲਿਖੇ, ਤਿਸੁ ਸਿਰਿ ਨਾਹਿ।
(ਉਚਾਰਣ ਤਿੰਨਾਂ ਰੂਪਾਂ ਵਿਚ 'ਏਹ' ਹੀ ਹੈ।)

* ਇਹ ਲੇਖ।

ਨੋਟ—ਜੋ ਪਾਠੀ 'ਸੱਜਣ— 'ਸਜਣੁ ਸਚਾ ਪਾਤਸਾਹੁ ਸਿਰ ਸਾਹਾ ਦੇ ਸਾਹੁ (ਸ਼ਾਹੁ) ॥
ਜਿਸੁ ਪਾਸਿ ਬੈਠਿਆ ਸੋਹੀਐ, ਸਭਨਾ ਦਾ ਵੇਸਾਹੁ ॥

ਵਿਚ ਸੱਜਣੁ, ਪਾਤਸ਼ਾਹੁ ਤੇ ਜਿਸੁ ਦੇ ਔਕੜਾਂ ਨੂੰ ਤਾਂ ਉਚਾਰਣ ਨਹੀਂ ਕਰਦੇ, ਪਰ ਸਾਹੁ (ਸ਼ਾਹੁ) ਨੂੰ ਉਚੇਚਾ 'ਸਾਹੋ' ਤੇ 'ਵੇਸਾਹੁ' ਨੂੰ ਵੇਸਾਹੋ ਪੜ੍ਹਦੇ ਹਨ, ਉਹ ਵੇਖ ਲੈਣ ਕਿ ਇਉਂ ਅਣਭੋਲ ਕਰਕੇ ਉਹ ਕਿੱਡੀ ਵੱਡੀ ਭੁੱਲ ਤੇ ਅਵੱਗਿਆ ਕਰਦੇ ਹਨ।

ਗੁਰਬਾਣੀ-ਲਿਖਤ ਦੇ ਇਸ ਨੁਕਤੇ ਨੂੰ ਹੋਰ ਸਪਸ਼ਟ ਕਰਨ ਲਈ ਸੈਂਕੜੇ

ਉਦਾਹਰਣਾਂ ਵਿਚੋਂ ਕੇਵਲ ਇਸ ਆਸ ਉਤੇ ਦੋ ਤਿੰਨ ਹੋਰ ਉਦਾਹਰਣ ਪੇਸ਼ ਕਰਦਾ ਹਾਂ, ਕਿਉਂਕਿ ਸਿਆਣਿਆਂ ਤੇ ਗੁਣ ਗ੍ਰਾਹਕ ਜਗਿਆਸੂ ਲਈ ਇਸ਼ਾਰਾ ਹੀ ਕਾਫੀ ਹੁੰਦਾ ਹੈ—

'ਆਹਰ ਸਭਿ ਕਰਦਾ ਫਿਰੈ, ਆਹਰੁ ਇਕੁ ਨ ਹੋਇ॥
ਨਾਨਕ, ਜਿਤੁ ਆਹਰਿ ਜਗੁ ਉਧਰੈ, ਵਿਰਲਾ ਬੂਝੈ ਕੋਇ ॥ (ਮ: 5, ਪੰ: 965)

ਉਪਰੋਕਤ ਸਲੋਕ ਵਿੱਚ ਇਕੋ ਪਤ, ਆਹਰ (ਨਾਂਵ) ਤਿੰਨ ਵੱਖ ਵੱਖ ਰੂਪਾਂ ਵਿਚ ਵਰਤਿਆ ਗਿਆ ਹੈ। ਇਸ ਦਾ ਅਰਥ ਇਕੋ ਹੀ ਹੈ; ਉੱਦਮ, ਧੰਧਾ, ਅਤੇ ਉਚਾਰਣ ਵੀ ਇਕੋ ਆਹਰ ਹੀ ਹੈ; ਪਰੰਤੂ, 'ਵਚਨ' ਤੇ ਕਾਰਕ (Case) ਵੱਖ ਵੱਖ ਹੋਣ ਕਰਕੇ ਵਰਤੋਂ ਇਕ ਸਮਾਨ ਨਹੀਂ। ਪਹਿਲਾਂ ਵਰਤਿਆ 'ਆਹਰ',ਮੁਕਤਾ-ਅੰਤ, ਅਤੇ ਬਹੁ-ਵਚਨੀ ਨਾਵ ਹੈ। ਇਸ ਦਾ ਵਿਸ਼ੇਸ਼ਣ, 'ਸਭਿ' ਵੀ ਬਹੁਵਚਨੀ ਹੈ। ਦੂਜੇ ਆਹੁਰ ਦਾ ਰਾਰਾ(ਰ) ਔਂਕੜ-ਅੰਤ ਹੈ, ਅਤੇ ਇਹ ਏਥੇ ਇਕ-ਵਚਨ ਵਿਚ ਵਰਤਿਆ ਗਿਆ ਹੈ! ਇਸ ਦਾ ਵਿਸ਼ੇਸ਼ਣ 'ਇਕ' ਵੀ, ਨੇਮ ਅਨੁਸਾਰ; ਇਕ ਵਚਨ, ਪੁਲਿੰਗ ਹੈ। ਤੀਜੇ ਰੂਪ ਵਿਚ ਵਰਤਿਆ 'ਆਹਰਿ' ਇਕ ਵਚਨ ਕਰਣ ਕਾਰਕ (Instrument Case) ਵਿਚ ਹੈ, ਅਤੇ ਅਰਥ ਹੈ—ਆਹਰ(ਉੱਦਮ) ਦੁਆਰਾ। ਹਾਂ ਕਵਿਤਾ ਪੱਖੋਂ ਮਾਤ੍ਰਾ ਵੀ ਇਕ-ਸਮਾਨ ਚਾਰ ਚਾਰ ਹੀ ਹਨ, ਤੇ ਉਚਾਰਣ ਵੀ ਸਭ ਦਾ 'ਆਹਰ' ਈ ਹੈ।

ਸਲੋਕ ਦੇ ਅਰਥ ਹਨ :—ਹੇ ਮਨੁੱਖ : ਤੂੰ ਹੋਰ ਸਾਰੇ ਸੰਸਾਰਕ ਧੰਧੇ ਤਾਂ ਕਰਦਾ ਫਿਰਦਾ ਹੈ, ਪਰ, ਨਾਮ-ਸਿਮਰਨ ਦਾ ਇਕ ਧੰਧਾ ਨਹੀਂ ਕਰਦਾ। ਹੇ ਨਾਨਕ, ਜਿਸ ਉੱਦਮ ਦੁਆਰਾ ਸੰਸਾਰ ਉਭਰ ਸਕਦਾ ਹੈ, ਨਾਮ ਸਿਮਰਨ ਦਾ ਉਹ ਧੰਧਾ, ਕੋਈ ਵਿਰਲਾ ਹੀ ਸਮਝਦਾ ਹੈ। (ਜਿਤੁ, ਵਿਸ਼ੇਸ਼ਣ ਤੇ ਇਕ ਵਚਨ ਪੁਲਿੰਗ ਹੈ)

ਇਸ ਅਤਿ ਅਹਿਮ ਨੁਕਤੇ ਦੀ ਗਲ ਸਮਝਣ ਲਈ ਜਰੂਰੀ ਹੈ ਕਿ ਪਾਠਕ ਜੀ ਇਸ ਸਚਾਈ ਨੂੰ ਸਵੀਕਾਰ ਕਰਨ ਕਿ ਗੁਰਬਾਣੀ ਦੀ ਆਪਣੀ ਲਿਖਣ ਸ਼ੈਲੀ (ਵਿਧੀ) ਹੈ ਅਤੇ ਆਪਣਾ ਵਿਆਕਰਣ। ਇਸ ਸਬੰਧੀ ਕੁਝ ਹੋਰ ਲਾਭਦਾਇਕ ਵੀਚਾਰ ਹੋਣੀ ਆਵੱਸ਼ਕ ਹੈ। ਸੋ, ਸੰਖੇਪ ਵਿਚ, ਇਸ ਅਹਿਮ ਨੁਕਤੇ ਨੂੰ ਇਉਂ ਵੀ ਸਪਸ਼ਟ ਕੀਤਾ ਜਾ ਸਕਦਾ ਹੈ—

ਗੁਰਬਾਣੀ ਵਿਚ ਕ੍ਰਿਆ-ਪਦ (Verb) ਦੇ ਅੰਤਲੇ 'ਹ' ਨੂੰ ਜਦ ਔਕੜ ਲਗਾ ਹੋਵੇ ਤਾਂ, ਆਮ ਤੌਰ ਉੱਤੇ ਉਹ ਔਂਕੜ ਉਚਾਰਣ ਵਿਚ ਆਉਂਦਾ ਹੈ, ਜਿਵੇਂ—ਕਰਹੁ, ਧਰਹੁ, ਰਹੋ, ਧਾਰਹੁ, ਸਿਖਹੁ, ਗਾਵਹੁ, ਖਾਵਹੁ, ਸੁਣਹੁ ਆਦਿਕ ਸ਼ਬਦਾਂ ਵਿਚ, ਪਰ ਏਥੇ ਇਸਦੀ ਧੁਨੀ' ਹੋੜੇ ਦੀ ਧੁਨੀ ਨਾਲੋਂ ਅਧੀਕ ਲੰਮੀ ਹੋਵੇਗੀ। ਹੋੜੇ ਦੀ ਦੋ ਮਾਤਰੀ ਹੁੰਦੀ ਹੈ ਜਦ ਕਿ ਔਂਕੜ ਦੀ ਧੁਨੀ ਇਕ ਮਾਤਰੀ। ਉਪ੍ਰੋਕਤ ਇਹ ਤੇ ਐਸੀਆਂ ਹੋਰ ਹੁਕਮੀ ਜਾਂ ਪ੍ਰੇਰਨਾਰਥਕ ਕ੍ਰਿਆਵਾਂ (Verb) ਮੱਧਮ ਪੁਰਖੀ (Second person ਵਿਚ) ਹੁੰਦੀਆਂ ਹਨ। ਇਨ੍ਹਾਂ ਦੁਆਰਾ ਦੂਜੇ ਵਿਅਕਤੀ ਨੂੰ ਸੰਬੋਧਨ ਕੀਤਾ ਜਾਂਦਾ ਹੈ। 'ਹ' ਨੂੰ ਹੋੜੇ ਲਗੇ ਪਦਾਂ ਦੀਆਂ ਕੁਝ ਉਦਾਹਰਣਾਂ ਅਸੀਂ ਪਿੱਛੇ ਪੰਨਾ ਚਾਰ ਉੱਤੇ, ਅੰਕ 2 ਹੇਠ ਦੇ ਆਏ ਹਾਂ; ਜਿਵੇਂ—

'ਗੁਣ ਏਹੋ, ਹੋਰ ਨਾਹੀ ਕੋਇ ।' (ਰਹਿਰਾਸ) ਜਾਂ
'ਧਰਮ ਖੰਡ ਕਾ ਏਹੋ ਧਰਮੁ ॥ (ਜਪੁਜੀ)

ਪਰ ਜਦ ਇਹ ਔਂਕੜ ਕਿਸੇ ਨਾਂਵ—ਅੰਤ 'ਹ' ਹੇਠ ਆਵੇ ਤਾਂ ਇਹ ਉਚਾਰਣ ਲਈ ਨਹੀਂ ਹੁੰਦਾ; ਸਗੋਂ ਸੰਬੰਧਤ ਨਾਂਵ ਦੇ ਇਕ ਵਚਨ, ਪੁਲਿੰਗ ਹੋਣ ਦਾ ਸੂਚਕ ਹੁੰਦਾ ਹੈ। ਦੂਜੇ, ਐਸੇ ਨਾਵਾਂ ਦੇ ਵਿਸ਼ੇਸ਼ਾਂ ਨਾਲ ਜੋ ਵਿਸ਼ੇਸ਼ਣ ਆਉਂਦੇ ਹਨ, ਉਹਨਾਂ ਦੇ ਅੰਤਲੇ ਅੱਖਰ ਹੇਠ ਜੋ ਔਂਕੜ ਆਉਂਦਾ ਹੈ, ਉਹ ਵੀ ਤੇ ਲਿੰਗ, ਉਸ ਸ਼ਬਦ (ਵਿਸ਼ੇਸ਼) ਨਾਲ ਮਿਲਦਾ ਹੈ, ਜਿਸਦੀ ਉਹ ਵਿਸ਼ੇਸ਼ਤਾ ਕਰਦਾ ਹੈ—An adjective agree in number, gender and person with the word it qua ifies. ਕੁਝ ਉਚਾਰਣ ਸਹਿਤ ਹਾਜ਼ਰ ਹਨ :—

ੳ) ਨੇਹੁ (ਨੇਹ) ਵੇਸਾਹੁ (ਵੇਸਾਹ), ਰਾਹੁ (ਰਾਹ), ਸ਼ਾਹੁ (ਸ਼ਾਹ), ਬਾਦਸ਼ਾਹੁ (ਬਾਦਸ਼ਾਹ) ਕੁਝ ਗੁਰਬਾਣੀ ਤੁਕਾਂ ਵੀ :—

ੳ) 'ਇਹੁ' ਹਰਿ ਰਸੁ ਕਰਮੀ ਪਾਈਐ...' (ਰਸੁ' ਇਕ ਵਚਨ ਪੁਲਿੰਗ ਹੈ) ਇਸ ਲਈ ਇਸ ਦੇ ਵਿਸ਼ੇਸ਼ਣ ਨੂੰ ਵੀ ਅੰਤ ਵਿਚ ਔਂਕੜ ਹੈ, ਪਰ ਉਚਾਰਣ ਮੁਕਤਾ-ਅੰਤ (ਇਹੀ) ਹੀ ਹੋਵੇਗਾ।

(ਅ) ਤਜਿ ਕੂੜੇ ਨੇਹ। (ਏਥੇ ਨੇਹ ਬਹੁਵਚਨ ਹੋਣ ਕਰਕੇ ਔਂਕੜ-ਰਹਿਤ ਹੈ।

ੲ) ਇਹ ਮਾਇਆ ਜਿਤੁ ਹਰਿ......। ('ਮਾਇਆ' ਇਸਤ੍ਰੀ ਲਿੰਗ ਦਾ ਵਿਸ਼ੇਸ਼ਣ 'ਇਹ' ਵੀ ਮੁਕਤਾ-ਅੰਤ ਹੈ।

ਨੋਟ ਕਰਨ ਵਾਲੀ ਗ਼ਲ ਇਹ ਹੈ ਕਿ ਸਰੂਪ ਚਾਹੇ ਕੁਝ ਹੋਵੇ—ਇਹ, ਏਹੁ, ਇਹੁ, ਏਹੁ ਜਾਂ ਇਹਿ ਹੋਵੇ, ਪਰ ਉਚਾਰਣ ਹਰ ਹਾਲਤ ਵਿਚ ਇਹ, ਜਾਂ ਏਹ ਹੀ ਹੋਵੇਗਾ। 'ਨਾਂਵ ਪਦ ਦੇ 'ਹ' ਨਾਲ ਲੱਗੇ ਔਂਕੜ (ਹੁ) ਨੂੰ ਉਚਾਰਣ ਕਰਨ ਦਾ ਸੁਭਾ ਏਥੋਂ ਤੱਕ ਵਧ ਗਿਆ ਹੈ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰੋਂ ਅੰਮ੍ਰਿਤ ਵੇਲੇ ਰੋਜ਼ਾਨਾ ਹੁੰਦੀ ਅਰਦਾਸ ਵਿਚ 'ਵੇਸਾਹੁ' ਪਦ ਨੂੰ ਆਪਣੇ ਪਾਸੋਂ ਹ ਨੂੰ ਔਂਕੜ ਸਹਿਤ 'ਵੇਸਾਹੁ' ਉਚਾਰਿਆ ਜਾਂਦਾ ਹੈ। ਹੈਰਾਨੀ ਹੈ ਕਿ ਸਿੱਖ ਰਹਿਤ ਮਰਯਾਦਾ' ਅਥਵਾ ਕਿਸੇ ਸੰਸਥਾ ਜਾਂ ਟਕਸਾਲ ਦੇ ਗੁਟਕੇ ਵਾਲੀ ਅਰਦਾਸ ਵਿਚ ਵੀ ਇਸ ਪਦ ਨੂੰ ਸਪਸ਼ਟ 'ਵੇਸਾਹ' ('ਹ' ਮੁਕਤਾ ਲਿਖਿਆ ਹੀ ਮਿਲਦਾ ਹੈ। ਫੇਰ ਇਹ ਆਪ ਹੁਦਰੀ ਕਿਉਂ ?

2. ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰਿ ਕੀਆ ਜਿਨਿ ਚਿਤਿ ।!

(ਮ: ੧, ਪੰ: 929)

ਅਰਥ :— ਓਅੰਕਾਰਿ (ਕਰਣ ਕਾਰਕ) ਓਅੰਕਾਰ (ਵਾਹਿਗੁਰੂ) ਦੁਆਰਾ ਬ੍ਰਹਮਾ ਪੈਦਾ ਹੋਇਆ, ਜਿਸ ਨੇ ਓਅੰਕਾਰ ਨੂੰ ਚਿਤ ਵਿਚ ਧਾਰਿਆ। ਓਅੰਕਰਿ ਦੇ ਦੋਵੇਂ ਸ਼ਬਦ-ਜੋੜ ਨੋਟ ਕਰਨ ਯੋਗ ਹਨ। ਦੋਹਾਂ ਦੇ ਉਦਾਹਰਣ ਵਿਚ ਕੋਈ ਫਰਕ ਨਹੀਂ, ਅਤੇ ਨਾ ਹੀ ਮਾਤਰਾਂ ਵਿਚ ਅੰਤਰ ਹੈ।

3. ਤਿਸ ਦੇ ਚਾਨਾਣ, ਸਭ ਮਹਿ ਚਾਨਣੁ ਹੋਇ ॥

ਅਰਥ—ਤਿਸ ਦੇ ਚਾਨਣੁ ਦੁਆਰਾ (ਕਰਣ ਕਾਰਕ) ਸਭ ਵਿਚ ਚਾਨਣੁ (ਕਰਤਾ ਕਾਰਕ) (ਚਾਨਣ) ਹੁੰਦਾ।

4. ਸੁਖਮਨੀ ਸਾਹਿਬ ਦੀ ਛੇਵੀਂ ਅਸ਼ਟਪਦੀ ਵਾਚੋਂ 'ਕਾਮ ਕ੍ਰੋਧ ਅਰੁ ਲੋਭ ਸੋਹ, ਬਿਨਸ ਜਾਇ ਅਹੰਮੇਵ ॥ ਨਾਨਕ, ਪ੍ਰਭ ਸਰਣਾਗਤੀ, ਕਰਿ ਪ੍ਰਸਾਦੁ ਗੁਰਦੇਵ ॥ ਅੰਤ ਵਿਚ ਪ੍ਰਸਾਦੁ ਹੈ।

("......ਕਰਿ 'ਪ੍ਰਸਾਦੁ' ਗੁਰਦੇਵ : 'ਅਰਥ ਹੈ : ਗੁਰਦੇਵ ! ਕਿਰਪਾ ਕਰ। ਕਰਕੇ) ਪ੍ਰੰਤੂ, ਜਦ ਅਗੇ ਏਸੇ ਅਸ਼ਟਪਦੀ ਵਿਚ 37 ਵੇਰ ਇਸ ਪੱਦ ਦੀ 'ਪ੍ਰਸਾਦਿ' ਰੂਪ ਵਿਚ ਵਰਤੋਂ ਹੁੰਦੀ ਹੈ ਤਾਂ ਇਹ 'ਕਰਣ ਕਾਰਕ' ਵਿਚ ਹੋਣ ਕਰਕੇ ਅਰਥ ਹਨ : 'ਕਿਰਪਾ ਦੁਆਰਾ'। ਦੋਵੇਂ ਪਦ ਹੀ ਨਾਂਵ ਹਨ, ਪ੍ਰੰਤੂ, ਕਾਰਕ ਬਦਲ ਜਾਣ ਨਾਲ ਵਰਤੋਂ ਬਦਲ ਗਈ। ਆਮ ਵਿਆਕਰਣਾਂ ਵਿਚ ਵੀ ਨਾਂਵ ਦੇ ਅੱਠ ਕਾਰਕ (ਹਾਲਤਾਂ) ਦਸੀਆਂ ਗਈਆਂ ਹਨ।

5. ਗੁਰਬਾਣੀ ਵਿੰਚ, ਛੰਦ ਦੀ ਚਾਲ ਤੇ ਤੋਲ ਨੂੰ ਕਾਇਮ ਰੱਖਣ ਹਿਤ ਲਗਾਂ ਮਾਤਰਾਂ ਦੀ ਵਰਤੋਂ ਵਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਕਿਤੇ ਕਿਸੇ ਪਦ ਵਿਚ ਮਾਤਰਾ ਵਧਾ ਲਈ ਹੈ, ਜਿਵੇਂ, 'ਸਮਰਥ ਦੀ ਥਾਂ ਸਾਮਰਥਾ' ਅਤੇ ਪਦ ਦੇ ਕਿਸੇ ਅੱਖਰ ਨਾਲ ਦੂਹਰੀ ਲਗ ਦੀ ਵਰਤੋਂ ਕਰਕੇ ਮਾਤਰਾ ਘਟਾ ਦਿੱਤੀ ਹੈ; ਪਰ ਨਾਲ ਹੀ ਸ਼ਬਦ ਦਾ ਅਸਲ ਰੂਪ ਵੀ ਦੇ ਦਿੱਤਾ ਹੈ, ਜਿਵੇਂ, ਗੋਪਾਲ, ਗੋਬਿੰਦ, ਤੋਹੀ, ਸੋਹਾਗਣ, ਲੋਭਾਨ ਆਦਿ ਵਿਚ। ਏਥੇ, ਹਰ ਥਾਂ ਉਚਾਰਣ ਵਿਚ ਔਂਕੜ ਦੀ ਵਰਤੋਂ ਕਰਨੀ ਹੈ, ਹੋੜੇ ( ˘ ) ਦੀ ਨਹੀਂ, ਜੋ ਕਿ ਇਸ ਦੇ ਅਸਲ ਰੂਪ ਦਾ ਲਖਾਇਕ ਹੈ।

## ਗੁਰਬਾਣੀ ਵਿਚ ਸ਼ੁਧ ਉਚਾਰਣ ਲਈ ਸੰਕੇਤਾਂ ਦੀ ਵਰਤੋਂ :

ਗੁਰਬਾਣੀ ਵਿੱਚ ਉਚਾਰਣ ਲਈ ਵਰਤੇ ਸੰਕੇਤਾਂ ਨੂੰ ਧਿਆਨ ਵਿੱਚ ਰੱਖੇ ਤੋਂ ਬਿਨਾਂ, ਨਾ ਤਾਂ ਸ਼ੁੱਧ ਉਚਾਰਣ ਸੰਭਵ ਹੈ, ਅਤੇ ਨ ਹੀ ਸਹੀ ਅਰਥ। ਵੇਖੋ ਸਾਰੇ ਪਾਠੀ 'ਮਹਲਾ' ਪਦ ਨਾਲ ਆਏ ਅੰਕਾਂ 1, 2, 3, 4, 5 ਨੂੰ ਪਹਿਲੀ ਪਰਪਾਟੀ ਦੇ ਉਲਟ, ਹੁਣ ਦਰੁਸਤ ਤੌਰ ਉੱਤੇ ਪਹਿਲਾ, ਦੂਜਾ, ਤੀਜਾ, ਚੌਥਾ ਤੇ ਪੰਜਵਾਂ ਕਰਕੇ ਉਚਾਰਦੇ ਹਨ, ਇਕ ਦੋ, ਤਿੰਨ ਕਰਕੇ ਨਹੀਂ। ਪਹਿਲਾ, ਦੂਜਾ, ਤੀਜਾ, ਚੌਥਾ, ਪੰਜਵਾਂ ਦੀ ਕ੍ਰਮਵਾਚਕ ਸੰਖਿਅਕ ਵਿਸ਼ੇਸ਼ਣ ਵਜੋਂ ਹੋਈ ਵਰਤੋਂ ਸੌ ਫੀਸਦੀ ਸ਼ੁੱਧ ਹੈ। ਅੰਕਾਂ ਦੇ ਦਰਸ਼ਨ ਦੇ ਰਹੇ ਸਰੂਪ ਨੂੰ ਇਸ ਲਈ ਪਹਿਲਾ, ਦੂਜਾ, ਤੀਜਾ ਪੜ੍ਹਨਾ ਪ੍ਰਵਾਨ ਕੀਤਾ ਜਾਂਦਾਂ ਹੈ; ਕਿਉਂਕਿ, ਸਤਿਗੁਰਾਂ ਵਲੋਂ ਸ੍ਰੀ ਰਾਗ ਦੇ ਆਰੰਭ ਵਿਚ ਅਤੇ ਕੁਝ ਹੋਰ ਥਾਂਈ ਇਨ੍ਹਾਂ ਅੰਕਾਂ ਦੇ ਸ਼ੁੱਧ ਉਚਾਰਣ ਦਾ ਇਉਂ ਸੰਕੇਤ ਦੇਣ ਦਾ ਉਪਕਾਰ ਕੀਤਾ ਗਿਆ ਗਿਆ ਹੈ :—

1) ਰਾਗੁ ਸਿਰੀ ਰਾਗੁ ਮਹਲਾ ਪਹਿਲਾ ੧, ਘਰੁ ੧। (ਪੰ: 14)

2) ਸ੍ਰੀ ਰਾਗੁ ਮਹਲਾ ੧ ਘਰ ਦੂਜਾ 2 (ਪੰ: 23)

3) ਵਡਹੰਸ ਮਹਲਾ 3 ਮਹਲਾ ਤੀਜਾ (ਪੰਨਾ 482)

ਨੋਟ—ਏਥੇ ਸੰਕੇਤ ਇਹ ਹੈ ਕਿ ਅੰਕ 1, 2 ਤੇ 3 (ਸਾਧਾਰਣ ਸੰਖਿਅਕ ਵਿਸ਼ੇਸ਼ਣਾਂ ਨੂੰ ਪਹਿਲਾ, ਦੂਜਾ ਤੇ ਤੀਜਾ) ਕ੍ਰਮਵਾਚਕ ਸੰਖਿਅਕ ਵਿਸ਼ੇਸ਼ਣ ਕਰਕੇ ਉਚਾਰਣਾ ਹੈ।

ਪ੍ਰੰਤੂ, ਹੈਰਾਨੀ ਤੇ ਸ਼ੋਕ ਦੀ ਗਲ ਹੈ ਕਿ ਜਦ ਅਜਿਹੇ ਸੰਕੇਤ ਹੋਰ ਥਾਈਂ ਵੀ ਪ੍ਰਾਪਤ ਹਨ, ਤਾਂ ਸਾਡੇ ਕੁੱਝ ਵੀਰ ਉਹਨਾਂ ਦੀ ਪੈਰਵੀ ਕਰਕੇ, ਸ਼ੁੱਧ ਪਾਠ ਕਰਨ ਦਾ ਜਤਨ ਕਰਨ ਦੀ ਥਾਂ, ਪਾਠ ਨੂੰ ਦਿਸਦੇ ਰੂਪ ਹੀ ਮੁਹਮਲ ਉਚਾਰਣ ਕਰਨ ਦੀ ਭੁਲ ਕਰਦੇ ਹਨ। ਜਿਵੇਂ :—

ੳ) ਇਕ ਥਾਂ ਪਾਠ ਹੈ—ਨਾਨਕ, ਨਾਮੁ ਮਿਲੈ ਤਾਂ ਜੀਵਾਂ ॥ ਪ੍ਰੰਤੂ ਦੂਜੀ ਥਾਂ ਹੈ 'ਆਖਾ ਜੀਵਾ ਵਿਸਰੈ ਮਰਿ ਜਾਉ ॥' (ਰਹਿਰਾਸ)

ਵੇਖੋ : 'ਜੀਵਾ' ਦਾ ਅਰਥ ਹੈ 'ਮੈਂ ਜੀਵਾਂ—ਮੈਂ ਜੀਉਂਦਾ ਹਾਂ। ਅਤੇ ਆਖਾ ਜੀਵਾ (ਆਖਾਂ ਜੀਵਾਂ) ਦਾ ਵੀ ਅਰਥ ਹੈ : ਮੈਂ ਨਾਮ ਆਖਦਾ ਹਾਂ, ਤਾਂ ਜੀਉਂਦਾ ਹਾਂ। ਦੋਹੀਂ ਥਾਈਂ ਸ਼ੁਧ ਪਾਠ ਜੀਵਾਂ ਹੈ। ਜੀਵਾ ਨਹੀਂ।

ਕੀ ਮੇਰੇ ਵਿਪੱਖੀ ਵੀਰ ਏਥੇ 'ਉੱਤਮ ਪੁਰਖੀ' ਕ੍ਰਿਆ ਵਿਚ ਵਰਤੇ ਗਏ 'ਆਖਾ ਤੇ ਜੀਵਾ' ਦੋਵਾਂ ਦਾ ਨਿਰਾਰਥਕ (ਅਰਥ-ਹੀਨ) ਪਾਠ ਉਚਾਰਣਗੇ, ਜਾਂ ਸਤਿਗੁਰੂ ਜੀ ਵਲੋਂ ਬਾਣੀ ਵਿੱਚ, ਕਿਸੇ ਹੋਰ ਥਾਂ, ਦਿਤੇ ਸੰਕੇਤ ਜਾਂ ਰੋਸ਼ਨੀ ਵਿਚ ਜੀਵਾਂ ਦਾ ਸ਼ੁੱਧ ਤੇ ਸਾਰਥਕ ਪਾਠ ਕਰਕੇ ਗੁਰੂ ਜੀ ਦੇ ਕ੍ਰਿਤੱਗ ਹੋਣਗੇ ?

ਹੋਰ ਵੇਖੋ : ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੱਲੀ (ਗੱਲੀਂ, ਗੱਲਾਂ ਬਾਤਾਂ ਵਿੱਚ) ਤੇ 'ਗਲੀ' ਦੋਵੇਂ ਪਾਠ ਇਕੋ ਅਰਥ ਵਿਚ ਆਉਂਦੇ ਹਨ, ਤਾਂ ਕੀ ਇਹਨਾਂ ਦਾ ਉਚਾਰਣ ਵੱਖ ਵੱਖ ਹੋਵੇਗਾ ? ਦੋਹਾਂ ਥਾਂਈਂ ਗੱਲੀ (ਕੇਵਲ ਗੱਲਾਂ ਬਾਤਾਂ ਵਿਚ) ਹੀ ਕਰਨਾ ਸ਼ੁੱਧ ਹੈ।

ਹਾਂ, 'ਗਲੀ' (ਪਿੰਡ ਵਿਚਲੀ ਵੀ) ਪਾਠ ਵੀ ਆਉਂਦਾ ਹੈ। ਸ਼ੁਧ ਉਚਾਰਣ ਤਾਂ ਪ੍ਰਾਪਤ ਸੰਕੇਤਾਂ ਤੇ ਅਰਥਾਂ ਅਨੁਸਾਰ ਹੀ ਹੋ ਸਕਦਾ ਅਤੇ ਬਾਣੀ ਦਾ ਸਹੀ ਅਰਥ ਨਿਕਲ ਸਕਦਾ ਹੈ। ਸੰਸਾ ਨਵਿਰਤੀ ਲਈ ਇਹ ਕੁਝ ਕੁ ਉਦਾਹਰਣਾਂ ਵਾਚਣਯੋਗ ਹਨ :

ੳ) ਗਲੀ (ਗੱਲੀਂ) ਅਸੀ ਚੰਗੀਆ, ਆਚਾਰੀ (ਆਚਾਰੀਂ—ਚਲਣ ਕਰਕੇ ਬੁਰੀਆਂ ਹੈ...... । (ਮ: ੧, ਪੰ: 65)

ਅ) ਗਲੀ (ਗੱਲੀ) ਸੁ ਸਜਣ ਵੀਹ, ਇਕ ਢੂੰਢੇਦੀ ਨ ਲਹਾਂ। (ਫ਼ਰੀਦ, ਪੰ: 1382)

ੲ) ਗਲੀ (ਗੱਲੀਂ, ਗਲਾਂ ਵਿਚ) ਜਿਨਾ ਜਪਮਾਲੀਆ...... (ਕਬੀਰ, 475)

ਸ) ਮੈ ਗੁਣ ਗਲਾ (ਗੱਲਾਂ) ਕੇ ਸਿਰਿ ਭਾਰ ॥
ਗਲੀ ਗਲਾ (ਗੱਲੀਂ ਗੱਲਾਂ) ਸਿਰਜਣਹਾਰ ॥ (ਮ: ੧. 351)

ਟਿੱਪਣੀ : ਏਥੇ ਪ੍ਰਮਾਣ 'ੳ' ਵਿਚ ਬਿੰਦੀ ਲਾਉਣ ਦਾ ਸੰਕੇਤ ਹੈ, ਪ੍ਰੰਤੂ, ਅੰਕ

ਅ ਤੇ ੲ ਵਿੱਚ ਇਸ ਦਾ ਅਭਾਵ ਹੈ, ਅਰਥ ਸਾਰੀ ਥਾਂਈਂ ਇਕ ਸਮਾਨ ਇਕੋ ਹਨ। ਜੇ ਸਤਿਗੁਰਾਂ ਵਲੋਂ ਪ੍ਰਾਪਤ ਸੰਕੇਤਾਂ ਨੂੰ ਅੱਖੀਓਂ ਪ੍ਰੋਖੇ ਕਰਕੇ ਪਾਠ ਕਰਾਂਗੇ ਤਾਂ ਅਨਰਥ ਹੋ ਜਾਵੇਗਾ।

## ਅੱਧਕ ਦੀ ਵਰਤੋਂ

ਇਸ ਦੇ ਰੂਪ ਵਿਚ ਅੱਧਕ ਦੀ ਵਰਤੋਂ ਦਾ ਸਾਰੇ ਸ੍ਰੀ ਗੁਰੂ ਗ੍ਰੰਥ ਵਿੱਚ ਅਭਾਵ ਹੈ। ਪਰ, ਇਸ ਦੀ ਵਰਤੋਂ ਸਾਡੀ ਬੋਲੀ ਤੇ ਗੁਰਬਾਣੀ-ਪਾਠ ਵਿਚ ਇਤਨੀ ਸੁਭਾਵਕ ਹੈ, ਕਿ ਸ਼ਾਇਦ ਹੀ ਕੋਈ ਵਾਕ ਜਾਂ ਤੁਕ ਹੋਵੇਗੀ, ਜਿਸ ਵਿਚ ਇਸ ਦੀ ਵਰਤੋਂ ਸਹਿਜ ਸੁਭਾਵ ਹੋਈ ਨਾ ਹੋਵੇ। ਵੇਖੋ :

ਕੁਝ ਉਦਾਹਰਣਾਂ :—

ੳ) "ਇਕਾ ਬਾਣੀ ਇਕੁ ਗੁਰੁ ਇਕੋ ਸ਼ਬਦੁ ਵੀਚਾਰਿ ॥" ਤੁੱਕ ਵਿਚ ਸਹਿਵਨ ਇਕਾ, ਇੱਕ, ਇੱਕੋ ਪਦਾਂ ਉੱਤੇ ਅੱਧਕ ਦੀ ਵਰਤੋਂ ਹੋਈ ਹੈ, ਜ਼ਰਾ, ਇਹਨਾਂ ਤਿੰਨਾਂ ਪਦਾਂ ਨੂੰ ਅੱਧਕ ਲਾਏ ਬਿਨਾਂ, ਧਿਆਨ ਨਾਲ, ਉਚਾਰਣ ਕਰਕੇ ਵੇਖੋ, ਕਿੱਡਾ ਹਾਸੋ ਹੀਣਾ-ਇਕਾ, ਇਕ ਤੇ ਇਕੋ ਉਚਾਰਣ ਬਣਦਾ ਹੈ।

(ਅ) ਜਪੁ ਜੀ 29ਵੀਂ ਪਉੜੀ ਵਿਚ 18 ਵੇਰ 'ਅਮੁਲ (ਅਮੁੱਲ) ਅਮੁਲਾ, ਅਮੁਲੋ (ਅਮੁੱਲਾ, ਅਮੁੱਲੋ) ਪਾਠ ਹੈ। ਏਥੇ, ਹਰ ਪਾਠੀ ਇਹਨਾਂ ਪਦਾਂ ਦੇ ਉਚਾਰਣ ਸਮੇਂ ਅੱਧਕ ਦੀ, ਸੁਤੇ ਸਿੱਧ, ਵਰਤੋਂ ਕਰਦਾ ਹੈ, ਜੋ ਸ਼ੁੱਧ ਹੈ, ਗੁਰੂ ਜੀ ਦੇ ਆਸ਼ੇ ਅਨੁਕੂਲ ਹੈ। ਪਰ ਖੇਦ ਹੈ ਕਿ ਇਸ ਸੱਚ ਨੂੰ ਸਵੀਕਾਰਣੋਂ ਆਕੀ ਹੈ।

ੲ) ਬਾਣੀ ਵਿਚ ਪਹਿਲੇ ਦੋਹਾਂ (ਫ਼ਾਰਸੀ, ਅਰਬੀ) ਪਦਾਂ ਦਾ ਇਸਦਾ ਸਰੂਪ ਹੈ : ਮੁਹਬਤ, ਮੁਸਲਾ, ਪ੍ਰੰਤੂ ਸਹੀ ਤੇ ਸਾਰਥਕ ਪਾਠ ਬਣਦਾ ਹੈ ਅੱਧਿਕ ਲਾਇਆਂ, ਜਿਵੇਂ—

ਮੁਹੱਬਤਿ ਤੇ ਮੁਸੱਲਾ—ਏਥੇ, 'ਬ' ਤੇ 'ਲ' ਦੋ ਵੇਰ ਬੋਲਦਾ ਹੈ। ਪਰ ਅੱਧਕ 'ਹ' ਤੇ 'ਸ' ਉੱਤੇ ਲਾਉਣਾ ਹੈ। ਹਿੰਦੀ ਵਿੱਚ ਦੁੱਤ ਅੱਖਰ ਵਜੋਂ ਅੱਧਾ ਬ ਤੇ ਅੱਧਾ ਲ ਪਾਉਣਾ ਪੈਣਾ ਸੀ, ਜਦ ਕਿ ਪੰਜਾਬੀ ਵਿੱਚ ਇਸ ਲਿਖਤ ਨੂੰ, ਅੱਧੇ ਅੱਖਰ ਦੀ ਥਾਂ ਅੱਧਿਕ ਲਾ ਕੇ ਉਚਾਰਣ ਨੂੰ ਸਰਲ, ਸਹਿਲ ਕੀਤਾ ਗਿਆ ਹੈ।

## ਮੰਗਲ-ਪ੍ਰਬੰਧ

ਭਾਰਤ ਵਿੱਚ ਧਰਮ ਗ੍ਰੰਥਾਂ ਅਥਵਾ ਹੋਰ ਰਚਨਾਵਾਂ ਦੇ ਆਰੰਭ ਵਿਚ ਲੇਖਕ ਦੇ ਨਿੱਜ-ਇਸ਼ਟ ਦੀ ਆਰਾਧਨਾ ਵਜੋਂ ਮੰਗਲਾਚਾਰ, (ਮੰਗਲਾਚਰਣ) ਲਿਖਤ ਦੀ ਰੀਤ ਬੜੀ ਪੁਰਾਣੀ ਹੈ। ਵੇਦਾਂ ਤੇ ਉਪਨਿਸ਼ਦਾਂ ਵਿਚ ਇਸ ਦੀ ਵਰਤੋਂ 'ਓਅੰ' ਮੰਗਲ ਕਰਕੇ ਕੀਤੀ ਗਈ ਹੈ, ਅਤੇ ਕੁਰਾਨ ਸ਼ਰੀਫ਼ ਵਿਚ ਬਿੱਸਮਿਲਾ ਹਿਰਹਮਾਨੁਰੱਹੀਮ' ਕਰਕੇ ਏਥੇ ਤੱਕ ਕਿ ਧਾਰਮਿਕ ਗ੍ਰੰਥਕਾਰਾਂ ਹੀ ਨਹੀਂ, ਸਗੋਂ ਕਿੱਸਾਕਾਰਾਂ ਨੇ ਵੀ ਆਪਣੀ ਆਪਣੀ ਰਚਨਾ ਵਿੱਚ, ਆਪਣੇ ਆਪਣੇ ਏਸ ਪਾਠ ਦੇ 'ਮੰਗਲਾਂ' ਦੀ ਆਮ ਵਰਤੋਂ ਕੀਤੀ ਹੈ।

ਵਿਦਵਾਨਾਂ ਨੇ ਮੰਗਲਾਚਰਣ ਦੇ ਤਿੰਨ ਭੇਦ ਦੱਸੇ ਹਨ :

1. ਵਸਤੂ ਨਿਰਦੇਸ਼ਾਤਮਿਕ ਗ੍ਰੰਥ ਵਿੱਚ ਜਿਸ ਦਾ ਜ਼ਿਕਰ ਕਰਨਾ ਹੈ, ਉਸ ਦੇ ਹੀ ਗੁਣ ਲੱਛਣ ਦਾ ਬੋਧ ਕਰਾਉਣ ਵਾਲਾ ਮੰਗਲ, ਜੈਸੇ ਗੁਰਬਾਣੀ—ਮੰਗਲ ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ, ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ (ਸੰਪੂਰਨ ਵੀ ਹੈ ਤੇ ਸੰਖੇਪ ਵੀ)

2. ਅਸ਼ੀਰਵਾਦਤਮਿਕ : ਜਿਸ ਤੋਂ ਕਲਿਆਨ ਦੀ ਕਾਮਨਾ ਕੀਤੀ ਜਾਵੇ, ਜੈਸੇ, ਜੈ ਤੇਗੰ, ਸ੍ਰੀ ਜੈ ਤੇਗੰ......।

3. ਨਮਸਕਾਰਤਮਿਕ : ਜਿਸ ਵਿੱਚ ਪ੍ਰਣਾਮ ਕੀਤਾ ਜਾਵੇ, ਜੈਸੇ ਨਮਸਕਾਰ ਗੁਰਦੇਵ ਕੋ......।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਧੇਰੇ ਕਰਕੇ ਵਸਤੂ 'ਨਿਰਦੇਸ਼ਾਤਮਿਕ' ਮੰਗਲ ਦੀ ਵਰਤੋਂ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜਦ ਬਾਣੀ ਦਾ ਕੋਈ ਸੈੱਟ ਬਦਲਦਾ ਹੈ ਤਾਂ ਉਸ ਦੇ ਅਰੰਭ ਵਿਚ ਮੰਗਲ ਦੀ ਵਰਤੋਂ ਹੁੰਦੀ ਹੈ। ਇਹ, ਸੰਪੂਰਨ ਜਾਂ ਸੰਖੇਪ, ਰੂਪ ਵਿਚ ਪੰਜ ਪ੍ਰਕਾਰ ਦਾ ਹੈ :—

| | | | | |
|---|---|---|---|---|
| ੳ) | ਸੰਪੂਰਨ ਮੰਗਲ : | ੧ਓ ਸਤਿਨਾਮੁ ਕਰਤਾਪੁਰਖੁ.. ਗੁਰਪ੍ਰਸਾਦਿ | = | 33 ਵਾਰ |
| ਅ) | ਸੰਖੇਪ ਮੰਗਲ : | ੧ਓ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ | = | 8 ਵਾਰ |
| ੲ) | ,, : | ੧ਓ ਸਤਿਨਾਮੁ ਗੁਰਪ੍ਰਸਾਦਿ | = | 2 ਵਾਰ |
| ਸ) | ,, : | ੧ਓ ਸਤਿਨਾਮੁ ਗੁਰਪ੍ਰਸਾਦਿ | = | 522 ਵਾਰ |
| ਹ) | ,, : | ੧ਓ | = | 2 ਵਾਰ |
| | | | | 567 ਵਾਰ |

ਨੋਟ : ਮੰਗਲ ੧ਓ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਇਹ ਅਤਿ ਸੰਖੇਪ ਮੰਗਲ 'ਪੜ੍ਹਿ ਪੁਸਤਕ ਸੰਧਿਆ ਬਾਦੰ......' ਸਲੋਕ ਤੋਂ ਬਾਦ ਉੱਪਰ ਅੱਧ ਵਿੱਚ ਬਕਾਇਦਾ ਅੰਕਿਤ ਹੈ। ਇਹ ਸਲੋਕ 1430 ਪੰਨੇ ਵਾਲੀ ਬੀੜਾਂ ਦੇ ਪੰਨਾ 1353 ਉਤੇ ਹੈ। ਅਗਲੇ ਤਿੰਨ ਸਲੋਕ ਦੂਜੇ ਗੁਰੂ ਅੰਗਦ ਜੀ ਦੇ ਹਨ ਜਦ ਕਿ ਪਹਿਲਾ ਸਲੋਕ ਪਹਿਲੀ ਪਾਤਸ਼ਾਹੀ ਦਾ। ਇਸ ਤੋਂ ਪਹਿਲਾਂ ਪੰਨਾ 656 ਸ੍ਰੀ ਨਾਮ ਦੇਵ ਜੀ ਦਾ ਸ਼ਬਦ ਹੈ : ਇਸ ਉੱਪਰ ਮੰਗਲ ਹੈ : ੧ਓ ਸਤਿ ਗੁਰਪ੍ਰਸਾਦਿ', ਪ੍ਰੰਤੂ, ਸ੍ਰੀ ਕਰਤਾਰਪੁਰ ਏਥੇ ਕੇਵਲ ੧ਓ ਮੰਗਲ ਹੈ। ਸੋ, ਇਹ ਅਤਿ ਸੰਖੇਪ ਮੰਗਲ ਦੋ ਵੇਰ ਆਉਂਦਾ ਹੈ।

ਨੋਟ : ਹੋਰ ਤਸੱਲੀ ਲਈ ਵੇਖੋ, ਪੁਸਤਕ 'ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ'

(ਪ੍ਰਿੰ: ਜੋਧ ਸਿੰਘ) ਦਾ ਪੰਨਾ 112 ਤੇ ਪੰਨਾ 83

ਇਹ ਮੰਗਲ, ਬਾਣੀ ਦੇ ਮੂਲ (ਮੁੱਢ) ਵਿੱਚ ਅੰਕਿਤ ਹੋਣ ਕਰਕੇ 'ਮੂਲ ਮੰਤ੍ਰ' ਵੀ ਕਿਹਾ ਤੇ ਮੰਨਿਆ ਜਾਂਦਾ ਹੈ। ਪ੍ਰੰਤੂ, ਹੈਰਾਨੀ ਵਾਲੀ ਗਲ ਹੈ ਕਿ ਇਹਨਾਂ ਨੂੰ ਹਰ ਥਾਂ ਰਾਗ ਦੇ ਸਿਰਲੇਖ ਤੋਂ, ਜਿਸ ਦਾ ਸਿੱਧਾ ਸੰਬੰਧ ਅੱਗੇ ਆਉਂਦੀ ਬਾਣੀ ਨਾਲ ਹੈ, ਪਹਿਲਾਂ ਅੰਕਿਤ ਕਰਨ ਦੀ ਥਾਂ, ਛਾਪੇ ਖਾਨਿਆਂ ਵਿੱਚ ਛਪਦੀਆਂ ਆ ਰਹੀਆਂ ਬੀੜਾਂ ਵਿੱਚ ਕਿਤੇ ਬਾਣੀ ਦੇ ਸਿਰਲੇਖ ਤੋਂ ਪਹਿਲਾਂ ਤੇ ਕਿਤੇ ਹੇਠਾਂ ਜਾਂ ਪਿੱਛੇ ਛਾਪਿਆ ਜਾਂਦਾ ਸੀ। ਸ਼੍ਰੋ. ਗੁ. ਪ੍ਰ. ਕਮੇਟੀ ਨੇ ਬਾਦ ਸੰਨ 1951-52 ਵਿੱਚ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਨਾਲ ਮੇਲ ਕੇ ਬੀੜ ਛਾਪੀ ਤਾਂ ਪਾਵਨ ਆਦਿ ਬੀੜ ਅਨੁਸਾਰ, ਸਾਰੇ ਮੰਗਲਾਂ ਨੂੰ ਰਾਗ ਦੇ ਸਿਰਲੇਖਾਂ ਤੋਂ ਪਹਿਲ ਦਿੱਤੀ। ਇਹ ਸਿਲਸਿਲਾ 1962 ਤੱਕ ਬਾਵਜੂਦ ਕਈ ਤਬਕਿਆਂ ਦੀ ਵਿਰੋਧਤਾ ਦੇ ਚਲਦਾ ਰਿਹਾ। ਸੰਤ ਚੰਨਨ ਸਿੰਘ ਜੀ ਦੀ ਪ੍ਰਧਾਨਗੀ ਸਮੇਂ ਸ਼੍ਰੋਮਣੀ ਕਮੇਟੀ ਨੇ ਸੰਨ 1964 ਵਿਚ ਫੇਰ ਮਤਾ ਪਾਸ ਕੀਤਾ ਕਿ ਬੀੜ ਦੀ ਛਪਾਈ ਬਿਉਪਾਰੀਆਂ ਵਲੋਂ ਪਹਿਲਾਂ ਛਾਪੀਆਂ ਜਾਂਦੀਆਂ ਬੀੜਾਂ ਅਨੁਸਾਰ ਕੀਤੀ ਜਾਵੇ ਅਤੇ ਮੰਗਲ ਐਨ ਸ੍ਰੀ ਕਰਤਾਰਪੁਰੀ ਬੀੜ ਵਿਚ ਦਰਸ਼ਨ ਦੇ ਰਹੇ ਸਰੂਪ ਵਿੱਚ ਛਾਪਿਆ ਜਾਵੇ। ਚੇਤੇ ਰਹੇ ਕਿ ਰਾਗਾਂ ਦੇ ਸਿਰਲੇਖਾਂ ਤੇ ਮੰਗਲਾਂ ਦੀ ਇਹ ਤਰਤੀਬ ਸ੍ਰੀ ਕਰਤਾਰਪੁਰੀ ਆਦਿ ਬੀੜ ਦੇ ਅਨੁਸਾਰ ਤਾਂ ਹੋ ਸਕਦੀ ਹੈ, ਪਰ ਦਰਸ਼ਨ ਦੇ ਰਹੇ ਸਰੂਪ ਵਿਚ ਇਉਂ ਕਰ ਸਕਣਾ ਅਸੰਭਵ ਹੈ। ਹਾਂ, ਉਸਦੀ ਕੇਵਲ ਟਰੇਸਿੰਗ ਹੋ ਸਕਦੀ ਹੈ ਜਾਂ ਫੋਟੋਸਟੈਟ ਕਾਪੀ।

ਇਸ ਦੀ ਪੂਰੀ ਵਾਕਫੀਅਤ ਤੇ ਤਫਸੀਲ ਮੇਰੀ ਪੁਸਤਕ 'ਗੁਰਬਾਣੀ-ਸੰਪਾਦਨ ਨਿਰਣੈ' ਦੇ ਪੰਨਾ 81-90 ਤੱਕ, ਤੋਂ ਪੜ੍ਹੀ ਤੇ ਪ੍ਰਾਪਤ ਕੀਤੀ ਜਾ ਸਕਦੀ ਹੈ। ਸ਼੍ਰੋ. ਗੁ. ਪ੍ਰ. ਕਮੇਟੀ ਦਾ ਸੰਨ 1964 ਵਾਲਾ ਮਤਾ ਵਰਤੋਂ ਵਿਚ ਲਿਆ ਸਕਣਾ ਸੰਭਵ ਨਹੀਂ, impraticable ਹੈ, ਆਦਿ ਆਦਿ।

## ਗੁਰਬਾਣੀ ਵਿਚ ਆਏ ਤੱਤਸਮ ਤੇ ਤੱਦਭਵ ਸ਼ਬਦਾਂ ਬਾਰੇ :

ਗੁਰਬਾਣੀ ਦੀ ਭਾਸ਼ਾ ਕਈਆਂ ਬੋਲੀਆਂ ਦੀ ਮਿਸ਼ਰਤ ਹੈ। ਬਾਹਰਲੀਆਂ ਬੋਲੀਆਂ ਦੇ ਸ਼ਬਦਾਂ ਨੂੰ ਦੋ ਤਰ੍ਹਾਂ ਵਰਤਿਆ ਗਿਆ ਹੈ। ਇਕ, ਸੰਬੰਧਤ ਬੋਲੀ ਵਿਚਲੇ ਅਸਲ (ਤਤਸਮ) ਰੂਪ ਵਿੱਚ, ਦੂਜੇ, ਬਦਲੇ (ਤਦਭਵ) ਰੂਪ ਵਿੱਚ)

ਤਤਸਮ ਸ਼ਬਦ : ਫਾਰਸੀ ਤੇ ਅਰਬੀ ਵਿਚੋਂ ਆਏ ਸਿਹਾਰੀ-ਅੰਤ ਕੁੱਝ ਸ਼ਬਦ, (ਇਸਤ੍ਰੀ ਲਿੰਗ) ਜੋ ਤਤਸਮ ਰੂਪ ਵਿੱਚ ਵਰਤੇ ਗਏ ਹਨ : ਸ਼ੁੱਧ ਉਚਾਰਣ ਸਹਿਤ ਉਮਤਿ (ਉਮੱਤਿ), ਅਕਲਿ (ਅਕ਼ਲ), ਈਦਿ, ਇਲਤਿ (ਇਲੱਤਿ) ਸਾਖਤਿ (ਸਾਖ਼ਤ). ਸਜਾਇ (ਸਜ਼ਾਇ), ਸ਼ਨਾਤਿ, ਸਨਾਇ, ਸੁੰਨਤਿ, ਸਿਫਤਿ(ਸਿਫ਼ਤਿ) ਸਨਾਇ ਪੇਸਿ (ਪੇਸ਼ਿ) ਸ਼ਰੀਅਤਿ (ਸ਼ਰੀਅਤਿ), ਸੂਰਤਿ, ਕੁਦਰਤਿ (ਕੁਦਰਤ), ਖਬਰਿ (ਖ਼ਬਰ), ਖੈਰਿ (ਖ਼ੈਰਿ), ਜਰੂਰਤਿ (ਜਰੂਰਤਿ), ਬੰਦਸਿ (ਬੰਦਸ਼ਿ), ਪੈਦਾਇਸਿ (ਪੈਦਾਇਸ਼), ਮਸਕੱਤਿ (ਮੱਸ਼ਕਤਿ) ਮਸੀਤਿ,

ਮੁਹਲਤਿ, ਮੁਹਬਤਿ (ਮੁਹੱਬਤਿ) ਮਾਰਫ਼ਤਿ, ਯਾਦਿ, ਹਕੀਕ਼ਤ, ਹਿਕਮਤਿ, ਹਜ਼ਤਿ (ਹੁਜੱ ਤਿ), ਗੈਰਤਿ, ਹੁਰਮਤਿ, ਆਦਿ, ਆਦਿ।

ਪੁਲਿੰਗ : ਅਲਹ (ਅੱਲਾਹ) ਖੁਦਾਇ, ਤਾਮਿ ਆਦਿ।

ਵਿਸ਼ੇਸ਼ਣ : ਅਸਲਿ, ਬਹਤਰਿ, ਬਰਾਬਰਿ ਆਦਿ।

ਏਸੇ ਤਰ੍ਹਾਂ ਕੁਝ ਕੁ (ਸਿਹਾਰੀ(ਅੰਤ) ਸੰਸਕ੍ਰਿਤ ਨਾਂਵ)

ਇਸਤ੍ਰੀ ਲਿੰਗ : ਉਸਤਤਿ, ਉਤਪਤਿ, ਉਪਾਧਿ, ਅਗਨਿ, ਸਕਤਿ, ਸੰਗਤਿ, ਸਾਂਤਿ, ਸਿਧਿ, ਸਰਨਿ, ਕੀਟਿ, ਕੰਠਿ ਗੋਸਟਿ, ਗਤਿ, ਗੁਰਮਤਿ, ਜੁਗਤਿ, ਧੂਲਿ, ਨਾਭਿ, ਨਾਰਿ, ਪ੍ਰੀਤਿ, ਪ੍ਰਤੀਤਿ, ਪਾਲਿ, ਬਿਆਧਿ, ਭਗਤਿ, ਭੂਮਿ, ਬੁਧਿ, ਭੂਮਿ, ਮੁਸ਼ਟਿ, ਮੂਰਤਿ, ਮੁਕਤਿ, ਆਦਿ ਆਦਿ।

ਪੁਲਿੰਗ : ਸਸਿ, ਹਸਤਿ, ਹਰਿ, ਕਪਿ, ਕਲਿ, ਕਵਿ, ਚਿੰਤਾਮਨਿ, ਜਲਨਿਧਿ, ਪਤਿ, ਪੁਰਖ ਪਤਿ, ਬਨਸਪਤਿ, ਬਲਿ, ਭੂਪਤਿ, ਮੁਨਿ, ਮੋਨਿ, ਮੁਰਾਰਿ, ਰਿਖਿ, ਰਵਿ।

ਕੁੱਝ ਪ੍ਰਾਕ੍ਰਿਤ, ਸੰਸਕ੍ਰਿਤ ਜਾਂ ਫਾਰਸੀ ਅਰਬੀ ਬੋਲੀ ਦੇ ਸ਼ਬਦ ਜੋ ਬਾਣੀ ਵਿਚ ਤਦਭਵ ਰੂਪ ਵਿੱਚ ਵਰਤੇ ਗਏ ਹਨ : ਵਖਤ (ਵਕ਼ਤ), ਭਉ (ਭਯ), ਪਰਵਦਗਾਰ (ਪਰਵਰਦਗਾਰ) ਭਿਸਤਿ (ਬਹਿਸ਼ਤ), ਅਬਗਤ(ਅ-ਵਿਅਕਤ) ਚਲੂਲੀਆ (ਚੂਲਾਲਹ-ਗੂੜੇ ਲਾਲਹ(ਲਾਲਫੁਲ ਵਰਗਾ) ਮਸਕਲ(ਮਿਸਕਲਾ) ਹਮ(ਹਮਹ-ਸਾਰੀ), ਹਦਰਥਿ(ਹਜ਼-ਰਤ), ਮੁਸਾਇਕਾਂ(ਮੁਸਾਇਖਾਨ-ਸ਼ੇਖ ਦਾ ਬਹੁਵਚਨ ਮੁਸਾਇਖ, ਪ੍ਰੰਤੂ ਸ਼ੇਖ ਦੇ ਬਹੁਵਚਨ ਦਾ ਬਹੁਵਚਨ ਜਮਹ-ਅਲ-ਜਮਹ) ਮੁਸਾਇਖਾਨ) ਹਥ(ਹਸਤੁ), ਹਾਥੀ(ਹਸਤਿ) ਲੂਣ(ਲਵਣ) ਪੁਹਪੁ(ਪੁਸ਼ਪ) ਕੁਹਾੜਾ(ਕੁਠਾਰ) ਵੱਥੂ(ਵਸਤ) ਵਾੜਿ(ਵਾਟਿਕੀ) ਨੇੜੇ(ਨਿਕਟਿ) ਹਿਆਉ (ਹ੍ਰਿਦਯ) ਪਰਲਉ(ਪ੍ਰਲਯ) ਆਦਿ ਆਦਿ।

## ਬਿੰਦੀ ਦੀ ਵਰਤੋਂ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸਹੀ ਉਚਾਰਣ ਤੇ ਸੂਝ ਬੂਝ ਲਈ ਬਿੰਦੀ ਦੀ ਵਰਤੋਂ ਬਾਰੇ ਜਾਣਕਾਰੀ ਹੋਣਾ ਅਤਿਅੰਤ ਜ਼ਰੂਰੀ ਹੈ। ਬਿੰਦਿਆਂ ਦੀ ਸੰਕੇਤ ਦੇ ਅਨੇਕ ਥਾਂਈਂ ਵਰਤੋਂ ਹੋਈ ਹੈ, ਪ੍ਰੰਤੂ, ਅਸੀਂ ਜਿਹਾ ਕੁ ਸੰਖੇਪ ਤੌਰ ਉੱਤੇ ਪਿੱਛੇ ਦੱਸਿਆ ਗਿਆ ਹੈ, ਕਿਤੇ ਕਿਤੇ ਇਹਨਾਂ ਸੰਕੇਤਾਂ ਉੱਤੇ ਅਮਲ ਕਰਦੇ ਹਾਂ, ਅਤੇ ਕਿਤੇ ਨਹੀਂ, ਜਿਵੇਂ, ਮਹਲਾ ਪਦ ਨਾਲ ਆਏ ਅੰਕਾਂ 1, 2, 3 ਦਾ ਉਚਾਰਣ ਦੇ ਰਹੇ ਰੂਪ ਦੇ ਪ੍ਰਤਿਕੂਲ, ਪਹਿਲਾ, ਦੂਜਾ, ਤੀਜਾ ਕੀਤਾ ਜਾਂਦਾ ਹੈ, ਜੋ ਸ਼ੁੱਧ ਹੈ।

ਭਾਈ ਸਾਹਿਬ ਸੰਤੋਖ ਸਿੰਘ ਜੀ ਨੇ 'ਗਰਬ ਗੰਜਨੀ' (ਟੀਕਾ ਜਪੁ ਜੀ ਦੀ ਭੂਮਿਕਾ) ਵਿਚ ਇਸ ਦਾ ਭਾਵ ਦੱਸਿਆ ਹੈ ਕਿ ਜਦ ਗੁਰੂ ਅਰਜੁਨ ਦੇਵ ਜੀ ਪਾਸੋਂ, ਆਦਿ ਬੀੜ ਦੀ ਸੰਕਲਨਤਾ ਹੋ ਜਾਣ ਉਪ੍ਰੰਤ ਇਸ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਦਾ ਫੁਰਮਾਨ ਸੀ।

'ਇਸ ਸਰੂਪ ਵਿਚ ਹੁਣ ਕੋਈ ਅਦਲਾ ਬਦਲੀ ਨਹੀਂ ਹੋ ਸਕਦੀ। ਜੋ ਸਿੱਖ ਵਿਚਾਰ ਕੇ ਧਿਆਨ ਨਾਲ ਪੜ੍ਹਨਗੇ, ਉਹ ਬਿੰਦੋ ਸਹਿਤ ਸ਼ੁੱਧ ਪਾਠ ਕਰਨਗੇ।

ਇਕੋ ਰੂਪ ਵਿੱਚ ਦਰਸ਼ਨ ਦੇ ਰਹੇ ਸ਼ਬਦਾਂ ਦਾ ਬਿੰਦੇ-ਸਹਿਤ ਤੇ ਬਿੰਦੇ-ਰਹਿਤ ਉਚਾਰਣ ਕਰਨ ਨਾਲ ਅਰਥਾਂ ਵਿੱਚ ਅੰਤਰ ਹੋਣ ਦੇ ਕੁਝ ਉਦਾਹਰਣ :

1, ੳ) ਜੋ ਤੁਧੁ ਭਾਵੈ ਸਾਈ (ਉਹ) ਭਲੀ ਕਾਰ ॥ (ਜਪੁਜੀ)

ਅ) ਸਾਂਈ (ਸਾਂਈ/ਮਾਲਿਕ) ਨਾਮੁ ਅਮੋਲੁ, ਕੀਮ ਨ ਕੋਈ ਜਾਣਦੋ।

ਨੋਟ : ਸ਼ੇਖ ਫ਼ਰੀਦ ਜੀ ਦੇ ਸ਼ਲੋਕਾਂ ਵਿੱਚ 'ਸਾਂਈ' (ਮਾਲਿਕ, ਸਵਾਮੀ) 6 ਵਾਰ ਤਾਂ ਸਾਂਈ ਕਰਕੇ ਲਿਖਿਆ ਗਿਆ ਹੈ, ਪ੍ਰੰਤੂ, ਦੋ ਵੇਰ ਜਦ ਕਿ ਉਥੋਂ ਵੀ ਅਰਥ ਮਾਲਿਕ ਜਾਂ ਸੁਆਮੀ ਹੀ ਬਣਦਾ ਹੈ, ਬਿੰਦੀ ਬਿਨਾਂ 'ਸਾਈ' ਕਰਕੇ ਅੰਕਿਤ ਕੀਤਾ ਹੈ। ਕੀ ਮੇਰੇ ਵਿਪੱਖੀ ਵੀਰ, ਜੋ ਦਰਸ਼ਨ ਦੇ ਰਹੇ ਰੂਪ ਵਿੱਚ ਪਾਠ ਕਰਨ ਦਾ ਅਸਾਧ (Impracticable) ਹੱਠ ਕਰਦੇ ਹਨ, ਸ਼ੁੱਧ ਪਾਠ ਦੇ ਸੰਕੇਤ ਹੁੰਦਿਆਂ ਸੁੰਦਿਆਂ ਏਥੇ ਵੀ 'ਸਾਈ' ਹੀ ਪਾਠ ਕਰਨਗੇ ਜਾਂ 'ਸਾਂਈ' ?

ਸਾਈ ਤੇ ਸਾਂਈ, ਦੋਹਾਂ ਦੇ ਅਰਥਾਂ ਵਿੱਚ ਧਰਤੀ ਆਕਾਸ਼ ਜਿੰਨਾ ਅੰਤਰ ਹੈ।

2. ੳ) ਗੁਣ ਕੀਰਤਿ ਨਿਧਿ ਮੋਰੀ ॥ (ਮੋਰੀ=ਮੇਰੀ) ਪੰ. 213

ਅ) ਮੋਰੀ ਰੁਣਝੁਣ ਲਾਇਆ, ਭੈਣੇ ਸਾਵਣ ਆਇਆ ॥ ਪੰ, 55

'ਮੋਰੀ' ਦਾ ਸ਼ੁੱਧ ਉਚਾਰਣ ਹੈ—ਮੋਰੀਂ, ਅਰਥ ਹੈ : ਮੋਰਾਂ ਨੇ ਅਤੇ ਮੋਰੀ ਦਾ ਹੈ 'ਮੋਰੀ' ਛੇਕ

3. ੳ) ਗਾਂਛਹੁ ਪੁਤ੍ਰੀ ਰਾਜ ਕੁਆਰਿ ॥ ਪੰ. 1187

ਅ) ਪੁਤ੍ਰੀ ਕਉਲੁ ਨ ਪਾਲਿਓ, ਕਰਿ ਪੀਰਹੁ ਕੰਨ ਮੁਰਟੀਐ ॥ ਪੰ. 967

ੲ) ਪੁਤ੍ਰੀ(ਪੁਤਰੀ) ਤੇਰੀ ਬਿਧਿ ਕਰਿ ਥਾਟੀ ॥ ਪੰ. 374

ਨੋਟ : ਉਪ੍ਰੋਕਤ ਤਿੰਨ ਪਦਾਂ ਦਾ ਦਰਸ਼ਨ ਦੇ ਰਿਹਾ ਸਰੂਪ ਤਾਂ ਇਕੋ ਹੈ, ਪਰ ਤੁਕ ਨੰਬਰ (ੳ) ਵਿੱਚ ਪੁਤ੍ਰੀ ਇਸਤ੍ਰੀ ਲਿੰਗ, ਇਕ ਵਚਨ ਨਾਉਂ ਹੈ, ਅਰਥ ਹੈ—ਲੜਕੀ, ਧੀ। ਤੁਕ 'ਅ' ਵਿੱਚ, ਪੁਤ੍ਰੀ ਪੁਲਿੰਗ, ਬਹੁਵਚਨ ਨਾਉਂ ਹੈ, ਅਰਥ ਹਨ : ਪੁੱਤਰਾਂ ਨੇ, ਅਤੇ ਉਚਾਰਣ ਹੈ ਪੁੱਤ੍ਰੀਂ। ਤੁਕ 'ੲ' ਵਿੱਚ ਪੁਤ੍ਰੀ, ਇਸਤ੍ਰੀ ਲਿੰਗ ਇਕ-ਵਚਨ ਨਾਂਵ ਹੈ, ਅਤੇ ਅਰਥ ਹਨ—ਅੱਖ ਦੀ ਪੁਤਲੀ, ਉਚਾਰਣ ਹੈ ਪੁੱਤ੍ਰੀ।

4. ੳ) ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥ (ਪੰ. 1380)

ਅ) ਪਾਨੀ ਮੈਲਾ ਮਾਟੀ ਗੋਰੀ ॥ (ਪੰ. 339)

ੲ) ਗੋਰੀ ਸੇਤੀ ਤੁਟੈ ਭਤਾਰੁ ॥ (ਪੰ. 134)

ਟਿੱਪਣੀ : ਤੁਕ 'ੳ' ਵਿੱਚ 'ਗੋਰੀ' ਬਹੁਵਚਨ ਨਾਉਂ ਹੈ, ਫਾਰਸੀ ਸ਼ਬਦ 'ਗੋਰ' ਤੋਂ ਅਰਥ ਹੈ—ਕਬਰਾਂ ਵਿੱਚ। ਉਚਾਰਣ ਹੈ : ਗੋਰੀਂ। ਤੁਕ 'ਅ' ਵਿੱਚ ਗੋਰੀ ਵਿਸ਼ੇਸ਼ਣ ਹੈ, ਸੁਰਖ, ਲਾਲ ਉਚਾਰਨ ਹੈ : ਗੋਰੀ 'ੲ' ਵਿਚ ਗੋਰੀ, ਇਸਤ੍ਰੀ ਲਿੰਗ, ਇਕ ਵਚਨ

ਹੈ : ਅਰਥ ਹੈ : ਸੁੰਦਰ ਨਾਰੀ। ਉਚਾਰਨ ਹੈ : ਗੋਰੀ।

ਇਹ ਬਿਆਨ ਬਹੁਤ ਲੰਬਾ ਚੌੜਾ ਹੈ, ਸੋ ਵਿਸਥਾਰ ਦੇ ਡਰ ਤੋਂ ਕੇਵਲ ਇਹ ਇਕ-ਦੋ ਉਦਾਹਰਣ ਹੀ ਪੇਸ਼ਿ ਖਿਦਮਤ ਹਨ :—

ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ...॥ (ਸੋਹਿਲਾ)

ਏਥੇ, ਕਰਉ ਤੇ ਸੁਣਹੁ ਕਿਰਿਆਵਾਂ ਦੇ ਸ਼ਬਦ-ਜੋੜ ਨੋਟ ਕਰਨ ਯੋਗ ਹਨ। ਕਰਉ ਦਾ ਉਚਾਰਣ ਹੈ, ਕਰਉਂ। ਅਰਥ ਹੈ ਮੈਂ (ਬੇਨਤੀ) ਕਰਦਾ ਹਾਂ। ਇਹ ਉੱਤਮ ਪੁਰਖ, ਇਕ ਵਚਨ ਵਿੱਚ ਹੈ, ਜਦਕਿ 'ਸੁਣਹੁ' ਦਾ ਅਰਥ ਹੈ : (ਹੇ ਮੇਰੇ ਮਿੱਤਰ) ਤੁਸੀਂ ਸੁਣੋ। ਜੋ ਗੁਰਸਿਖ ਬੇਧਿਆਨੇ ਦੋਹੀਂ ਥਾਂਈਂ 'ਕਰਹੁ ਬੇਨੰਤੀ, ਸੁਣਹੁ ਮੇਰੇ ਮੀਤਾ' ਪਾਠ ਕਰ ਜਾਂਦੇ ਹਨ' ਉਹ ਕਿਤਨਾ ਅਨਰਥ ਮਾਰਦੇ ਹਨ, ਵੀਚਾਰਵਾਨ ਸੱਜਣ ਨੋਟ ਕਰਨ ਤੇ ਕਿਰਪਾਲਤਾ ਕਰਨ ਕਿ ਸਹੀ ਪਾਠ ਕੀ ਹੈ।

ਏਸੇ ਤਰ੍ਹਾਂ ਸੁਖਮਨੀ ਸਾਹਿਬ ਦੀਆਂ ਕੇਵਲ ਦੋ-ਤੁਕਾਂ ਦਾ ਉਚਾਰਣ ਪੇਸ਼ ਹੈ। ਓਥੇ ਪਾਠ ਹੈ—

ਸਿਮਰਉ(ਸਿਮਰਉਂ) ਸਿਮਰ ਸਿਮਰ ਸੁਖ ਪਾਵਉ(ਪਾਵਉਂ)।<br>
ਕਲਿ ਕਲੇਸ ਤਨ ਮਾਹਿ ਮਿਟਾਵਉ(ਮਿਟਾਵਉਂ)

ਅਰਥ ਹਨ : ਗੁਰਦੇਵ ਜੀ ਪਰਮ ਅਨੰਦ ਦੀ ਪ੍ਰਾਪਤੀ ਲਈ ਆਪਣਾ ਤਰੀਕਾ ਤੇ ਤਜਰਬਾ ਪਾਠਕ ਜੀ ਨਾਲ ਸਾਂਝਾ ਕਰਦੇ ਹੋਏ ਫੁਰਮਾਉਂਦੇ ਹਨ ਕਿ 'ਮੈਂ' (ਵਾਹਿਗੁਰੂ ਦਾ ਨਾਮ) ਸਿਮਰਨ, ਕਰ ਕਰਕੇ ਮਹਾਂਨੰਦ ਪ੍ਰਾਪਤ ਕਰਦਾ ਹਾਂ। ਅਤੇ ਜ਼ਿੰਦਗੀ ਵਿਚਲੇ ਸਾਰੇ ਝਗੜੇ ਤੇ ਦੁਖ ਜੋ ਸਰੀਰ ਵਿਚ ਹਨ, ਮਿਟਾ ਲੈਂਦਾ ਹਾਂ।

ਜੋ ਟੇਪਕਾਰ ਜਾਂ ਪਾਠੀ ਸੱਜਣ ਏਥੇ 'ਸਿਮਰਹੁ ਜਾਂ ਸਿਮਰੋ ਅਤੇ ਪਾਵਹੁ, ਪਾਵੋ ਤੇ ਮਿਟਾਵੋ ਪਾਠ ਕਰਨ ਦੀ ਘੋਰ ਅਵੱਗਿਆ ਕਰ, ਕਰਵਾ ਰਹੇ, ਉਹ ਵੇਖ ਲੈਣ ਕਿ ਕੀ ਇਹ ਗੁਰੂ ਜੀ ਵੱਲ ਸ਼ਰਧਾ, ਮਨੁੱਖਤਾ ਤੇ ਕ੍ਰਿਤਾਗਯਤਾ ਹੈ ਜਾਂ ਘੋਰ ਅਵੱਗਿਆ ?

ਸਿਮਰਉਂ, ਪਾਵਉਂ ਤੇ ਮਿਟਾਵਉਂ (ਤਿੰਨੇ ਕ੍ਰਿਆਵਾਂ) ਉੱਤਮ ਪੁਰਖ ਵਿੱਚ ਹਨ, ਜਦ ਕਿ ਸਿਮਰਹੁ, ਪਾਵਹੁ ਤੇ ਮਿਟਾਵਹੁ ਮੱਧਮ ਪੁਰਖ ਵਿੱਚ ਹਨ। ਸਾਰੀ ਬਾਣੀ ਵਿਚ ਇਸ ਨੇਮ ਦੀ ਵਰਤੋਂ ਸਮਝਣ ਤੇ ਅਪਨਾਉਣ ਯੋਗ ਹੈ।

## ਗੁਰਬਾਣੀ ਦੇ ਗੁੱਝੇ ਭਾਵ

ਗੁਰਬਾਣੀ ਵਿਚ ਜਿਵੇਂ ਲਗਾਂ ਮਾਤਰਾਂ ਦੋ ਤਰ੍ਹਾਂ ਦੀਆਂ : ਉਚਾਰਣਾਤਮਕ ਤੇ ਅਰਥਾਤਮਕ ਹਨ, ਉਸੇ ਤਰ੍ਹਾਂ ਅਰਥ ਵੀ ਦੋ ਤਰ੍ਹਾਂ ਦੇ ਹਨ : ਇਕ ਵਾਚਕ-ਅਰਥ ਅਤੇ ਦੂਜੇ ਭਾਵਾਰਥ : ਜਿੰਨਾ ਚਿਰ ਭਾਵਾਰਥਾਂ ਦੀ ਸੂਝ ਨਾ ਹੋਵੇ, ਓਨਾ ਚਿਰ ਕੇਵਲ ਵਾਚਕ-ਅਰਥ ਜਗਿਆਸੂ ਨੂੰ ਬਹੁਤ ਦੂਰ ਨਹੀਂ ਲਿਜਾਂਦੇ। ਏਸੇ ਲਈ ਗੁਰੂ ਜੀ ਫੁਰਮਾਉਂਦੇ ਹਨ ਕਿ ਬਾਣੀ ਕੋਈ ਵਿਰਲਾ ਵਿਅਕਤੀ ਹੀ ਵੀਚਾਰੇਗਾ :

ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ ॥

ਵਰਨਾ, ਜੇ ਵਾਚਕ (ਲਫਜ਼ੀ) ਅਰਥ ਹੀ ਕਰਨੇ ਹੋਣ, ਤਾਂ ਬਾਣੀ-ਵੀਚਾਰ ਵਿੱਚ ਕੀ ਮੁਸ਼ਕਲ ਹੈ। ਕਠਿਨਾਈ ਤਾਂ ਭਾਵਾਰਥ; ਭਾਵ, ਅੰਤ੍ਰੀਵ ਅਰਥ ਕਰਨ ਵਿੱਚ ਹੈ। ਸਪਸ਼ਟਤਾ ਲਈ ਕੁਝ ਉਦਾਹਰਣਾਂ ਹਾਜ਼ਰ ਹਨ :

1. ਪਾਠ ਹੈ : ਤੈ ਸਾਹਿਬ ਕੀ ਬਾਤ ਜਿ ਆਖੈ, ਕਹੁ ਨਾਨਕ ਕਿਆ ਦੀਜੈ ॥
ਸੀਸੁ ਵਢੇ ਕਰਿ ਬੈਸਣ ਦੀਜੈ, ਵਿਣੁ ਸਿਰ ਸੇਵ ਕਰੀਜੈ ॥

ਟਿੱਪਣੀ : ਇਹਨਾਂ ਤੁਕਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਭੂ ਪ੍ਰਤੀ ਅਤਿ ਸ਼ਰਧਾ, ਸਿਦਕ, ਆਦਰ ਸਤਿਕਾਰ ਤੇ ਵਾਂਰਨੇ ਜਾਣ ਦਾ ਪ੍ਰਗਟਾਵਾ ਕਰਦੇ ਹਨ, ਸੱਚੀ ਮੁੱਚੀਂ ਸਿਰ ਵੱਢ ਕੇ ਬੈਠਣ ਲਈ ਦੇਣਾ ਮਕਸੂਦ ਨਹੀਂ। ਪਹਿਲੀ ਗਲ : ਜੇ ਸਿਰ ਹੀ ਵੱਢ ਸਿੱਟਿਆ, ਤਾਂ ਬਿਨਾਂ ਸਿਰ ਸੇਵਾ ਕਿਵੇਂ ਹੋਊ। ਦੂਜੇ, ਪ੍ਰਮਾਤਮਾ ਕੋਈ ਵਿਅਕਤੀ ਨਹੀਂ, ਪਰਮ ਸ਼ਕਤੀ ਹੈ, ਅਨੁਭੂਤੀ ਹੈ, ਸਮੱਸਤਤਾ, ਹੈ ਇੱਕ totality। ਸੋ, ਇਸ ਵੱਢੇ ਹੋਏ ਸਿੱਰ ਉੱਤੇ ਬਿਠਾਇਆ ਕਿਸ ਨੂੰ ਜਾਵੇਗਾ ਤੇ ਕਿਵੇਂ? ਇਹ ਸਭ ਪ੍ਰਤੀਕ ਹਨ, ਇਸ਼ਾਰੇ ਹਨ।

2. (ੳ) ਅਖੀ (ਅੱਖੀਂ) ਬਾਝਹੁ ਵੇਖਣਾ, ਵਿਣੁ ਕੰਨਾ ਸੁਨਣਾ ॥
ਪੈਰਾ ਬਾਝਹੁ ਚਲਣਾ, ਵਿਣੁ ਹੱਥਾ ਕਰਣਾ ॥
ਜੀਭੈ ਬਾਝਹੁ ਬੋਲਣਾ, ਇਉਂ ਜੀਵਤ ਮਰਣਾ ॥
ਨਾਨਕ, ਹੁਕਮ ਪਛਾਣਿ ਕੈ ਤਉ ਖਸਮੈ ਮਿਲਣਾ ॥ (ਮ: 2 ਪੰ. 136)

ਅਗਲੇ ਸਲੋਕ ਵਿੱਚ ਇਸ ਗੁੰਝਲ ਅਥਵਾ ਬੁਝਾਰਤ ਨੂੰ ਗੁਰੂ ਜੀ ਆਪ ਹੀ ਇਉਂ ਖੋਲ੍ਹਣ ਦਾ ਉਪਕਾਰ ਕਰਦੇ ਹਨ :

(ਅ) ਦਿਸੈ ਸੁਣੀਐ ਜਾਣੀਐ, ਸਾਉ ਨ ਪਾਇਆ ਜਾਇ ॥
ਰੁਹਲਾ, ਟੁੰਡਾ, ਅੰਧਲਾ ਕਿਉਂ ਗਲਿ ਲਗੈ ਧਾਇ। (ਮ. 2)

ਉੱਤਰ : ਭੈ ਕੇ ਚਰਣ; ਕਰ (ਹੱਥ) ਭਾਵ ਕੇ, ਲੋਇਣ ਸੁਰਤਿ ਕਰੇਇ ॥
ਨਾਨਕੁ ਕਹੈ ਸਿਆਣੀਐ, ਇਵ ਕੰਤ ਮਿਲਾਵਾ ਹੋਇ ॥ (ਪੰ. 139)

ਟਿੱਪਣੀ ; ਸੱਚੇ, ਜੇ ਵਾਚਕ-ਅਰਥ ਕਰੀਏ ਤਾਂ ਸਵਾਲ ਪੈਦਾ ਹੋਵੇਗਾ ਕਿ ਕੀ ਕਦੀ ਭੈ (ਅਦਬ) ਦੇ ਪੈਰ ਅਤੇ ਪ੍ਰੇਮ ਪਿਆਰ ਦੇ ਹੱਥ ਹੋਏ ਹਨ। ਇਹ ਤਾਂ ਹੱਡ ਮਾਸ ਦੇ ਹੀ ਹੋ ਸਕਦੇ ਹਨ? ਸੋ ਭਾਵ ਇਹ ਹੈ ਕਿ ਆਪਣੇ ਮਨ ਅੰਦਰ ਵਾਹਿਗੁਰੂ ਜੀ ਦਾ ਅਦਬ, ਸਤਿਕਾਰ ਤੇ ਪਿਆਰ ਵਸਾਇਆ ਜਾਵੇ ਅਤੇ ਅੰਦਰੋਂ, ਪ੍ਰਭੂ ਨਾਲ ਸੁਰਤੀ ਜੋੜੀ ਜਾਵੇ।

3. ਨਾਨਕ ਦਾਸ ਇਹੈ ਸੁਖੁ ਮਾਂਗੈ, ਮੋ ਕਉ ਕਰਿ ਸੰਤਨ ਕੀ ਧੂਰੇ ॥ (ਸੋਹਿਲਾ ਮ: 5)
ਤਥਾ ਨਾਨਕ ਬਗੋਯਕ ਜਨੁ ਤੁਰਾ, ਤੇਰੇ ਚਾਕਰਾਂ ਪਾਖਾਕ ॥ (ਮ: 1, ਪੰ: 721)

ਟਿੱਪਣੀ : ਸੰਤਾਂ, ਪ੍ਰਭੂ ਲੋਕਾਂ ਦੇ ਪੈਰਾਂ ਦੀ ਧੂੜੀ ਹੋਣਾ ਜਾਂ ਪ੍ਰਭੂ-ਦਾਸਾਂ ਦੇ ਪੈਰਾਂ ਦੀ ਖਾਕ ਹੋਣ ਦੀ ਲਾਲਸਾ, ਗੁਰੂ ਸਾਹਿਬਾਨ ਵਲੋਂ ਬਾਣੀ ਵਿੱਚ ਥਾਂ ਥਾਂ ਪ੍ਰਗਟਾਈ ਗਈ ਹੈ।

ਇਹ ਜੋਦੜੀ ਸਤਿਗੁਰਾਂ ਦੇ ਧੁਰ ਅੰਦਰ ਵਸਦੀ ਬਾਣੀ ਨਿਮਰਤਾ ਅਤੇ ਪ੍ਰਭੂ-ਸੇਵਕਾਂ ਲਈ ਅਤਿ ਆਦਰ ਸਤਿਕਾਰ ਦੀ ਲਖਨਾਇਕ ਹੈ। ਏਸੇ ਤਰ੍ਹਾਂ, ਜਗਿਆਸੂ ਨੂੰ ਸਤਿ-ਪੁਰਖਾਂ ਦੀ ਧੂੜੀ ਵਿੱਚ ਇਸ਼ਨਾਨ ਕਰਨ ਦਾ ਮਸ਼ਵਰਾ ਹੈ, ਐਸੀਆਂ ਤੁਕਾਂ ਦੇ ਵਾਚਕ-ਅਰਥਾਂ ਅਨੁਸਾਰ ਅਮਲ ਕਰਨਾ ਅਸੰਭਵ ਹੈ ! ਗੁਰਬਾਣੀ ਵਿਚ ਆਏ ਇਹਨਾਂ ਪ੍ਰਤੀਕਾਂ ਨੂੰ ਸਮਝਣ ਦੀ ਆਵੱਸ਼ਕਤਾ ਹੈ, ਲੋੜ ਹੈ।

4. ਏਸੇ ਤਰ੍ਹਾਂ ਗਰਬਾਣੀ ਵਿੱਚ 'ਮਾਈ, ਗੁਰ ਚਰਣੀ ਚਿਤੁ ਲਾਈਐ।' ਜਾਂ 'ਹਰਿ ਚਰਣ ਕਵਲ ਮਕਰੰਦ ਲੋਭਿਤ, ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥'' ਜਾਂ ਗੁਰੂ ਜੀ ਦੇ ਚਰਣ ਧੋ ਕੇ ਪੀਣ ਦੀ ਭਰਪੂਰ ਪ੍ਰੇਰਣਾ ਹੈ। ਭਲਾ ਸੋਚੋ, ਲਫਜ਼ੀ ਅਰਥਾਂ ਅਨੁਸਾਰ ਇਹ ਕਿਵੇਂ ਸੰਭਵ ਹੋਵੇਗਾ ? ਫਿਰ ਨਿਰਗੁਣ ਹਰੀ ਦੇ ਚਰਣ ਕੰਵਲ ਕਿੱਥੋਂ ਪੈਦਾ ਕਰਾਂਗੇ ?

ਗੱਲ, ਫੇਰ ਏਥੇ ਵੀ ਪ੍ਰਤੀਕਾਂ ਤੇ ਸੰਕੇਤਾਂ ਦੀ ਹੈ। ਚਰਣਾਂ ਤੋਂ ਸਤਿਗੁਰੂ ਜੀ ਦਾ ਭਾਵ, ਸ਼ਬਦ ਨਾਮ, ਅਥਵਾ ਉਪਦੇਸ਼ ਤੋਂ ਹੈ। ਇਹ ਤੁੱਕ 'ਚਰਣਾਂ' ਦੇ ਇਸ ਪ੍ਰਤੀਕ ਨੂੰ ਸਪੱਸ਼ਟ ਕਰਦੀ ਹੈ :

'ਹਿਰਦੈ ਚਰਣ : ਸਬਦੁ ਸਤਿਗੁਰ ਕੋ, ਨਾਨਕ, ਬਾਂਧਿਓ ਪਾਲ ॥ (ਮ: 5)

ਭਾਵਾਰਥ—ਸਤਿਗੁਰੂ ਦਾ ਸ਼ਬਦ, ਉਪਦੇਸ਼, ਬਾਣੀ ਅਥਵਾ ਹਰੀ ਨਾਮ ਹੀ ਹਿਰਦੇ ਅੰਦਰ ਪ੍ਰਭੂ ਦੇ ਚਰਣ ਹਨ। ਹੇ ਨਾਨਕ, ਮੈਂ ਇਹ ਨਾਮ ਘੁੱਟ ਕੇ ਆਪਣੇ ਪੱਲੇ ਬੰਨ੍ਹ ਲਿਆ ਹੈ, ਅਥਵਾ, ਹਿਰਦੇ ਵਿੱਚ ਵਸਾ ਲਿਆ ਹੈ।

5. ਅੰਤ ਵਿੱਚ ਵਿਸਥਾਰ ਦੇ ਡਰ ਤੋਂ, ਅਥਵਾ 'ਆਕ਼ਲ ਰਾ ਇਸ਼ਾਰਾ ਕਾਫੀ ਸਤਾ' ਦੇ ਅਖਾਣ ਦੀ ਸਚਾਈ ਨੂੰ ਮੁੱਖ ਰੱਖਦਿਆਂ, ਭਗਤ ਕਬੀਰ ਦੀ ਇਹ ਰਚਨਾ ਹਾਜ਼ਰ ਹੈ, ਜਿਸ ਦੇ ਵਾਚਕ-ਅਰਥ ਸਾਡੇ, ਪੱਲੇ ਕੁਝ ਵੀ ਨਹੀਂ ਪਾਉਂਦੇ।

'ਫੀਲ ਰਬਾਬੀ, ਬਲਦੁ ਪਖਾਵਜ, ਕਊਆ ਤਾਲ ਵਜਾਵੈ ॥
ਪਹਿਰਿ ਚੋਲਨਾ ਗਦਹਾ ਨਾਚੈ; ਭੈਸਾ ਭਗਤਿ ਕਰਾਵੈ ॥੧॥
ਰਾਜਾ ਰਾਮ ਕਕਰੀਆ ਬਰੇ ਪਕਾਏ ॥ ਕਿਨੈ ਬੂਝਨਹਾਰੈ ਪਾਏ ॥੧॥ਰਹਾਉ॥
ਬੈਠਿ ਸਿੰਘੁ ਘਰਿ ਪਾਨ ਲਗਾਵੈ, ਘੀਸ ਗਲਉਰੇ ਲਿਆਵੈ ॥
ਘਰਿ ਘਰਿ ਮੁਸਰੀ ਮੰਗਲੁ ਗਾਵਹਿ, ਕਛੂਆ ਸੰਖੁ ਵਜਾਵੈ ॥2॥
ਬੰਸ ਕੋ ਪੂਤੁ ਬੀਆਹਨਿ ਚਲਿਆ, ਸੋਇਨੇ ਮੰਡਪ ਛਾਏ ॥
ਰੂਪ ਕੰਨਿਆ ਸੁੰਦਰ ਬੇਧੀ, ਸਸੈ ਸਿੰਘ ਗੁਨ ਗਾਏ ॥
ਕਹਤ ਕਬੀਰੁ ਸੁਨਹੁ ਰੇ ਸੰਤਹੁ, ਕੀਟੀ ਪਰਬਤੁ ਖਾਇਆ ॥
ਕਛੂਆ ਕਹੈ ਅੰਗਾਰ ਭਿ ਲੋਰਉ, ਲੂਕੀ ਸ਼ਬਦੁ ਸੁਨਾਇਆ ॥ (ਪੰ. 447)

ਵਾਚੋ ਕਬੀਰ ਜੀ ਦਾ ਹੀ ਇਕ ਹੋਰ ਸਲੋਕ ਨੰ: 91, ਪੰ. 139 ਉੱਤੇ :

ਕਬੀਰ, ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ ॥

ਖਾਰਿ ਮਰੰਤਰ ਛੇਹ ਮੂਹੇ ਚਾਰਿ, ਪੁਰਖ, ਦੋਇ ਨਾਰ ॥

ਭਾਵਾਰਥ : ਕਈਆਂ ਟੀਕਾਕਾਰਾਂ ਨੇ ਇਸ ਸਲੋਕ ਦੇ ਅਰਥ ਇਕ ਹਰਨੀ, ਉਸ ਦੇ ਪੇਟ ਅੰਦਰਲੇ ਦੋ ਬੱਚਿਆਂ, ਹਿਰਨ, ਸ਼ਿਕਾਰੀ ਤੇ ਉਸ ਦੀ ਪਤਨੀ ਦੀ ਮੌਤ ਨਾਲ ਜੋੜ ਕੇ ਅਤੇ ਇਕ ਮਨੋ-ਕਲਪਤ ਕਹਾਣੀ ਘੜ ਕੇ ਕਰ ਛੱਡੇ ਹਨ; ਪ੍ਰੰਤੂ, ਵਿਦਵਾਨਾਂ ਨੇ ਇਸ ਸਲੋਕ ਦੇ ਭਾਵਾਰਥ ਨੂੰ ਇਉਂ ਬਿਆਨਣ ਦਾ ਜਤਨ ਕੀਤਾ ਹੈ :

'ਮਨ ਨੇ ਪਹਿਲਾਂ ਹੰਗਤਾ(ਹਉਮੈਂ) ਨੂੰ ਮਾਰਿਆ, ਜਿਸ ਵਿੱਚੋਂ ਪੈਦਾ ਹੋਏ ਬੱਚੇ ਰਾਗ ਤੇ ਦ੍ਵੈਖ ਭੀ ਨਾਲ ਹੀ ਮਰ ਗਏ । ਫੇਰ, ਹੰਗਤਾ ਦਾ ਸਾਥੀ ਹੰਕਾਰ ਵੀ ਮਾਰਿਆ ਗਿਆ। ਫੇਰ ਮੌਤ ਦੇ ਡਰ(ਸੱਪ) ਨੇ ਮਨ ਨੂੰ ਭੀ ਮਾਰ ਦਿੱਤਾ। ਅਤੇ ਮਨ ਦੀ ਸਾਥਣ : ਜਨਮ ਮਰਨ ਦੀ ਆਸ਼ਾ, ਭੀ ਚਲਾਣਾ ਕਰ ਗਈ। ਇਨ੍ਹਾਂ ਵਿੱਚੋਂ ਚਾਰ (ਮਨ, ਰਾਗ, ਦ੍ਵੈਖ, ਹੰਕਾਰ) ਨਰ ਹਨ ਅਤੇ ਦੋ (ਹੰਗਤਾ ਤੇ ਆਸ਼ਾ) ਮਦੀਨ ਹਨ।'

ਮੁਕਦੀ ਗਲ : ਗੁਰਬਾਣੀ ਦਾ ਸਹੀ ਸਤਿਕਾਰ ਇਸ ਨੂੰ ਸ਼ੁੱਧ ਉਚਾਰਣਾ, ਵੀਚਾਰਣਾ ਤੇ ਅਮਲਾਉਣਾ ਹੈ। ਇਹ ਪ੍ਰੇਮ ਭਗਤੀ, ਰਵਾਦਾਰੀ ਤੇ ਸੁਗਿਆਨ ਦਾ ਸਦੀਵੀ ਤੇ ਅਤੁੱਟ ਭੰਡਾਰ ਹੈ। ਇਹ ਸੰਪ੍ਰਦਾਇਕਤਾ ਤੋਂ ਅਤਿ ਉਚੇਰੀ ਅਤੇ ਸੰਸਾਰ ਦੀ ਸਭ ਤੋਂ ਵੱਡੀ ਲੋੜ—ਸਹਿਵਾਸ ਤੇ ਭਾਵਕ-ਏਕਤਾ ਦੀ ਜਾਮਨ ਹੈ। ਇਸ ਦੇ ਸਾਧਾਰਣ ਟੀਕੇ ਹੀ ਨਹੀਂ, ਵੱਡੇ ਵੱਡੇ ਭਾਸ਼ਾ ਲਿਖਣ ਯੋਗ ਹਨ। ਸ੍ਰੀ ਰਜਨੀਸ਼ ਬਾਰੇ ਵਿਦਵਾਨਾਂ ਤੇ ਵੀਚਾਰਵਾਨਾਂ ਨੂੰ ਚਾਹੇ ਹੋਰ ਕਿਤਨੇ ਵੀ ਮੱਤ ਭੇਦ ਹੋਣ, ਉਸ ਦੀ ਵਿਦਵਤਾ ਅਤੇ ਵਿਆਖਿਆ-ਕਾਰੀ-ਯੋਗਤਾ ਬਾਰੇ ਸਭ ਮੁਤਫਿਕ ਹਨ। ਇਸੇ ਯੋਗਤਾ ਦੀ ਉਪਜ ਹੈ : ਰੀਸ ਕਰਨ ਯੋਗ ਵਿਆਖਿਆ (ਭਾਸ਼ਾ) ਸ੍ਰੀ ਜਪੁ ਜੀ ਬਾਰੇ : '੧ਓ ਸਤਿਨਾਮੁ' ਦੇ ਨਾਉਂ ਹੇਠ। ਸਿੱਖ ਵਿਦਵਾਨਾਂ ਨੂੰ ਐਸੇ ਹੀ ਭਾਸ਼ਾ ਹੋਰ ਬਾਣੀਆਂ ਦੇ ਕਰਨੇ ਬਣਦੇ ਹਨ : ਵੱਖ-ਵੱਖ ਬੋਲੀਆਂ ਵਿੱਚ ਵੀ। ਸ਼ਬਦ ਰਤਨਾਂ ਨਾਲ ਭਰਪੂਰ ਇਸ ਗੁਰ-ਸਾਗਰ ਵਿੱਚ ਜਿੰਨੀ ਡੂੰਘੀ ਤੇ ਗਾਹੜੇ ਦਮ ਵਾਲੀ ਕੋਈ ਚੁੱਭੀ ਮਾਰੇਗਾ, ਉਤਨੇ ਹੀ ਗੁਰੂ-ਗਿਆਨ ਦੇ ਅਮਲੀਕ ਰਤਨ ਉਹ ਬਾਹਰ ਕੱਢ ਲਿਆਉਣ ਤੇ ਸਮਸਤ ਸੰਸਾਰ ਨਾਲ ਵੰਡਣ-ਯੋਗ ਹੋ ਸਕੇਗਾ। ਐਸਾ ਉਪਕਾਰੀ ਗੁਰੂ, ਗੁਰੂ ਸਵਾਰਿਆ ਵਿਅਕਤੀ, ਆਪ ਵੀ ਉਸੇ ਤਰ੍ਹਾਂ ਜੁੱਗੋ ਜੁੱਗ ਸਦ ਜੀਵਨ ਪ੍ਰਾਪਤ ਕਰੇਗਾ, ਜਿਵੇਂ ਕਿ ਇਹ ਸਰਬ-ਕਾਲੀ ਤੇ ਸਰਬ-ਦੇਸੀ ਅੰਮ੍ਰਿਤ ਗੁਰਬਾਣੀ ਜੁੱਗੋ ਜੁੱਗ ਅਟਲ ਤੇ ਨਿਹਚਲ ਹੋ ਵਰਤੇਗੀ।

ਸੰਸਾਰ ਨੂੰ ਸਰਵ-ਨਾਸ ਤੋਂ ਬਚਾਉਣ ਅਤੇ ਸਿਰ ਜੋੜ ਕੇ ਬੈਠਣ ਲਈ ਇਹ ਭਰਪੂਰ ਵਿਸ਼ਵਾਸ ਅਥਵਾ ਮੁਹਕਮ ਯਕੀਨ ਦਿਵਾਉਣ ਦੀ ਅੱਸ਼ਦ ਲੋੜ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਿਦਮਾਨ 'ਆਮਦ' ਤੇ 'ਆਈ' ਬਾਣੀ !

ੳ) '੧ਓ' (ਵਾਹਦਾਨੀਅਤ) ਦੀ ਅਲਮ ਬਰਦਾਰ ਹੈ ਅਤੇ ਸਰਬ-ਕਾਲੀ ਤੇ ਸਰਬ-ਦੇਸੀ ਪੈਗਾਮ ਦਾ ਪ੍ਰਚੰਡ ਪ੍ਰਕਾਸ਼ ਹੈ; ਅਤੇ ਇਹ ਨਸਲਾਂ, ਜਾਤਾਂ ਪਾਤਾਂ, ਰਸਮੀ ਰੀਤਾਂ, ਰਸਮਾਂ, ਭੇਖਾਂ ਦੇ ਫੋਕਟ ਧਰਮਾਂ ਤੇ ਕਰਮ ਕਾਂਡਾਂ ਦੇ ਪੁਰਾਣੇ ਬੋਸੀਦਾ ਹੋ ਚੁਕੇ ਸਭ ਆਈਨ ਮਨਸੂਖ ਕਰਦੀ ਹੈ।

ੳ) ਬਾਣੀ ਵਿਚ ਕਤਅਨ ਸੰਪ੍ਰਦਾਇਕਤਾ ਨਹੀਂ, ਇਹ ੧ੳ ਹੈ।

ਅ) ਮਨੁੱਖ ਦੀਆਂ ਕਾਇਮੀ ਖ਼ੁਸ਼ੀਆਂ ਦੇ ਸੋਮਿਆਂ : ਰਵਾਦਾਰੀ, ਸਹਿਵਾਸ ਤੇ ਭਾਵਕ ਏਕਤਾ ਦੀ ਇਹ ਭਰਵੀ ਜ਼ਾਮਨੀ ਭਰਦੀ ਹੈ :

ੲ) ਇਹ ਜਿਥੇ ਸੁਗਿਆਨ, ਬਿਬੇਕ ਬੁੱਧ ਨਿਰਸਰ ਭਉ ਨਾਲ ਭਿੱਜੀ ਜਗਤੀ ਦਲੀਲ ਦੀ ਗਲ ਕਰਦੀ ਹੈ, ਓਥੇ ਅਨੁਭਵੀ ਵਿਸਮਾਦੀ ਤੇ ਬੁੱਧੋਂ ਪਾਰ ਦੇ ਮੰਡਲਾਂ ਦਾ ਵੀ ਥਹੁ ਪਤਾ ਤੇ ਝਲਕਾਰਾ ਦਿੰਦੀ ਹੈ। ਅੱਲਾਮਾ ਇਕਬਾਲ ਇਸ ਵੱਡੇ ਸੱਚ ਨੂੰ ਇਕ ਸ਼ੇਅਰ ਵਿੱਚ ਇਉਂ ਬਿਆਨਣ ਦਾ ਕਮਾਲ ਕਰਦਾ ਹੈ :—

'ਲਾਜ਼ਮ ਹੈ ਦਿਲ ਕੇ ਪਾਸ ਰਹੇ ਪਾਸਬਾਂ ਅਕਲ,
ਲੇਕਿਨ ਕਭੀ ਕਭੀ ਇਸੇ ਤਨਹਾ ਭੀ ਛੋਡ ਦੇ।

ਸ) ਅਮ੍ਰੀਕਨ ਵਿਦਵਾਨ ਐਚ. ਐਲ. ਬਰਾਡਸ਼ਾ (1960 ਵਿੱਚ) ਸ਼੍ਰੋ. ਗੁ. ਪ੍ਰ. ਨੂੰ ਲਿਖੇ ਇਕ ਪੱਤਰ ਵਿਚ ਇਸ ਨੂੰ ਸਪੇਸ-ਜੁਗ ਦੇ ਧਰਮ-ਸਿਖੀ-ਦੀ ਬੁਨਿਆਦ ਦਸਦਾ ਤੇ ਭਰਪੂਰ ਪ੍ਰੇਰਨਾ ਦੇਂਦਾ ਹੈ ਕਿ ਗੁਰਬਾਣੀ ਨੂੰ ਵਰਤਮਾਨ ਸਾਇੰਸ-ਜੱਗ ਦਾ ਪਾਕ ਪਵਿੱਤਰ ਕਲਾਮ ਸਾਬਤ ਕਰਨ ਤੇ ਵਿਸ਼ਵ ਨੂੰ ਜਾਣੂ ਕਰਵਾਉਣ ਲਈ ਹਰ ਸੰਭਵ ਸਾਧਨ ਜੁਟਾਉਣ ਦੀ ਲੋੜ ਹੈ।

(ਹ) ਸਾਰਾ ਸਿੱਖ-ਜਗਤ ਬ-ਸਰੋ ਚਸ਼ਮ ਤਸਲੀਮ ਕਰਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਭਾਈ ਗੁਰਦਾਸ ਜੀ ਦੀ ਗਵਾਹੀ ਅਨੁਸਾਰ ਇਕ 'ਨਿਰਮਲ' ਤੇ 'ਨਿਰਾਲਾ' ਪੰਥ ਚਲਾਇਆ ਸੀ। ਚਾਹੀਦਾ ਤਾਂ ਇਹ ਹੈ ਕਿ ਜਿੱਥੇ ਜਿੱਥੇ ਵੀ ਸਿੱਖ-ਸਿਧਾਂਤਾਂ ਤੇ 'ਸਿੱਖ-ਇਤਿਹਾਸ' ਬਾਰੇ ਸਿਖ ਵਿਦਵਾਨਾਂ ਵਿੱਚ ਪਰਸਪਰ ਮਤ-ਭੇਦ ਹਨ, ਉਨ੍ਹਾਂ ਨੂੰ ਮੁੱਖ ਤੌਰ ਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਬਾਣੀ ਨੂੰ ਪ੍ਰਮਾਣ ਮੰਨ ਕੇ ਨਿਰਣਾ ਲਿਆ ਜਾਵੇ, ਪਰ ਹੁੰਦਾ ਇਹ ਹੈ ਕਿ ਹੋਰ ਗ੍ਰੰਥਾਂ ਆਦਿ ਦੇ ਪ੍ਰਮਾਣ ਬਹਿਸ ਵਿੱਚ ਲਿਆ ਕੇ, ਮਾਮਲੇ ਨੂੰ ਕਿਸੇ ਪਾਸੇ ਨਹੀਂ ਲਾਇਆ ਜਾਂਦਾ। ਸ਼੍ਰੋ. ਗੁ. ਪ੍ਰ. ਕਮੇਟੀ ਨੂੰ ਵੱਡੀ ਦਲੇਰੀ, ਧੜਿਆਂ ਤੋਂ ਉੱਪਰ ਉੱਠ ਕੇ ਇਸ ਅਤਿ ਅਹਿਮ ਤੇ ਬਿਖਮ ਕਾਰਜ ਨੂੰ ਹੱਥ ਵਿੱਚ ਲੈਣਾ ਬਣਦਾ ਹੈ। ਵਰਨਾ ਕਿਤਨੇ ਰਸਮੀ, ਕਿਤਨੇ ਵਿਸ਼ਵ ਸੰਮੇਲਨ, ਜਲਸੇ, ਜਲੂਸ ਕੱਢ ਲਏ ਜਾਣ ਅਤੇ ਪੀ.ਐਚ.ਡੀ. ਦੀਆਂ ਡਿਗਰੀਆਂ ਆਦਿ ਵੰਡੀਆਂ ਜਾਣ, ਸਿੱਖ ਧਰਮ (ਇਸ ਨਿਰਮਲ ਪੰਥ) ਦੀ ਨਾ ਬਿਰਧੀ ਹੋ ਸਕਦੀ ਹੈ ਅਤੇ ਨਾ ਹੀ ਜਗਤ-ਗੁਰੂ ਦਾ ਜਗਤ ਧਰਮ ਉਹ ਟੀਚੇ ਛੁਹ ਸਕਦਾ ਹੈ, ਜਿਸ ਲਈ ਇਹ ਜ਼ਾਹਰਪੀਰ ਜਗਤ ਗੁਰੂ ਬਾਬੇ ਵਲੋਂ ਜ਼ਹੂਰ ਵਿੱਚ ਲਿਆਂਦਾ ਗਿਆ ਸੀ। ਤੇ ਫੇਰ ਮੇਰੀ ਗੁਰਬਾਣੀ ਸ਼ੁੱਧ ਉਚਾਰ ਤੇ ਵੀਚਾਰ ਹਿਤ ਕੀਤੀ ਇਹ ਨਿਮਾਣੀ ਜਿਹੀ ਦਿਲੀ ਅਰਜ਼ੋਈ ਤੇ ਅੰਸ਼-ਮਾਤਰ ਅੰਕਿਤ ਕੀਤੀ ਇਲਾਹੀ ਬਾਣੀ ਦੀ ਇਹ ਤਫਸੀਲ ਵੀ ਇਕ ਅਫਸਾਨਾ ਬਣ ਕੇ ਸਮੇਂ ਦੀ ਨੂੜ ਵਿਚ ਖਿੰਡ ਗੁਵਾਚ ਜਾਵੇਗੀ। ਇਸ ਕੋਤਾਹੀ ਲਈ ਦੋਸ਼ੀ ਕੌਣ ਹੈ ?

*ਅਰਜਮੰਦ ਸਤਿਗੁਰੂ ਦੀ ਪਾਖਾਕ ਦਾ ਜਾਚਕ

ਹਰਿਭਜਨ ਸਿੰਘ

* ਵੱਡੇ ਰੁਤਬੇ ਤੇ ਮੁਰਾਤਬੇ ਵਾਲਾ।

# ਸਿੱਖ ਧਰਮ ਦੀ ਵਿਸ਼ਵ-ਵਿਆਪਕਤਾ

ਪ੍ਰਭੂ ਦੇ ਇਸ ਅਤਿ ਵਚਿੱਤਰ ਸੰਸਾਰੀ ਰਚਨਾ-ਨਾਟਕ ਵਿੱਚ, ਮਨੁੱਖ ਵਧੇਰੇ ਕਰਕੇ, ਇਨ੍ਹਾਂ ਤਿੰਨਾਂ ਹਾਲਤਾਂ-ਰੱਜ, ਤੱਮ ਅਤੇ ਸੱਤਿ—ਵਿੱਚ ਵਿਚਰਦਾ ਹੈ। ਹੰਕਾਰ ਅਤੇ ਕ੍ਰੋਧ ਦੇ ਕਾਰਨ, ਜਦ ਇਹ ਭੋਗ ਵਿਲਾਸੀ ਪਦਾਰਥਾਂ ਵਿੱਚ ਖੱਚਿਤ ਹੁੰਦਾ ਹੈ, ਤਾਂ ਇਹ ਰਜੋ ਤੇ ਤਮੋ ਗੁਣੀ ਕਹਾਉਂਦਾ ਹੈ, ਪ੍ਰੰਤੂ, ਜਦ ਇਹ ਉਪ੍ਰੋਕਤ ਦੋਹਾਂ ਹਾਲਤਾਂ ਤੋਂ ਉਚੇਰਾ ਉੱਠ ਕੇ, ਵੈਰਾਗਵਾਨ ਹੋ, ਨੇਕੀ ਅਤੇ ਉਪਕਾਰ ਲਈ ਕਮਰ-ਬਸਤਾ ਹੁੰਦਾ ਹੈ, ਤਾਂ ਇਹ ਸਤੋਗੁਣੀ ਅਖਵਾਉਂਦਾ ਹੈ। ਇਨ੍ਹਾਂ ਤਿੰਨਾਂ ਗੁਣਾਂ ਤੋਂ ਉਪਰ ਹੈ; ਸਹਿਜ ਅਥਵਾ ਪਰਮਪਦ ਦੀ ਅਨੰਦਮਈ ਤੋਟ-ਰਹਿਤ ਅਵਸਥਾ, ਜਿਸ ਦੀ ਪ੍ਰਾਪਤੀ ਵਾਸਤਵ ਵਿੱਚ, ਮਨੁੱਖ ਦਾ ਅੰਤਮ ਲਖਸ਼ ਹੈ, ਮੰਜ਼ਲਿ ਮਕਸੂਦ ਹੈ।

ਇਸ ਸਬੰਧ ਵਿੱਚ ਇਹ ਵੀ ਚੇਤੇ ਰੱਖਣ ਯੋਗ ਹੈ ਕਿ ਹਰੇਕ ਮਨੁੱਖੀ ਮਨ, ਸਮੂੰਹ ਦੈਵੀ ਤੇ ਅਸੁਰੀ ਸ਼ਕਤੀਆਂ ਦਾ, ਇਕ ਸਮਾਨ ਸਾਂਝਾ ਕੇਂਦਰ ਹੈ। ਜਿਸ ਅੰਤਹਕਰਣ ਵਿੱਚ ਸਤਿ, ਸੰਤੋਖ, ਦਯਾ, ਸ਼ੀਲ, ਸੰਜਮ ਆਦਿ ਸਦਗੁਣਾਂ ਦਾ ਵਸੇਬਾ ਹੈ, ਓਸ ਵਿੱਚ, ਉਥੇ ਹੀ ਕਾਮ, ਕ੍ਰੋਧ, ਲੋਭ ਮੋਹ, ਹੰਕਾਰ, ਈਰਖਾ, ਦ੍ਵੈਖ ਦਾ ਵੀ ਵਾਸ ਹੈ। ਫੁਰਨਿਆਂ ਦੇ ਸੰਗ੍ਰਿਹ ਦਾ ਨਾਮ ਹੀ ਮਨ ਹੈ। ਇਸ ਵਿੱਚ ਹਰ ਛਿਨ ਸੰਕਲਪ, ਵਿਕਲਪ ਅਥਵਾ ਚੰਗੇ, ਮੰਦੇ ਫੁਰਨੇ ਪੈਦਾ ਹੁੰਦੇ ਰਹਿੰਦੇ ਹਨ। ਇਨ੍ਹਾਂ ਦਾ ਅਭਾਵ ਹੋਣਾ ਹੀ ਮਨੁੱਖੀ ਮਨ ਦਾ ਸ਼ਾਂਤ ਹੋਣਾ ਹੈ। ਓਦਾਂ ਸਥਿਰ 'ਮਨੁੱਖੀ ਮਨ' ਜਿਹੀ ਕੋਈ ਵਿਵਸਥਾ ਨਹੀਂ ਹੁੰਦੀ। ਮਨ ਕੀ ਤੇ ਸ਼ਾਂਤ ਕੀ ? ਮਨ ਦੀ ਇਸ ਬੇਕਰਾਰੀ ਤੇ ਬਾਹਰ-ਮੁਖੀ ਧਾਰਨਾ ਨੂੰ ਗੁਰਬਾਣੀ ਵਿੱਚ ਇਉਂ ਦਰਸਾਇਆ ਗਿਆ ਹੈ :—

ੳ) ਧਾਇਓ ਰੇ, ਮਨੁ ਦਹ ਦਿਸ ਧਾਇਓ ॥
(ਟੋਡੀ ਮਹਲਾ 5, ਪੰ: 712)

ਅ) ਇਹੁ ਮਨੂਆ ਖਿਨੁ ਖਿਨੁ ਊਭਿ ਪਇਆਲ ॥ (ਮ: ਪਹਿਲਾ ਪੰ: 1344)

ੲ) ਇਹੁ ਮਨੂਆ ਦਹਦਿਸ ਧਾਵਦਾ ਦੂਜੈ ਭਾਇ ਖੁਆਇਆ ॥

(ਮ: 3 ਪੰ: 600)

ਸ) ਕਬਹੂ ਜੀਅੜਾ ਊਭਿ ਚੜਤੁ ਹੈ, ਕਬਹੂ ਜਾਇ ਪਇਆਲੇ (ਪਾਤਾਲ)
ਲੋਭੀ ਜੀਅੜਾ ਥਿਰੁ ਨ ਰਹਤ ਹੈ, ਚਾਰੇ ਕੁੰਡਾ ਭਾਲੇ ॥ (ਮ: 1 ਪੰਨਾ 876)

ਮਨੁੱਖ ਦੀ ਜੀਵਨ ਤੋਰ ਵਿੱਚ ਦੂਜਾ ਸੱਚ ਇਹ ਹੈ ਕਿ ਇਸ ਲਈ ਧਰਮ (ਸੱਚ) ਦੇ ਮਾਰਗ ਤੁਰਨਾ ਤਾਂ ਪਰਬਤ ਦੀ ਚੜ੍ਹਾਈ ਸਮਾਨ ਬਿਖਮ ਤੇ ਸੰਘਰਸ਼ਮਈ ਹੈ : ਪਰ ਧਰਮ ਤੋਂ ਪੱਤਨ ਹੋ ਕੇ ਬੁਰਾਈਆਂ ਦੀ ਨੀਚਾਣ ਤੇ ਰਸਾਤਲਤਾ ਵਿੱਚ ਡਿੱਗਣਾ ਬੜਾ ਸੌਖਾ, ਸਹਿਲ ਤੇ ਨਿਰਜਤਨ ਹੈ। ਵਰ੍ਹਿਆਂ ਦਾ ਤੱਪ, ਤਿਆਗ ਤੇ ਸੰਜਮ, ਭੰਗ ਹੋਣ ਲੱਗਿਆਂ, ਇੱਕ ਛਿੰਨ ਲਗਦਾ ਹੈ। ਇਹੀ ਕਾਰਨ ਹੈ ਕਿ ਨੇਕੀ ਬਦੀ ਦੇ ਇਸ ਵਚਿੱਤਰ ਨਾਟਕ ਦੀ ਖੇਡ ਵਿੱਚ, ਕੂੜ, ਮੱਸਿਆ ਦੀ ਰਾਤ ਦੇ ਅੰਧੇਰੇ ਸਮਾਨ ਪਰਧਾਨ ਫਿਰਦਾ ਹੈ, ਅਤੇ ਸੱਚ ਅਮਾਵਸ ਦੇ ਚੰਦ੍ਰਮਾ ਵਾਂਗ ਅਲੋਪ ਤੇ ਅਪ੍ਰਗਟ ਹੈ। ਮਨੁੱਖ ਨੂੰ ਇਸ ਪਰਿਸਥਿਤੀ ਅਤੇ ਦੀਨ ਤੇ ਦੁਖੀ ਦਸ਼ਾ 'ਚੋਂ ਉਭਾਰਨ ਹਿੱਤ, ਸਦਾ, ਸਮੇਂ ਸਮੇਂ ਐਸੇ ਪ੍ਰਭੂ-ਲੋਕ ਸੰਸਾਰ ਵਿਚ ਆਉਂਦੇ ਅਤੇ ਹੱਕ ਦਾ ਨਾਅਰਾ ਮਾਰਦੇ ਰਹਿੰਦੇ ਹਨ ਕਿ : ਸੱਚ ਅਤੇ ਸੱਚੇ ਆਚਾਰ ਦੀ ਭੱਠੀ ਵਿੱਚ ਸ਼ੁੱਧ ਹੋਏ ਜੀਵਨ ਦਾ ਇੱਕ ਪਲ, ਕੂੜ ਕੁਸੱਤ ਦੇ ਸਦੀਆਂ ਦੇ ਜੀਵਨ ਨਾਲੋਂ ਅਫਜ਼ਲ ਹੈ, ਬਿਹਤਰ ਹੈ। ਐਸੇ ਪ੍ਰਭੂ-ਲੋਕਾਂ ਦੀ ਪਹਿਚਾਣ ਤੇ ਕਰਤੱਵ ਬਾਰੇ ਸ੍ਰੀ ਗੁਰੂ ਅਰਜੁਨ ਦੇਵ ਜੀ ਇਉਂ ਸੋਧ ਬਖਸ਼ਣ ਦਾ ਉਪਕਾਰ ਕਰਦੇ ਹਨ:—

ਜਨਮੁ ਮਰਣੁ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ
ਜੀਅ ਦਾਨੁ ਦੇ ਭਗਤੀ ਲਾਇਨਿ, ਹਰਿ ਸਿਉ ਲੈਨਿ ਮਿਲਾਇ ॥

(ਮ: 5 ਪੰ: 749)

ਵਿਚਾਰ :—ਗੁਰੂ ਜੀ, ਏਥੇ ਐਸੇ ਹਰੀਜਨਾਂ, ਸਤਿਗੁਰਾਂ ਦੀ ਗੱਲ ਕਰਦੇ ਹਨ ਜ ਕਿਰਤ ਕਰਮ ਅਧੀਨ, ਜਨਮ ਮਰਨ ਦੇ ਗੇੜ੍ਹਦੇ ਕਾਰਨ ਨਹੀਂ; ਸਗੋਂ, ਪਰਉਪਕਾਰ ਦੀ ਖਾਤਰ ਸੰਸਾਰ 'ਚ ਪ੍ਰਗਟਦੇ ਹਨ ਅਤੇ ਉਨ੍ਹਾਂ ਦੇ ਉਪਕਾਰਾਂ ਦਾ ਉਪਕਾਰ ਹੁੰਦਾ ਹੈ : ਸਭ ਨੂੰ ਇੱਕ ਸਮਾਨ ਆਤਮਕ ਜੀਵਨ ਦੇ ਕੇ, ਪ੍ਰਭੂ ਦੀ ਭਾਇ-ਭਗਤ ਦੁਆਰਾ, ਸੁਖ-ਸਾਗਰ ਹਰੀ ਪ੍ਰਭੂ ਨਾਲ ਅਭੇਦ ਕਰਨਾ। (ਨੋਟ ਕਰਨ ਵਾਲੀ ਗੱਲ ਇਹ ਹੈ ਕਿ ਏਥੇ ਪਰਮ ਪੂਰਨ ਉਦਾਰਤਾ ਸਹਿਤ, ਰੱਬ-ਰੂਪ ਗੁਰੂ ਜੀ, ਬਿਨਾ ਇਮਿਤਿਆਜ਼ ਸਰਬ ਸਾਂਝੇ ਉਪਕਾਰੀ ਜਨਾਂ ਵੱਲ ਸੰਕੇਤ ਕਰਦੇ ਹਨ, ਕਿਸੇ ਇੱਕ ਸਥਾਨਕ ਤੇ ਫਿਰਕੂ ਵਿਅੱਕਤੀ ਵੱਲ ਨਹੀਂ ('ਜਨ' ਪਦ ਇੱਥੇ ਬਹੁਵਚਨੀ ਹੈ ਅਤੇ ਇਸ ਨਾਲ ਆਈ ਕ੍ਰਿਆ ਵੀ ਬਹੁ-ਵਚਨੀ।) ਭਾਈ ਨੰਦ ਲਾਲ ਜੀ 'ਗੋਯਾ' ਨੇ ਇਸ ਸੱਚ ਨੂੰ ਪਹਿਲਾਂ ਸ੍ਰੀ ਦਸਮੇਸ਼ ਜੀ ਪਾਸੋਂ ਆਪ ਗ੍ਰਹਿਣ ਕੀਤਾ ਅਤੇ ਫੇਰ ਆਪਣੇ ਅੰਦਾਜ਼ ਵਿੱਚ ਸਦਾ ਸਦਾ ਲਈ ਲੋਕਾਈ ਨਾਲ ਇਉਂ ਸਾਂਝ ਪਾਈ :—

ਦਰ ਦਹਰ ਮਰਦਾਨਿ ਖ਼ੁਦਾ ਆਮਦਾ ਅੰਦ ॥
ਬਰ ਗੁਮਸ਼ੁਦਗਾਂ ਰਹਨੁਮਾ ਆਮਦਾ ਅੰਦ ॥
'ਗੋਯਾ', ਅਗਰ ਈਂ ਚਸ਼ਮਿ ਤੋ, ਮੁਸ਼ਤਾਕਿ ਖ਼ੁਦਾਸਤ,
ਮਰਦਾਨਿ ਖ਼ੁਦਾ, ਖ਼ੁਦਾ-ਨੁਮਾ ਆਮਦਾਅੰਦ ॥

(ਦੀਵਾਨ ਗੋਯਾ, ਰੁਬਾਈ ਨੰ. 7)

(ਭਾਵਾਰਥ :—ਗੋਇਆ ਜੀ, ਪ੍ਰਭੂ ਲੋਕਾਂ ਦਾ ਸੰਸਾਰ ਵਿੱਚ ਆਉਣ ਦਾ ਮਨੋਰਥ ਭੁੱਲੇ ਭਟਕੇ ਤੇ ਮਾਯਾ-ਚਮਤਕਾਰ ਵਿੱਚ ਚਕਾਚੌਂਦ ਹੋਏ ਲੋਕਾਂ ਨੂੰ 'ਚਸ਼ਮਿ ਬਸੀਰਤ' (ਵੇਖਣ ਵਾਲੀ ਅੰਤਰੀਵ, ਅਨੁਭਵੀ ਅੱਖ) ਬਖਸ਼ ਕੇ ਰੱਬੀ-ਰਾਹ ਤੁਰਨਾ ਦੱਸਦੇ ਹਨ। ਉਨ੍ਹਾਂ ਦਾ ਪਰਮ ਵਿਚਾਰ ਹੈ ਕਿ ਜੇ ਕੋਈ ਅੱਖ ਅਸਲੀ ਅਰਥਾਂ ਵਿੱਚ ਵਾਹਿਗੁਰੂ ਦੇ ਦੀਦਾਰ ਦਾ ਦਿਲੀ ਸ਼ੌਕ ਰੱਖਦੀ ਹੈ, ਤਾਂ ਉਹ ਨਿਸਚੈ ਜਾਣੇਗੀ ਕਿ ਰੱਬ ਦੇ ਲੋਕ, ਰੱਬੀ ਰੂਪ ਹੀ ਹੁੰਦੇ ਹਨ।) ਗੋਯਾ ਜੀ ਦੀ ਉਪ੍ਰੋਕਤ ਰੁਬਾਈ ਵਿੱਚ ਇਹ ਨੁਕਤੇ ਨੋਟ ਕਰਨ ਯੋਗ ਹਨ :—

ਪਹਿਲਾ :—ਸੰਸਾਰ ਵਿੱਚ ਰੱਬੀ-ਲੋਕ ਪ੍ਰਗਟਦੇ ਰਹਿੰਦੇ ਹਨ ਅਤੇ ਉਨ੍ਹਾਂ ਦਾ ਮਨੋਰਥ, ਰੱਬੀ-ਰਾਹੋਂ ਭਟਕੇ ਜੀਵਾਂ ਨੂੰ ਬਿਨਾਂ ਕਿਸੇ ਵਿਤਕਰੇ ਦੇ, ਸੁਮਾਰਗ ਗਾਮੀ (ਸਚਿਆਰ) ਬਣਾਉਣਾ ਹੁੰਦਾ ਹੈ।

ਦੂਜਾ :—ਇਹ ਪ੍ਰਭੂ-ਲੋਕ ਗੁਣਾਂ ਕਰਕੇ ਅਜੂਨੀ ਰੱਬ ਵਰਗੇ (ਗੋਬਿੰਦ ਰੂਪ) ਤਾਂ ਹੁੰਦੇ ਹਨ, ਪਰ ਰੱਬ ਨਹੀਂ। ਹਾਂ, ਰੱਬ ਵਾਂਗ ਸਭ ਦੇ ਪਿਆਰੇ, ਦੂਈ-ਰਹਿਤ ਅਤੇ ਸਭ ਨੂੰ ਇੱਕ ਸਮਾਨ, ਪਿਆਰ ਕਰਨ ਵਾਲੇ ਹੁੰਦੇ ਹਨ। ਰੱਬ ਕੇਵਲ ਇੱਕ ਤੇ ਕੇਵਲ ਇਕ ਹੈ।(ਅਵਤਾਰ (ਅਵਤਰਣਿ (ਸੰ) ਦਾ ਕੇਵਲ ਅਰਥ ਜਨਮ ਧਾਰਨਾ ਹੈ)

ਪ੍ਰੰਤੂ, ਬਹੁਵਾਦੀ ਅਨੇਕਤਾ ਤੇ ਭੰਬਲਭੂਸੇ ਵਿੱਚ ਗਵਾਚੇ ਤੇ ਪ੍ਰੇਸ਼ਾਨ ਹੋਏ ਮਨੁੱਖ ਲਈ ਸਵਾਲਾਂ ਦਾ ਸਵਾਲ ਇਹ ਹੈ ਕਿ ਕੀ, ਸਮੇਂ ਸਮੇਂ ਸੰਸਾਰ 'ਚ ਆਏ ਸਭ ਗੁਰੂਆਂ ਪੀਰਾਂ ਪੈਗੰਬਰਾਂ, ਰਹਿਬਰਾਂ ਤੇ ਮੁਰਸ਼ਦਾਂ ਆਦਿ ਦਾ ਨਜ਼ਰੀਆ ਇੱਕ ਸਮਾਨ ਇੱਕ ਅਤੇ ਇਕੋ ਜਿਹਾ ਉੱਚਾ, ਸੁੱਚਾ ਤੇ ਵਿਸ਼ਵ-ਵਿਆਪੀ ਹੁੰਦਾ ਹੈ? ਕੀ ਸਭਨਾਂ ਵਲੋਂ ਦਰਸਾਏ ਸਿਧਾਂਤ ਸਰਬ-ਦੇਸ਼ੀ ਤੇ ਸਰਬ-ਕਾਲੀ ਹੁੰਦੇ ਹਨ ਜਾਂ ਦੇਸ਼ ਕਾਲ ਵੱਸ ਵਕਤੀ, ਸੰਕੀਰਣ ਤੇ ਵਿਸ਼ੇਸ਼ ਜਾਤੀਆਂ ਅਤੇ ਆਪਣੇ ਅਨੁਯਾਈਆਂ ਲਈ ਹੀ? ਭਾਵੇਂ, ਐਸੇ ਸਮੂੰਹ ਉਪਕਾਰੀ-ਜਨ ਹੀ ਸਾਡੇ ਆਦਰ ਸਤਿਕਾਰ ਦੇ ਹੱਕਦਾਰ ਹਨ, ਪਰ, ਬਾਅਦਬ, ਵਧੇਰੇ ਪ੍ਰਵੀਨਤਾ ਨਾਲ ਵੇਖਿਆਂ ਤੇ ਈਮਾਨਦਾਰਾਨਾ ਤੌਰ ਤੇ ਹਰ ਪੱਖ ਵਿਚਾਰਿਆਂ, ਹਰ ਹੱਕ-ਪ੍ਰਸਤ ਇਨਸਾਨ ਇਸ ਸਿੱਟੇ ਉੱਤੇ ਪਹੁੰਚਦਾ ਹੈ ਕਿ ਇਨ੍ਹਾਂ ਸਭਨਾਂ ਮਹਾਂਪੁਰਸ਼ਾਂ ਦੀ ਸੋਚ ਇੱਕ ਸਮਾਨ ਵਿਸ਼ਵ-ਵਿਆਪੀ ਤੇ ਅਮਰ-ਸੰਦੇਸ਼ੀ ਨਹੀਂ ਹੁੰਦੀ। ਦੇਸ਼ ਕਾਲ ਤੇ ਸਮਰਥਾ-ਵੱਸ ਅੰਤਰ ਰਿਹਾ ਹੈ। ਇਸ ਅਕੱਟ ਸੱਚਾਈ ਨੂੰ ਇੱਕ ਹੱਕ-ਗੋ ਸ਼ਾਇਰ, ਇਉਂ ਆਖ ਸੁਣਾਉਂਦਾ ਹੈ :

ਤੂਰ ਪਰ ਕੋਈ, ਕੋਈ ਅਰਸ਼ਿ ਬਰੀਂ ਪਰ ਪਹੁੰਚਾ,
ਜਹਾਂ ਤੱਕ ਜਿਸ, ਕੀ ਪਰਵਾਜ਼ ਥੀ, ਵੁਹ, ਵਹੀਂ ਤੱਕ ਪਹੁੰਚਾ।

ਸੱਚ ਹੈ : ਰੂਹ ਦੀ ਪਰਵਾਜ਼ (ਉਡਾਣ) ਅਤੇ ਸੁਧਾਰ ਤੇ ਸੋਧ ਦੀ ਤੜਪ ਤਾਂ, ਵਿੱਤ ਅਨੁਸਾਰ, ਸਭ ਸੁਧਾਰਕਾਂ ਵਿੱਚ ਹੁੰਦੀ ਹੈ; ਪ੍ਰੰਤੂ, ਦੇਸ਼ ਤੇ ਕਾਲ-ਵਸ ਨਜ਼ਰੀਏ ਦੀ ਡੂੰਘਾਈ, ਵਿਸ਼ਾਲਤਾ ਤੇ ਉਦਾਰਤਾ ਵਿੱਚ ਫਰਕ ਪੈ ਜਾਂਦਾ ਹੈ। ਹਜ਼ਰਤ ਮੂਸਾ ਨੇ, ਤੂਰ ਪਰਬਤ ਉੱਤੇ ਹੀ ਖ਼ੁਦਾ ਦੇ ਜਲਵੇ ਨੂੰ ਮਹਦੂਦ ਕਰੀ ਰੱਖਿਆ ਤੇ 'ਰਬੁੱਲਆਲਮੀਨ' ਨੂੰ ਇੱਕ ਈਰਖਾਲੂ ਪ੍ਰਭੂ-ਸ਼ਕਤੀ, ਕਰਕੇ ਪ੍ਰਵਾਨਿਆ, ਜੋ ਆਪਣੀ ਪਿਆਰੀ, ਵਿਸ਼ੇਸ਼ ਤੇ ਉੱਚੀ ਯਹੂਦੀ ਕੌਮ ਦੀ ਰੱਖਿਆ ਦੇ ਉਭਾਰ ਦਾ ਹੀ ਜ਼ਾਮਨ ਰਿਹਾ ਹੈ।

ਇਸ ਸ਼ੇਅਰ ਤੋਂ ਪ੍ਰੇਰਤ ਹੋ ਕੇ ਲਿਖੀ ਦਾਸ ਦੀ ਇਹ ਕਵਿਤਾ ਵਾਚਣਯੋਗ ਹੈ:—

1. ਯੂੰ ਤੋ ਔਰ ਭੀ ਹੋ ਗੁਜ਼ਰੇ ਹੈਂ ਵਲੀ ਅੱਲਾਹ ਬਹੁਤ ਅੱਛੇ,
ਹੈ ਮਗਰ 'ਨਾਨਕ' ਕੀ ਬੁਲੰਦੀ ਕਾ ਮਕਾਂ, ਕੁਛ ਅਉਰ।
2. ਤੂਰ ਪਰ ਕੋਈ, ਕੋਈ ਅਰਸ਼ਿ ਬਰੀਂ ਪਰ ਪਹੁੰਚਾ,
ਹੈ ਮਗਰ ਨਾਨਕ ਕੀ ਪਰਵਾਜ਼ਿ ਅਲਾਹੀ ਕਾ ਨਿਸ਼ਾਂ, ਕੁਛ ਅਉਰ।
3. ਦੇਤੇ ਹੈਂ ਵੁਹ ਲਾਰੇ ਹੂਰੋਂ ਕੇ ਬਨੀ 'ਆਦਮ' ਕੋ, (ਬਾਬੇ ਆਦਮ ਦਾ ਬੇਟਾ)
ਹੈ ਮਗਰ ਨਾਨਕ ਕੀ ਪੁਰਅਮਲ ਦੁਆ ਕੁੱਛ ਅਉਰ।
4. ਕਰਤੇ ਹੈਂ ਵੁਹ ਕੁਫਰੋ ਦੀਂ ਕੇ ਤਕਾਜ਼ੋਂ ਸੇ ਜਹਾਂ ਤਾਰੀਕ, (ਕਾਲਾ ਸਿਆਹ)
ਹੈ ਮਗਰ ਨਾਨਕ ਕਾ ਯੱਕਸਾਂ ਮਹਬੂਬ ਖ਼ੁਦਾ, ਕੁੱਛ ਅਉਰ।
5. ਪੂਰਬ ਮੇ ਕਿਸੀ, ਕਿਸੀ, ਪੱਛਮ ਮੈਂ, ਖ਼ੁਦਾ ਕੋ ਮਾਨਾ।
ਹੈ ਮਗਰ ਨਾਨਕ ਕਾ ਹਰ ਜਾ ਮਕੀਂ, ਕਾਦਰਿ ਮੁਤਲਿਕ, ਕੁੱਛ ਅਉਰ।
6. ਕੈਦੋ ਪਾਬੰਦ ਨਹੀਂ ਜੋ ਕਾਅਬਾ-ਓ ਬੁਤਖਾਨਾ ਕਾ,
ਹੈ ਵੁਹੀ ਬਾਤਨੋ ਜ਼ਾਹਰ, ਨਾਨਕ ਕਾ ਮਸੀਹਾ, ਕੁੱਛ ਅਉਰ।
7. ਯੂੰ ਤੋ ਕੁੱਛ ਔਰ ਭੀ ਦੇਤੇ ਹੈਂ, ਇਬਾਦਤਿ ਅਲਾਹ ਕੋ ਰੁਤਬਾ ਆਲਾ,
ਹੈ ਮਗਰ ਨਾਨਕ ਕੀ ਤੌਹੀਦ-ਪ੍ਰਸਤੀ ਕਾ ਈਮਾਂ, ਕੁੱਛ ਅਉਰ।
8. ਖੋ ਜਾਤਾ ਹੂੰ ਜਬ ਕਭੀ ਮੈਂ ਆਲਮਿ ਨਾਨਕ ਮੇਂ,
ਤੋ ਹੋਤਾ ਹੈ, ਮੁਝੇ ਬਾਬੇ ਕੀ ਬੜ੍ਹਾਈ ਕਾ ਗੁਮਾਂ, ਕੁੱਛ ਅਉਰ।

'ਸ਼ੇਅਰ' ਵਿਚ ਦੂਜਾ ਇਸ਼ਾਰਾ ਇਸਲਾਮ ਦੀ ਇਸ ਮਨੌਤ ਵੱਲ ਹੈ ਕਿ ਖ਼ੁਦਾ ਉਚੇਰੇ (ਸਤਵੇਂ) ਅਕਾਸ਼ ਉੱਤੇ ਅਸਥਿਤ ਤਖ਼ਤ ਉਤੇ ਬਿਰਾਜਮਾਨ ਹੈ, ਅਤੇ ਕਰੂਬੀਆਂ ਫਰਿਸ਼ਤੇ ਨਿਰੰਤਰ ਉਸ ਦੀ ਸਿਫਤ ਸਲਾਹ ਕਰਦੇ ਤੇ ਤਖ਼ਤ ਦੇ ਗਿਰਦ ਘੁੰਮਦੇ ਰਹਿੰਦੇ ਹਨ। ਏਸ ਮਨੌਤ ਵਿਰੁੱਧ ਵੀ ਇੱਕ ਹੋਰ ਸੁਘੜ ਤੇ ਸੂਫ਼ੀ ਸ਼ਾਇਰ ਆਪਣਾ ਵਿਭਿੰਨ ਮਨੋਭਾਵ ਇਉਂ ਬਾਅਦਬ ਵਾਜ਼ਿਆ ਕਰਦਾ ਹੈ :—

ਦਰਦਿ ਦਿਲ ਕੇ ਵਾਸਤੇ, ਪੈਦਾ ਕੀਆ ਇਨਸਾਨ ਕੋ,
ਵਰਨਾ, ਤ੍ਹਾਇਤ ਕੇ ਲੀਏ, ਕੁਛ ਕਮ ਨ ਥੇ, ਕਰੂਬੀਆਂ।

(ਭਾਵ : ਖੁਦਾ ਨੇ ਇਨਸਾਨ ਨੂੰ ਇਨਸਾਨਾਂ ਦਾ ਦੁੱਖ ਦਰਦ ਵੰਡਣ ਵੰਡਾਉਣ, ਹਮਦਰਦੀ ਤੇ ਨਿਸ਼ਕਾਮ ਸੇਵਾ ਹਿੱਤ ਇਸ ਦੁਨੀਆਂ ਵਿਚ ਭੇਜਿਆ ਹੈ। ਜੇ ਉਸ ਨੂੰ ਕੇਵਲ ਆਪਣੀ ਸਿਫਤ ਸਲਾਹ ਕਰਾਉਣੀ ਹੀ ਮਕਸੂਦ ਹੁੰਦੀ ਤਾਂ ਇਸ 'ਤਖਤ' ਦੇ ਗਿਰਦ ਘੁੰਮਣ ਤੇ ਹਮਦੋ ਸਨਾਅ ਲਈ ਕਰੂਬੀਆਂ ਫਰਿਸ਼ਤੇ ਹੀ ਬਹੁਤ ਸਨ।)

ਅਸੀਂ ਇਹ ਤਸਲੀਮ ਕਰਦੇ ਹਾਂ ਕਿ ਸਾਰੇ ਧਰਮ (ਮੱਤ) ਹੀ ਆਪਣੀ ਆਪਣੀ ਥਾਂ ਸਤਿਕਾਰਯੋਗ ਹਨ ਅਤੇ ਉਹਨਾਂ ਦੇ ਚਲਾਉਣ ਵਾਲੇ ਆਗੂ ਵੀ ਆਦਰ ਤੇ ਪ੍ਰਸੰਸਾ-ਯੋਗ ਹਨ। ਪ੍ਰੰਤੂ, ਉਹਨਾਂ ਵਲੋਂ ਆਪਣੇ ਸਮੇਂ ਦਰਸਾਏ ਸਿਧਾਂਤ ਕੁਲ ਮਖਲੂਕ ਦੀ ਇੱਕ ਸਮਾਨ ਸਦੀਵੀ ਅਗਵਾਈ ਕਰਦੇ ਤੇ ਸਾਂਝੇ ਹਨ, ਵੇਖਣ ਵਿਚਾਰਨ ਵਾਲੀ ਗੱਲ ਹੈ। ਗਹੁ ਨਾਲ ਕੀਤਾ ਮੁਤਾਲਿਆ ਦੱਸੇਗਾ ਕਿ ਕਿਤੇ ਨਸਲ ਦੀ ਬਿਨਾਅ ਉੱਤੇ ਆਪਣੇ ਮੱਤ ਦੇ ਅਨੁਯਾਈਆਂ ਨੂੰ ਵਿਸ਼ੇਸ਼ਤਾ ਦਿੱਤੀ ਗਈ ਹੈ, ਕਿਤੇ ਜਾਤ, ਕੁਲ ਤੇ ਨਸਲ ਦੇ ਅਧਾਰ ਉੱਤੇ ਅਤੇ ਕਿਤੇ ਕੇਵਲ ਆਪਣੇ ਮੱਤ ਦੇ ਧਾਰਨੀ ਹੋਣ ਦੇ ਨਾਤੇ ਹੀ : ਜੇ ਹਜ਼ਰਤ ਮੂਸਾ ਦੇ ਪੈਰੋਕਾਰ-ਯਹੂਦੀ-ਬਨੀ-ਇਸਰਾਈਲ-ਹੋਣ ਕਰਕੇ ਆਪਣੇ ਆਪ ਨੂੰ ਬਾਕੀ ਲੋਕਾਈ ਨਾਲੋਂ ਅਫ਼ਜਲ ਗਿਣਦੇ ਹਨ, ਤਾਂ ਈਸਾਈਆਂ ਨੂੰ ਬੇਗੁਨਾਹ ਹਜ਼ਰਤ ਈਸਾ (ਯਸੂਹ ਮਸੀਹ) ਉੱਤੇ ਈਮਾਨ ਲੈ ਆਉਣ ਦਾ ਸਦਕਾ ਹੀ ਵਡਿਆਈ ਤੇ ਨਿਜਾਤ ਪ੍ਰਾਪਤ ਹੋਣ ਦਾ ਗੁਮਾਨ ਹੈ। ਬਸ, ਹਜਰਤ ਈਸਾ ਮਸੀਹ ਦੇ ਵਾੜੇ ਦੀਆਂ ਭੇਡਾਂ ਬਣ ਜਾਣ ਨਾਲ, ਉਹਨਾਂ ਦੇ ਸਾਰੇ ਗੁਨਾਹ ਉਹ ਆਪਣੇ ਸਿਰ ਲੈ ਲੈਣਗੇ। ਇਸੇ ਤਰ੍ਹਾਂ ਇਸਲਾਮ ਵਿੱਚ, ਤੂਬਾ ਰੁੱਖ (ਕਲਪ ਬ੍ਰਿਛ) ਦੀ ਟਹਿਣੀ ਦੀ ਬਰਕਤ ਨਾਲ ਪ੍ਰਾਪਤ ਹੋਣ ਵਾਲੇ ਜੰਨਤ ਦੇ ਸਾਰੇ ਪਦਾਰਥ ਤੇ ਸੁੱਖ ਆਦਿ, ਕੇਵਲ ਉਹਨਾਂ ਮੋਮਨਾਂ ਦੇ ਹੀ ਹਿੱਸੇ ਆਉਣਗੇ, ਜੋ ਅੱਲਾ ਤੇ ਉਸ ਰਸੂਲ-ਹਜ਼ਰਤ ਮੁਹੰਮਦ ਸਾਹਿਬ, ਉੱਤੇ ਈਮਾਨ ਰੱਖਦੇ ਹੋਏ, ਕਲਮਾ, ਨਮਾਜ਼ ਆਦਿ ਪੜ੍ਹਨਗੇ, ਰੋਜ਼ਾ ਰੱਖਣਗੇ, ਜ਼ਕਾਤ ਦੇਣਗੇ ਅਤੇ ਕਾਫਰਾਂ ਵਿਰੁੱਧ ਜਹਾਦ ਕਰਨਗੇ। ਮੋਮਨ ਨੂੰ ਦਿੱਤੇ ਗਏ ਇਹਨਾਂ ਲਾਰਿਆਂ ਦੇ ਖੰਡਨ ਵਿਚ, ਇਸਲਾਮ ਦੇ ਮਹਾਨ ਫਿਲਾਸਫਰ, ਅੱਲਾਮਾ ਇਕਬਾਲ ਦਾ, ਇਹਨਾਂ ਨੇਅਮਤਾਂ ਤੇ ਦਾਅਵਿਆਂ ਦੀ ਅਸਲੀਅਤ ਪ੍ਰਗਟਾਊ ਇਹ ਇਕ ਸ਼ੇਅਰ ਹੀ ਵਾਚ ਲੈਣਾ ਕਾਫੀ ਹੈ :—

ਬਹਿਸ਼ਤੋਂ, ਹੂਰੋ, ਗਿਲਿਮਾਂ, ਇਵਜ਼ਿ ਤਾਇਤ, ਮੈਂ ਨ ਮਾਨੂੰਗਾ।
ਇਨਹੀ ਬਾਤੋਂ ਸੇ ਐ ਜ਼ਾਹਿਦ, ਜ਼ਈਫ਼ ਈਮਾਨ ਹੋਤਾ ਹੈ।

(ਕਾਵ : ਐ ਸ਼ਰ੍ਹਾ ਦੇ ਪਾਬੰਦ ਮੁਸਲਮਾਨ ! ਮੈਂ ਹਜਰਤਾਂ ਦੀ ਤਾਬੇਦਾਰੀ ਦੇ ਬਦਲੇ ਬਹਿਸ਼ਤ ਵਿੱਚ ਲੌਂਡੇ ਤੇ ਹੂਰਾਂ ਮਿਲਣ ਦੀ ਗੱਲ ਨਹੀਂ ਮੰਨਦਾ। ਕਿਉਂਕਿ ਇਹ ਈਮਾਨ ਨੂੰ ਕਮਜ਼ੋਰ ਕਰਨ ਵਾਲੀਆਂ ਗੱਲਾਂ (ਲਾਰੇ) ਹਨ।)

**ਬਾਬੇ ਦੀ ਆਮਦ** :—ਨਿਰੰਕਾਰੀ ਬਾਬੇ ਦੀ ਜੋਤਿ ਨੇ, ਵੱਖ-ਵੱਖ ਦਸਾਂ ਜਾਮਿਆਂ ਵਿੱਚ 239 ਸਾਲ ਤੇ 9 ਮਹੀਨੇ ਤੱਕ ਸਮੱਸਤ ਸੰਸਾਰ ਨੂੰ ਇੱਕ-ਓਅੰਕਾਰੀ ਏਕਤਾ ਉੱਤੇ ਅਧਾਰਤ ਸਹੀ ਤੇ ਸੁਖਦਾਈ ਸਾਂਝੀਵਾਲਤਾ ਵੱਲ ਵਧਣ ਤੇ ਅਨੰਦਤ ਹੋਣ

ਲਈ ਜੋ ਮੀਲ ਪੱਥਰ ਗੱਡੇ, ਉਹਨਾਂ ਦਾ ਸੰਖੇਪ ਜਿਹਾ ਬਿਉਰਾ, ਸਦੀਵੀ ਮਾਨਵ ਅਗਵਾਈ ਹਿੱਤ, ਇਉਂ ਦਿੱਤਾ ਜਾ ਸਕਦਾ ਹੈ :

**1. ਸਾਂਝਾ ਰੱਬ** :– ਸਭ ਦਾ ਕਰਤਾ, ਹਰਤਾ, ਧਰਤਾ ਤੇ ਪਾਲਕ ਹੋਣ ਦੇ ਨਾਤੇ ਰੱਬ ਸਭ ਦਾ ਸਾਂਝਾ ਹੈ। ਗੁਰਬਾਣੀ : ਉਸ ਇੱਕੋ ਖ਼ਾਲਿਕ ਦੇ ਨੂਰ ਤੋਂ ਸਭ ਦਾ ਜ਼ਹੂਰ ਹੋਣ ਦੀ ਪੀਢੀ ਤੇ ਅਟੁੱਟ ਸਾਂਝ ਨੂੰ ਇਉਂ ਬਿਆਨ ਕਰਦੀ ਹੈ :

"ਅਵਲਿ ਅਲਹ ਨੂਰ ਉਪਾਇਆ, ਕੁਦਰਤਿ ਦੇ ਸਭ ਬੰਦੇ ॥
ਏਕ ਨੂਰ ਤੇ ਸਭ ਜਗ ਉਪਜਿਆ, ਕਉਨ ਭਲੇ ਕੋ ਮੰਦੇ ॥
ਲੋਗਾ ! ਭਰਮਿ ਨ ਭੂਲਹੁ ਭਾਈ ॥ ਖਾਲਿਕੁ ਖਲਕ, ਖਲਕ ਮਹਿ
ਖਾਲਕੁ, ਪੂਰ ਰਹਿਉ ਸਰਬ ਠਾਂਈ" ॥ (ਪੰਨਾ 1349)

ਰੱਬ ਦੇ ਦਰਬਾਰ ਵਿੱਚ, ਸਭ ਦਾ ਨਿਬੇੜਾ ਕੇਵਲ ਅਮਲਾਂ ਉੱਤੇ ਹੋਣਾ ਹੈ। ਓਥੇ ਜ਼ਾਤ ਜਨਮ ਤੇ ਕੁਲ ਦੀ ਕੋਈ ਪੁੱਛ ਪ੍ਰਤੀਤ ਨਹੀਂ। ਗੁਰੂ ਜੀ ਦੇ ਅੰਮ੍ਰਿਤ ਬਚਨ ਹਨ :

ਸਭਨਾਂ ਕਾ ਦਰਿ ਲੇਖਾ ਹੋਇ ॥ ਕਰਨੀ ਬਾਝਹੁ ਤਰੈ ਨ ਕੋਇ ॥
(ਮ: 1 ਪੰਨਾ 952)

**2. ਸਾਂਝਾ ਗੁਰੂ** :—ਜਦ ਗੁਰੂ ਨਾਨਕ ਦੇਵ ਜੀ ਦਾ ਪਿਆਰਾ ਪ੍ਰਭੂ ਖਸਮ, ਜਿੰਦ-ਜਾਨ ਤੇ ਮਾਲਿਕ ਸਭ ਦਾ ਸਾਂਝਾ ਹੈ, ਤਾਂ ਉਸ ਦਾ ਬੇ-ਖਰੀਦ ਬੰਦਾ, ਮੁਲ ਖਰੀਦੀ ਲਾਲਾ ਗੋਲਾ ਤੇ ਢਾਡੀ, ਨਾਨਕ, ਸਭ ਲੋਕਾਈ ਦਾ ਆਪਣਾ ਤੇ ਸਾਂਝਾ ਕਿਉਂ ਨਾ ਹੋਵੇ ? ਗੁਰੂ ਜੀ ਦਾ ਆਪਣਾ ਅਮਰ ਕਥਨ ਹੈ ਕਿ ਸੱਚਾ ਗੁਰੂ ਹੈ ਹੀ ਉਹ, ਜੋ ਸਭ ਨੂੰ ਸੱਚ ਦੇ ਇੱਕ ਨੁਕਤੇ ਉੱਤੇ ਕੇਂਦਰਤ ਕਰਦਾ ਤੇ ਮੇਲਦਾ ਹੈ, ਜੋੜਦਾ ਹੈ : ਨਾ ਕਿ ਤੋੜਦਾ ਤੇ ਆਪਸੀ ਨਫ਼ਰਤ ਪੈਦਾ ਕਰਦਾ ਹੈ। ਫੁਰਮਾਨ ਹੈ :

ਨਾਨਕ, ਸਤਿਗੁਰੁ ਐਸਾ ਜਾਣੀਐ, ਜੋ ਸਭ ਸੈ ਲਏ ਮਿਲਾਇ ਜੀਉ ॥
(ਮ: 1, ਪੰਨਾ 72)

ਤਥਾ।—ਜੇ ਗੁਰੁ ਕਰਉ, ਜਿ ਸਾਚੁ ਦ੍ਰਿੜਾਵੈ ॥
ਅਕਥੁ ਕਥਾਵੈ, ਸਬਦਿ ਮਿਲਾਵੈ ॥ (ਉਹੀ ਪੰਨਾ 686)

**3. ਸਾਂਝਾ ਧਰਮ ਗ੍ਰੰਥ** :—ਸੰਸਾਰ ਦੇ ਧਾਰਮਿਕ ਇਤਿਹਾਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਭ ਦੀ ਸਰਬ-ਪੱਖੀ ਜੀਵਨ-ਅਗਵਾਈ ਦੇ ਪਹਿਲੇ ਸਾਂਝੇ ਗ੍ਰੰਥ ਹਨ, ਜਿਸ ਵਿੱਚ ਨਾ ਕੇਵਲ ਗੁਰੂ ਸਾਹਿਬਾਨ ਦੀ ਆਪਣੀ ਸਰਬ-ਕਾਲੀ ਤੇ ਸਰਬ-ਦੇਸੀ, ਅਨੁਭਵੀ ਬਾਣੀ ਹੀ ਅੰਕਤ ਹੈ, ਸਗੋਂ, ਪੰਜਾਂ ਸਦੀਆਂ, ਵਿੱਚ ਵਿਚਰੇ ਤੀਹਾਂ ਭਗਤਾਂ, ਭੱਟਾਂ ਤੇ ਮੁਸਲਮਾਨ ਸੂਫ਼ੀ ਫ਼ਕੀਰਾਂ ਦੀ ਪਾਵਨ ਰਚਨਾ ਵੀ ਦੇਸ਼ ਦੀਆਂ ਦਰਜਨ ਕੁ ਬੋਲੀਆਂ ਵਿੱਚ ਸਮਾਨ ਸੁਭਾਇਮਾਨ ਹੈ। ਇਹਨਾਂ ਵਿਚੋਂ ਸਮਾਜ ਤੋਂ ਛੇਕੇ ਹੋਏ ਕੁਝ ਕੁ ਉਹਨਾਂ ਅਖੌਤੀ ਅਛੂਤ ਤੇ ਸ਼ੂਦਰ ਜ਼ਾਤੀਆਂ ਨਾਲ ਸੰਬੰਧਤ ਹਨ, ਜਿਨ੍ਹਾਂ ਨੂੰ ਸਮਾਜ ਠੁਕਰਾਉਂਦਾ ਤੇ ਤ੍ਰਿਸਕਾਰਦਾ ਸੀ, ਪਰ ਜਿਨ੍ਹਾਂ ਦੇ ਸੰਗੀ ਸਾਥੀ ਹੋਣ ਵਿੱਚ ਸਤਿਗੁਰੂ ਜੀ ਮਾਣ ਮਹਿਸੂਸ ਕਰਦੇ ਹਨ। ਆਪ ਜੀ ਦਾ ਦ੍ਰਿੜਤਾ-ਭਰਪੂਰ ਇਨਕ਼ਲਾਬੀ ਨਾਅਰਾ ਹੈ:—

"ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨ, ਤਿਥੈ ਨਦਰਿ ਤੇਰੀ ਬਖਸੀਸ ॥ (ਪੰਨਾ 15)

ਪੰਜਾਂ ਸਦੀਆਂ ਦੇ ਸੁਗਿਆਨ ਦਾ ਇਹ ਖ਼ਜ਼ਾਨਾ, ਸਦੀਵੀ ਸਚਾਈਆਂ (Universal Truth) ਦੀ ਗੱਲ ਕਰਦਾ ਹੈ । ਇਹ ਭਾਵਕ-ਏਕਤਾ (Emotional Integration) ਤੇ ਸਹਿਵਾਸ (Co-Existence) ਅਥਵਾ ਰਵਾਦਾਰੀ ਦੀ ਇੱਕ ਅਦੁਤੀ ਮਿਸਾਲ ਤੇ ਸਫਲ ਤਜਰਬਾ ਹੈ । ਭਾਵਕ-ਏਕਤਾ ਤੇ ਸਹਿਵਾਸ ਦਾ ਹੀ ਦੂਜਾ ਨਾਮ ਸਫਲ ਸਾਂਝੀਵਾਲਤਾ ਹੈ, ਜੋ ਸਰਬ-ਨਾਸ਼ ਦੇ ਦਹਾਨੇ ਉੱਤੇ ਖੜ੍ਹੇ, ਲੋਭੀ ਤੇ ਹਉਮੈਂ-ਗ੍ਰਸਤ ਸੰਸਾਰ ਨੂੰ ਬਚਾ ਸਕਦੀ ਹੈ ।

**4. ਸਾਂਝਾ ਧਰਮ ਮੰਦਰ :**—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦੁੱਤੀ ਸੰਪਾਦਕ ਤੇ ਸੰਕਲਣ ਕਰਤਾ, ਸ੍ਰੀ ਗੁਰੂ ਅਰਜੁਨ ਦੇਵ ਜੀ ਵਲੋਂ ਅੱਜ ਤੋਂ ਚਾਰ ਸਦੀਆਂ ਪਹਿਲਾਂ, ਪ੍ਰਾਣੀ ਮਾਤਰ ਲਈ, ਚੌਂਹ ਦਰਵਾਜ਼ਿਆਂ ਵਾਲੇ ਸੱਚੀਂ ਮੁੱਚੀਂ ਹਰੀ-ਮੰਦਰ ਜੀ ਦੀ ਰਚਨਾ ਕਰਨੀ ਅਤੇ ਉਸ ਦਾ ਨੀਂਹ ਪੱਥਰ, ਸੂਫ਼ੀ ਸੰਤ ਹਜ਼ਰਤ ਮੀਆਂ ਮੀਰ ਤੋਂ ਰਖਵਾਉਣਾ, ਸੰਸਾਰ ਦੇ ਧਾਰਮਿਕ ਵਿਸ਼ਵਾਸ ਵਿਚ ਇਕ ਅਜ਼ੀਮ ਇਨਕਲਾਬ ਸੀ । ਇਉਂ ਕਰਕੇ, ਸਤਿਗੁਰਾਂ ਨੇ ਸਦੀਆਂ ਤੋਂ ਚਲੇ ਆ ਰਹੇ, ਇਸ ਅੰਧ-ਵਿਸ਼ਵਾਸ ਦਾ ਭਰਪੂਰ ਖੰਡਨ ਕੀਤਾ ਕਿ ਰੱਬ ਕਿਸੇ ਵਿਸ਼ੇਸ਼ ਦਿਸ਼ਾ ਜਾਂ ਸਥਾਨ ਵਿਚ ਨਿਵਾਸ ਰਖਦਾ ਹੈ । ਇਉਂ ਕਰਕੇ ਉਹਨਾਂ ਦੱਸਿਆ ਕਿ ਰੱਬ ਸਭ ਦਾ ਸਾਂਝਾ ਤੇ ਸਰਬ-ਵਿਆਪਕ ਹੈ । ਤੁਹਾਨੂੰ ਸੰਸਾਰ ਵਿਚ ਹਿੰਦੂ, ਮੁਸਲਮਾਨ, ਈਸਾਈ, ਬੋਧੀ ਤੇ ਜੈਨੀ-ਮੱਠ,ਮੰਦਰ, ਮਸਜਿਦ ਤਾਂ ਮਿਲਣਗੇ, ਪ੍ਰੰਤੂ, ਉਹਨਾਂ ਵਿਚ ਹਕੀਕੀ ਤੇ ਵਿਆਪਕ ਮਨੁੱਖੀ ਸਾਂਝ ਕਿਤੇ ਨਹੀਂ ਲੱਭੇਗੀ । ਹਾਂ, ਜੇ ਧਰਤੀ ਉੱਤੇ ਸੱਚੀਂ-ਮੁੱਚੀਂ ਕੋਈ ਐਸਾ ਰੂਹਾਨੀ ਮੰਦਰ ਹੈ, ਤਾਂ ਉਹ ਹੈ : ਸ੍ਰੀ ਅੰਮ੍ਰਿਤਸਰ ਦਾ 'ਹਰਿਮੰਦਰ', 'ਦਰਬਾਰ ਸਾਹਿਬ', 'ਗੋਲਡਨ ਟੈਂਪਲ', ਅਥਵਾ ਇਸ ਦਾ ਹੀ ਅਕਸ, ਫੈਲਾਉ, ਪ੍ਰਤੀਕ ਤੇ ਵਿਸਥਾਰ-ਹਰ ਸਿੱਖ-ਗੁਰਦੁਆਰਾ ।

**5. ਸਾਂਝੀ ਸੰਗਤ ਤੇ ਪੰਗਤ :** ਸੰਸਾਰ ਅਤੇ ਵਿਸ਼ੇਸ਼ ਕਰਕੇ ਰਿਸ਼ੀਆਂ ਮੁਨੀਆਂ ਦੀ ਪੁੰਨ-ਭੂਮੀ ਭਾਰਤ ਵਿਚ, ਮਨੁੱਖੀ ਸਮਾਨਤਾ ਦੀ ਪ੍ਰਤੀਕ, ਨਾ ਤਾਂ ਸੰਗਤ ਸਾਂਝੀ ਸੀ, ਤੇ ਨਾ ਹੀ ਪੰਗਤ । ਗੁਰੂ ਸਾਹਿਬਾਨ ਨੇ ਇਸ ਵਿਤਕਰੇ ਦਾ ਵੀ ਸਦਾ ਲਈ ਅਭਾਵ ਕਰ ਦਿਤਾ ਅਤੇ ਸਰਬ ਸਾਂਝੀ ਸੰਗਤ ਤੇ ਪੰਗਤ ਦੀ ਕਲਿਆਣਕਾਰੀ ਮਰਯਾਦਾ ਤੋਰੀ । ਇਸ ਨਾਲ ਅਰਸ਼ਾਂ ਤੇ ਫ਼ਰਸ਼ਾਂ ਤੋਂ ਮਾਨਵੀ ਸਮਾਨਤਾ ਤੇ ਸਾਂਝ ਦੀ ਜੈ ਜੈ ਕਾਰ ਹੋਈ ।

**6. ਸਾਂਝਾ ਲੰਗਰ :** ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਸ੍ਰੀ ਕਰਤਾਰਪੁਰ (ਪਾਕਿਸਤਾਨ) ਵਿਖੇ, ਸਾਂਝੇ ਲੰਗਰ ਦੀ ਮਰਯਾਦਾ ਤੋਰੀ, ਜੋ ਚਲਦੀ ਚਲਦੀ ਸਿੱਖ ਧਰਮ ਤੇ ਗੁਰਦੁਆਰੇ ਦਾ ਇੱਕ ਅਹਿਮ ਅੰਗ (Institution) ਬਣ ਗਈ ਅਤੇ ਹਰ ਸਿੱਖ ਦਾ ਘਰ ਤੱਕ, ਧਰਮਸਾਲ ਵਿਚ ਤਬਦੀਲ ਹੋ ਗਿਆ । ਗੁਰੂ ਦੇ ਸਾਂਝੇ ਲੰਗਰ ਦੁਆਰਾ, ਨਾ ਕੇਵਲ ਪੰਗਤ ਦੀ ਸਾਂਝ ਤੇ ਸਮਾਨਤਾ ਹੀ ਕਾਇਮ ਹੋਈ, ਸਗੋਂ, ਇਕਠੇ ਬੈਠ ਕੇ ਪ੍ਰਸ਼ਾਦ-ਛਕਣ

ਲਈ ਜੋ ਮੀਲ ਪੱਥਰ ਗੱਡੇ, ਉਹਨਾਂ ਦਾ ਸੰਖੇਪ ਜਿਹਾ ਬਿਉਰਾ, ਸਦੀਵੀ ਮਾਨਵ ਅਗਵਾਈ ਹਿੱਤ, ਇਉਂ ਦਿੱਤਾ ਜਾ ਸਕਦਾ ਹੈ :

**1. ਸਾਂਝਾ ਰੱਬ** :— ਸਭ ਦਾ ਕਰਤਾ, ਹਰਤਾ, ਧਰਤਾ ਤੇ ਪਾਲਕ ਹੋਣ ਦੇ ਨਾਤੇ ਰੱਬ ਸਭ ਦਾ ਸਾਂਝਾ ਹੈ। ਗੁਰਬਾਣੀ : ਉਸ ਇੱਕੋ ਖ਼ਾਲਿਕ ਦੇ ਨੂਰ ਤੋਂ ਸਭ ਦਾ ਜ਼ਹੂਰ ਹੋਣ ਦੀ ਪੀਢੀ ਤੇ ਅਟੁੱਟ ਸਾਂਝ ਨੂੰ ਇਉਂ ਬਿਆਨ ਕਰਦੀ ਹੈ :

"ਅਵਲਿ ਅਲਹ ਨੂਰ ਉਪਾਇਆ, ਕੁਦਰਤਿ ਦੇ ਸਭ ਬੰਦੇ ॥
ਏਕ ਨੂਰ ਤੇ ਸਭ ਜਗ ਉਪਜਿਆ, ਕਉਨ ਭਲੇ ਕੋ ਮੰਦੇ ॥
ਲੋਗਾ ! ਭਰਮਿ ਨ ਭੂਲਹੁ ਭਾਈ ॥ ਖਾਲਿਕੁ ਖਲਕ, ਖਲਕ ਮਹਿ
ਖਾਲਕੁ, ਪੂਰ ਰਹਿਉ ਸਰਬ ਠਾਂਈ ॥ (ਪੰਨਾ 1349)

ਰੱਬ ਦੇ ਦਰਬਾਰ ਵਿੱਚ, ਸਭ ਦਾ ਨਿਬੇੜਾ ਕੇਵਲ ਅਮਲਾਂ ਉੱਤੇ ਹੋਣਾ ਹੈ। ਓਥੇ ਜ਼ਾਤ ਜਨਮ ਤੇ ਕੁਲ ਦੀ ਕੋਈ ਪੁੱਛ ਪ੍ਰਤੀਤ ਨਹੀਂ। ਗੁਰੂ ਜੀ ਦੇ ਅੰਮ੍ਰਿਤ ਬਚਨ ਹਨ :

ਸਭਨਾਂ ਕਾ ਦਰਿ ਲੇਖਾ ਹੋਇ ॥ ਕਰਨੀ ਬਾਝਹੁ ਤਰੈ ਨ ਕੋਇ ॥
(ਮ: 1 ਪੰਨਾ 952)

**2. ਸਾਂਝਾ ਗੁਰੂ** :—ਜਦ ਗੁਰੂ ਨਾਨਕ ਦੇਵ ਜੀ ਦਾ ਪਿਆਰਾ ਪ੍ਰਭੂ ਖਸਮ, ਜਿੰਦ-ਜਾਨ ਤੇ ਮਾਲਿਕ ਸਭ ਦਾ ਸਾਂਝਾ ਹੈ, ਤਾਂ ਉਸ ਦਾ ਬੈ-ਖਰੀਦ ਬੰਦਾ, ਮੁਲ ਖਰੀਦੀ ਲਾਲਾ ਗੋਲਾ ਤੇ ਢਾਡੀ, ਨਾਨਕ, ਸਭ ਲੋਕਾਈ ਦਾ ਆਪਣਾ ਤੇ ਸਾਂਝਾ ਕਿਉਂ ਨਾ ਹੋਵੇ ? ਗੁਰੂ ਜੀ ਦਾ ਆਪਣਾ ਅਮਰ ਕਥਨ ਹੈ ਕਿ ਸੱਚਾ ਗੁਰੂ ਹੈ ਹੀ ਉਹ, ਜੋ ਸਭ ਨੂੰ ਸੱਚ ਦੇ ਇੱਕ ਨੁਕਤੇ ਉੱਤੇ ਕੇਂਦਰਤ ਕਰਦਾ ਤੇ ਮੇਲਦਾ ਹੈ, ਜੋੜਦਾ ਹੈ : ਨਾ ਕਿ ਤੋੜਦਾ ਤੇ ਆਪਸੀ ਨਫ਼ਰਤ ਪੈਦਾ ਕਰਦਾ ਹੈ। ਫੁਰਮਾਨ ਹੈ :

ਨਾਨਕ, ਸਤਿਗੁਰੁ ਐਸਾ ਜਾਣੀਐ, ਜੋ ਸਭ ਸੈ ਲਏ ਮਿਲਾਇ ਜੀਉ ॥
(ਮ: 1, ਪੰਨਾ 72)

ਤਥਾ।—ਜੋ ਗੁਰੁ ਕਰਉ, ਜਿ ਸਾਚੁ ਦ੍ਰਿੜਾਵੈ ॥
ਅਕਥ ਕਥਾਵੈ, ਸਬਦਿ ਮਿਲਾਵੈ ॥ (ਉਹੀ ਪੰਨਾ 686)

**3. ਸਾਂਝਾ ਧਰਮ ਗ੍ਰੰਥ**।—ਸੰਸਾਰ ਦੇ ਧਾਰਮਿਕ ਇਤਿਹਾਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਭ ਦੀ ਸਰਬ-ਪੱਖੀ ਜੀਵਨ-ਅਗਵਾਈ ਦੇ ਪਹਿਲੇ ਸਾਂਝੇ ਗ੍ਰੰਥ ਹਨ, ਜਿਸ ਵਿੱਚ ਨਾ ਕੇਵਲ ਗੁਰੂ ਸਾਹਿਬਾਨ ਦੀ ਆਪਣੀ ਸਰਬ-ਕਾਲੀ ਤੇ ਸਰਬ-ਦੇਸੀ, ਅਨੁਭਵੀ ਬਾਣੀ ਹੀ ਅੰਕਤ ਹੈ, ਸਗੋਂ, ਪੰਜਾਂ ਸਦੀਆਂ, ਵਿੱਚ ਵਿਚਰੇ ਤੀਹਾਂ ਭਗਤਾਂ, ਭੱਟਾਂ ਤੇ ਮੁਸਲਮਾਨ ਸੂਫ਼ੀ ਫ਼ਕੀਰਾਂ ਦੀ ਪਾਵਨ ਰਚਨਾ ਵੀ ਦੇਸ਼ ਦੀਆਂ ਦਰਜਨ ਕੁ ਬੋਲੀਆਂ ਵਿੱਚ ਸਮਾਨ ਸੁਭਾਇਮਾਨ ਹੈ। ਇਹਨਾਂ ਵਿਚੋਂ ਸਮਾਜ ਤੋਂ ਛੇਕੇ ਹੋਏ ਕੁਝ ਕੁ ਉਹਨਾਂ ਅਖੌਤੀ ਅਛੂਤ ਤੇ ਸ਼ੂਦਰ ਜ਼ਾਤੀਆਂ ਨਾਲ ਸੰਬੰਧਤ ਹਨ, ਜਿਨ੍ਹਾਂ ਨੂੰ ਸਮਾਜ ਠੁਕਰਾਉਂਦਾ ਤੇ ਤ੍ਰਿਸਕਾਰਦਾ ਸੀ, ਪਰ ਜਿਨ੍ਹਾਂ ਦੇ ਸੰਗੀ ਸਾਥੀ ਹੋਣ ਵਿੱਚ ਸਤਿਗੁਰੂ ਜੀ ਮਾਣ ਮਹਿਸੂਸ ਕਰਦੇ ਹਨ। ਆਪ ਜੀ ਦਾ ਦ੍ਰਿੜਤਾ-ਭਰਪੂਰ ਇਨਕਲਾਬੀ ਨਾਅਰਾ ਹੈ:—

"ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨ, ਤਿਥੈ ਨਦਰਿ ਤੇਰੀ ਬਖਸੀਸਿ ॥ (ਪੰਨਾ 15)

ਪੰਜਾਂ ਸਦੀਆਂ ਦੇ ਸੁਗਿਆਨ ਦਾ ਇਹ ਖ਼ਜ਼ਾਨਾ, ਸਦੀਵੀ ਸਚਾਈਆਂ (Universal Truth) ਦੀ ਗੱਲ ਕਰਦਾ ਹੈ। ਇਹ ਭਾਵਕ-ਏਕਤਾ (Emotional Integration) ਤੇ ਸਹਿਵਾਸ (Co-Existence) ਅਥਵਾ ਰਵਾਦਾਰੀ ਦੀ ਇੱਕ ਅਦੁਤੀ ਮਿਸਾਲ ਤੇ ਸਫਲ ਤਜਰਬਾ ਹੈ। ਭਾਵਕ-ਏਕਤਾ ਤੇ ਸਹਿਵਾਸ ਦਾ ਹੀ ਦੂਜਾ ਨਾਮ ਸਫਲ ਸਾਂਝੀਵਾਲਤਾ ਹੈ, ਜੋ ਸਰਬ-ਨਾਸ਼ ਦੇ ਦਹਾਨੇ ਉੱਤੇ ਖੜ੍ਹੇ, ਲੋਭੀ ਤੇ ਹਉਮੈਂ-ਗ੍ਰਸਤ ਸੰਸਾਰ ਨੂੰ ਬਚਾ ਸਕਦੀ ਹੈ।

**4. ਸਾਂਝਾ ਧਰਮ ਮੰਦਰ :**—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦੁੱਤੀ ਸੰਪਾਦਕ ਤੇ ਸੰਕਲਣ ਕਰਤਾ, ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਅੱਜ ਤੋਂ ਚਾਰ ਸਦੀਆਂ ਪਹਿਲਾਂ, ਪ੍ਰਾਣੀ ਮਾਤਰ ਲਈ, ਚੌਂਹ ਦਰਵਾਜ਼ਿਆਂ ਵਾਲੇ ਸੱਚੀਂ ਮੁੱਚੀਂ ਹਰੀ-ਮੰਦਰ ਜੀ ਦੀ ਰਚਨਾ ਕਰਨੀ ਅਤੇ ਉਸ ਦਾ ਨੀਂਹ ਪੱਥਰ, ਸੂਫ਼ੀ ਸੰਤ ਹਜ਼ਰਤ ਮੀਆਂ ਮੀਰ ਤੋਂ ਰਖਵਾਉਣਾ, ਸੰਸਾਰ ਦੇ ਧਾਰਮਿਕ ਵਿਸ਼ਵਾਸ ਵਿਚ ਇਕ ਅਜ਼ੀਮ ਇਨਕਲਾਬ ਸੀ। ਇਉਂ ਕਰਕੇ, ਸਤਿਗੁਰਾਂ ਨੇ ਸਦੀਆਂ ਤੋਂ ਚਲੇ ਆ ਰਹੇ, ਇਸ ਅੰਧ-ਵਿਸ਼ਵਾਸ ਦਾ ਭਰਪੂਰ ਖੰਡਨ ਕੀਤਾ ਕਿ ਰੱਬ ਕਿਸੇ ਵਿਸ਼ੇਸ਼ ਦਿਸ਼ਾ ਜਾਂ ਸਥਾਨ ਵਿਚ ਨਿਵਾਸ ਰਖਦਾ ਹੈ। ਇਉਂ ਕਰਕੇ ਉਹਨਾਂ ਦੱਸਿਆ ਕਿ ਰੱਬ ਸਭ ਦਾ ਸਾਂਝਾ ਤੇ ਸਰਬ-ਵਿਆਪਕ ਹੈ। ਤੁਹਾਨੂੰ ਸੰਸਾਰ ਵਿਚ ਹਿੰਦੂ, ਮੁਸਲਮਾਨ, ਈਸਾਈ, ਬੋਧੀ ਤੇ ਜੈਨੀ-ਮੱਠ,ਮੰਦਰ, ਮਸਜਿਦ ਤਾਂ ਮਿਲਣਗੇ, ਪ੍ਰੰਤੂ, ਉਹਨਾਂ ਵਿਚ ਹਕੀਕੀ ਤੇ ਵਿਆਪਕ ਮਨੁੱਖੀ ਸਾਂਝ ਕਿਤੇ ਨਹੀਂ ਲੱਭੇਗੀ। ਹਾਂ, ਜੇ ਧਰਤੀ ਉੱਤੇ ਸੱਚੀਂ-ਮੁੱਚੀਂ ਕੋਈ ਐਸਾ ਰੂਹਾਨੀ ਮੰਦਰ ਹੈ, ਤਾਂ ਉਹ ਹੈ : ਸ੍ਰੀ ਅੰਮ੍ਰਿਤਸਰ ਦਾ 'ਹਰਿਮੰਦਰ', 'ਦਰਬਾਰ ਸਾਹਿਬ', 'ਗੋਲਡਨ ਟੈਂਪਲ', ਅਥਵਾ ਇਸ ਦਾ ਹੀ ਅਕਸ, ਫੈਲਾਉ, ਪ੍ਰਤੀਕ ਤੇ ਵਿਸਥਾਰ-ਹਰ ਸਿੱਖ-ਗੁਰਦੁਆਰਾ।

**5. ਸਾਂਝੀ ਸੰਗਤ ਤੇ ਪੰਗਤ :** ਸੰਸਾਰ ਅਤੇ ਵਿਸ਼ੇਸ਼ ਕਰਕੇ ਰਿਸ਼ੀਆਂ ਮੁਨੀਆਂ ਦੀ ਪੁੰਨ-ਭੂਮੀ ਭਾਰਤ ਵਿਚ, ਮਨੁੱਖੀ ਸਮਾਨਤਾ ਦੀ ਪ੍ਰਤੀਕ, ਨਾ ਤਾਂ ਸੰਗਤ ਸਾਂਝੀ ਸੀ, ਤੇ ਨਾ ਹੀ ਪੰਗਤ। ਗੁਰੂ ਸਾਹਿਬਾਨ ਨੇ ਇਸ ਵਿਤਕਰੇ ਦਾ ਵੀ ਸਦਾ ਲਈ ਅਭਾਵ ਕਰ ਦਿਤਾ ਅਤੇ ਸਰਬ ਸਾਂਝੀ ਸੰਗਤ ਤੇ ਪੰਗਤ ਦੀ ਕਲਿਆਣਕਾਰੀ ਮਰਯਾਦਾ ਤੋਰੀ। ਇਸ ਨਾਲ ਅਰਸ਼ਾਂ ਤੇ ਫਰਸ਼ਾਂ ਤੋਂ ਮਾਨਵੀ ਸਮਾਨਤਾ ਤੇ ਸਾਂਝ ਦੀ ਜੈ ਜੈ ਕਾਰ ਹੋਈ।

**6. ਸਾਂਝਾ ਲੰਗਰ :** ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਸ੍ਰੀ ਕਰਤਾਰਪੁਰ (ਪਾਕਿਸਤਾਨ) ਵਿਖੇ, ਸਾਂਝੇ ਲੰਗਰ ਦੀ ਮਰਯਾਦਾ ਤੋਰੀ, ਜੋ ਚਲਦੀ ਚਲਦੀ ਸਿੱਖ ਧਰਮ ਤੇ ਗੁਰਦੁਆਰੇ ਦਾ ਇੱਕ ਅਹਿਮ ਅੰਗ (Institution) ਬਣ ਗਈ ਅਤੇ ਹਰ ਸਿੱਖ ਦਾ ਘਰ ਤੱਕ, ਧਰਮਸਾਲ ਵਿਚ ਤਬਦੀਲ ਹੋ ਗਿਆ। ਗੁਰੂ ਦੇ ਸਾਂਝੇ ਲੰਗਰ ਦੁਆਰਾ, ਨਾ ਕੇਵਲ ਪੰਗਤ ਦੀ ਸਾਂਝ ਤੇ ਸਮਾਨਤਾ ਹੀ ਕਾਇਮ ਹੋਈ, ਸਗੋਂ, ਇਕਠੇ ਬੈਠ ਕੇ ਪ੍ਰਸ਼ਾਦ-ਛਕਣ

# ਪ੍ਰੋ. ਸਾਹਿਬ ਸਿੰਘ ਦਾ ਗੁਰਬਾਣੀ-ਵਿਆਖਿਆਕਾਰੀ ਨੂੰ ਯੋਗਦਾਨ

(1)

ਪ੍ਰੋਫੈਸਰ ਸਾਹਿਬ ਸਿੰਘ, ਗੁਰਬਾਣੀ ਦੀ ਅੰਦਰਲੀ ਗਵਾਹੀ ਦੇ ਆਧਾਰ ਉੱਤੇ ਇਸ ਸੱਚ ਦੇ ਦ੍ਰਿੜ, ਵਿਸ਼ਵਾਸੀ ਤੇ ਧਾਰਨੀ ਹਨ, ਕਿ ਸਮੱਸਤ ਸੰਸਾਰ ਦੇ ਸਦੀਵੀ ਕਲਿਆਨ ਲਈ, ਪੜ੍ਹਨ, ਬੁੱਝਨ, ਵੀਚਾਰਨ ਗਾਵਨ ਤੇ ਜੀਅਉ ਕਮਾਵਨ ਹਿੱਤ, ਧੁਰੋਂ, 'ਆਮਦ' ਉੱਤੇ ਆਈ ਗੁਰਬਾਣੀ ਗੁਰੂ ਹੈ, ਅੰਮ੍ਰਿਤ ਹੈ, ਸਤਿ ਤੇ ਸਰਬ-ਸੁਖਦਾਈ ਹੈ; ਜਿਵੇਂ—

ੳ) ਧੁਰ ਕੀ ਬਾਣੀ ਆਈ ॥
ਤਿਨਿ ਸਗਲੀ ਚਿੰਤ ਮਿਟਾਈ ॥ (ਮ. 5, 628)

ਅ) ਜਨੁ ਨਾਨਕੁ ਬੋਲੈ ਅੰਮ੍ਰਿਤ ਬਾਣੀ ॥
ਗੁਰਸਿਖਾਂ ਕੈ ਮਨਿ ਪਿਆਰੀ ਭਾਣੀ ॥ (ਮ. 4)

ੲ) ਬਾਣੀ ਗੁਰੂ, ਗੁਰੂ ਹੈ ਬਾਣੀ,
ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ, ਬਾਣੀ ਕਹੈ, ਸੇਵਕੁ ਜਨੁ ਮਾਨੈ,
ਪਰਤਖਿ ਗੁਰੂ ਨਿਸਤਾਰੇ ॥ (ਮ. 4, ਪੰ. 982)

ਸ) ਸਬਦੁ ਗੁਰ ਪੀਰਾ, ਗਹਿਰ ਗੰਭੀਰਾ,
ਬਿਨੁ ਸਬਦੈ ਜਗੁ ਬਉਰਾਨੰ ॥(ਮ. 1 ਪੰ. 635)

ਹ) ਸਤਿਗੁਰ ਕੀ ਬਾਣੀ ਸਤਿ ਸਤਿ ਕਰ ਜਾਣਹੁ,
ਗੁਰਸਿਖਹੁ, ਹਰਿ ਕਰਤਾ ਆਪਿ ਮੁਹਹੁ ਕਢਾਏ ॥
(ਮ. 4, ਪੰ. 308)

ਕ) ਗੁਰਬਾਣੀ ਗਾਵਹੁ ਭਾਈ ॥
ਓਹ ਸਫਲ ਸਦਾ ਸੁਖਦਾਈ ॥ (ਮ. 5, 629)

ਖ) ਇਹ ਬਾਣੀ ਜੋ ਜੀਅਹੁ ਜਾਣੈ,
ਤਿਸੁ ਅੰਤਰਿ ਰਵੈ ਹਰਿਨਾਮਾ ॥ (ਮ. 3)

ਗ) ਬਾਣੀ ਬਿਰਲਉ ਬੀਚਾਰਸੀ, ਜੇ ਕੋ, ਗੁਰਮੁਖਿ ਹੋਇ ॥
ਇਹ ਬਾਣੀ ਮਹਾਂ ਪੁਰਖ ਕੀ, ਨਿਜ ਘਰਿ ਵਾਸਾ ਹੋਇ ॥ (ਮ. 1, 935)

## (2)
## ਗੁਰਬਾਣੀ ਇਕ-ਸਾਰਤਾ ਸਰੂਪ ਹੈ

ਦੂਜੇ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਇਕ-ਸਾਰਤਾ ਸਰੂਪ ਹੈ। ਇਸ ਵਿਚ, ਕਿਤੇ ਕਿਤੇ, ਬ-ਜ਼ਾਹਰ ਉਪਰੀ ਜਾਂ ਸਤੱਈ ਨਜ਼ਰ ਨਾਲ ਜਾਪਦੀ ਸ੍ਵੈ-ਵਿਰੋਧਤਾ ਅਥਵਾ ਵਿਰੋਧਾ-ਭਾਸ ਨੂੰ, ਪ੍ਰਸੰਗ ਅਧੀਨ, ਡੂੰਘੀ ਅਤੇ ਭਾਵਾਰਥਕ ਦ੍ਰਿਸ਼ਟੀ ਨਾਲ ਵੇਖਣ ਜੋਖਣ ਦੀ ਲੋੜ ਹੈ। ਕੇਵਲ ਵਾਚਕ ਅਰਥ, ਜਗਿਆਸੂ ਨੂੰ, ਸੰਸਾ-ਗ੍ਰਸਤ ਕਰ ਸਕਦੇ ਹਨ; ਜਿਵੇਂ ਕਿ ਨਿਮਨਲਿਖਤ ਇਹ ਪ੍ਰਮਾਣ—

1) ੳ) ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ ਸਚੇ ਤੇਰੇ ਲੋਅ ਸਚੇ ਆਕਾਰ ॥ (ਵਾਰ ਆਸਾ)
ਅ) ਕੂੜੁ ਰਾਜਾ ਕੂੜੁ ਪਰਜਾ, ਕੂੜੁ ਸਭੁ ਸੰਸਾਰ ॥ (ਵਾਰ ਆਸਾ)

2) ੳ) ਜੋ ਦੀਸੈ ਸੋ ਤੇਰਾ ਰੂਪੁ ॥ ਗੁਣ ਨਿਧਾਨ, ਗੋਵਿੰਦ ਅਨੂਪ ॥ (ਮ. 5 ਪੰ. 724)
ਅ) ਜੋ ਦੀਸੈ ਸੋ ਸਗਲ ਬਿਨਾਸੈ, ਜਿਉ ਬਾਦਰ ਕੀ ਛਾਹੀ ॥ (ਮ. 9, ਪੰ. 1231)

3) ੳ) ਕਾਹੇ ਰੇ ਮਨ ਚਿਤਵਹਿ ਉਦਮੁ, ਜਾ ਆਹਰਿ ਹਰਿ ਜੀਉ ਪਰਿਆ ॥ (ਮ. 5)
ਅ) ਉਦਮੁ ਕਰੇਦਿਆ ਜੀਉ ਤੂ, ਕਮਾਵਦਿਆ ਸੁਖੁ ਭੁੰਚੁ ॥ (ਮ. 5, ਪੰ. 522)

4) ੳ) ਕਹੁ ਮਾਨੁਖ ਤੇ ਕਿਆ ਹੋਇ ਆਵੈ ॥ ਜੋ ਤਿਸੁ ਭਾਵੈ, ਸੋਈ ਕਰਾਵੈ ॥
(ਮ. 5, ਪੰ. 277)
ਅ) ਜੇਹਾ ਬੀਜੈ, ਸੋ ਲੁਣੈ, ਕਰਮਾ ਸੰਦੜਾ ਖੇਤੁ ॥ (ਬਾਰਹਮਾਹ, ਪੰ. 134)

5) ੳ) ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ, ਅਬ ਪਤੀਆਰ ਕਿਆ ਕੀਜੈ ॥
(ਭਗਤ ਰਵਿਦਾਸ, ਪੰ. 694)
ਅ) ਤੋਹੀ ਮੋਹੀ, ਮੋਹੀ ਤੋਹੀ, ਅੰਤਰੁ ਕੈਸਾ ॥ (ਭਗਤ ਰਵਿਦਾਸ, ਪੰ. 93)

ਪ੍ਰੋਫੈਸਰ ਸਾਹਿਬ ਦੀ ਉਪ੍ਰੋਕਤ ਧਾਰਨਾ ਦੀ ਪੁਸ਼ਟੀ, ਸੰਖੇਪ ਵਿਚ, ਇਉਂ ਕੀਤੀ ਜਾ ਸਕਦੀ ਹੈ—

(ੳ) ਮਹਾਤਮਾ ਬੁੱਧ ਇਕ ਪਿੰਡ ਵਿਚ ਠਹਿਰੇ ਹੋਏ ਸਨ। ਇਕ ਆਦਮੀ ਉਨ੍ਹਾਂ ਦੇ ਦਰਸ਼ਨਾਂ ਨੂੰ ਆਇਆ ਤੇ ਕਹਿਣ ਲੱਗਾ, 'ਮੈਂ ਨਾਸਤਕ ਹਾਂ। ਆਪ ਦਾ ਇਸ ਬਾਰੇ ਕੀ ਖਿਆਲ ਹੈ ? ਕੀ ਈਸ਼ਵਰ ਹੈ ? ਬੁੱਧ ਨੇ ਕਿਹਾ, ਈਸ਼ਵਰ ? ਸਿਰਫ ਈਸ਼ਵਰ ਹੀ ਤਾਂ ਹੈ। ਉਸ ਤੋਂ ਸਿਵਾ ਹੋਰ ਕੁਛ ਨਹੀਂ। ਉਸ ਆਦਮੀ ਨੇ ਬੜੀ ਹੈਰਾਨੀ ਨਾਲ ਕਿਹਾ, 'ਮੈਂ ਤਾਂ ਸੁਣਿਆ ਸੀ ਕਿ ਤੁਸੀਂ ਨਾਸਤਕ ਹੋ।' ਬੁੱਧ ਜੀ ਨੇ ਕਿਹਾ, 'ਆਪ ਨੇ ਗਲਤ ਸੁਣਿਆ ਹੈ। ਮੈਂ ਤਾਂ ਮਹਾਂ ਆਸਤਕ ਹਾਂ।' ਉਹ ਵਿਅਕਤੀ ਹੈਰਾਨੀ ਭਰੀ ਨਿਰਾਸਤਾ ਵਿਚ ਵਾਪਸ ਚਲਾ ਗਿਆ। ਮਹਾਤਮਾ ਬੁੱਧ ਅੱਗੇ ਤੁਰਦੇ ਹੋਏ।

ਅਗਲੇ ਪੜਾਅ ਉੱਤੇ ਦੁਪਹਿਰ ਨੂੰ ਇਕ ਹੋਰ ਆਦਮੀ ਉਨ੍ਹਾਂ ਪਾਸ ਆਇਆ ਤੇ ਕਹਿਣ ਲੱਗਾ, 'ਮੈਂ ਆਸਤਕ ਹਾਂ' ਮੈਂ ਨਾਸਤਕਾਂ ਦਾ ਕੱਟੜ ਵਿਰੋਧੀ ਤੇ ਦੁਸ਼ਮਨ ਹਾਂ। 'ਮੈਂ ਆਪ ਨੂੰ ਪੁੱਛਣ ਆਇਆ ਹਾਂ ਕਿ ਈਸ਼ਵਰ ਬਾਰੇ ਆਪ ਦੇ ਕੀ ਵੀਚਾਰ ਹਨ ?' ਬੁੱਧ ਨੇ ਉੱਤਰ ਵਿਚ ਕਿਹਾ, 'ਈਸ਼ਵਰ ? ਈਸ਼ਵਰ ਜੈਸੀ ਕੋਈ ਚੀਜ਼ ਨਹੀਂ ਜੋ ਮਨੁੱਖ ਦੀ ਕਲਪਨਾ ਵਿਚ ਆ ਸਕੇ। ਉਸ ਆਦਮੀ ਨੇ ਵੱਡੀ ਹੈਰਾਨੀ ਨਾਲ ਕਿਹਾ, 'ਇਹ ਆਪ ਕੀ ਕਹਿ ਰਹੇ ਹੋ ? ਮੈਂ ਤਾਂ ਸੁਣਿਆ ਸੀ ਕਿ ਇਕ ਧਾਰਮਿਕ ਆਦਮੀ ਪਿੰਡ ਵਿਚ ਆਇਆ ਹੈ।' ਬੁੱਧ ਨੇ ਕਿਹਾ, 'ਧਾਰਮਿਕ ? ਮੈਂ ਤਾਂ ਮਹਾਂ ਨਾਸਤਕ ਹਾਂ।' ਉਹ ਆਦਮੀ ਵੀ ਬਚੈਨ ਤੇ ਅਵਾਕ ਹੋ ਕੇ ਵਾਪਸ ਪਰਤ ਗਿਆ।

ਸ਼ਾਮ ਹੋਈ ਤਾਂ ਇਕ ਹੋਰ ਤੀਜਾ ਆਦਮੀ ਬੁੱਧ ਜੀ ਪਾਸ ਆਇਆ ਜੋ agnostic (ਉਹ ਜੋ ਈਸ਼ਵਰ ਦੀ ਅਲੱਖਤਾ ਉੱਤੇ ਯਕੀਨ ਰਖਦਾ ਹੋਵੇ) ਆਇਆ ਅਤੇ ਕਹਿਣ ਲੱਗਾ ਕਿ ਉਸ ਨੂੰ ਇਹ ਸਮਝ ਨਹੀਂ ਆਉਂਦੀ ਕਿ ਈਸ਼ਵਰ ਹੈ ਜਾਂ ਨਹੀਂ। ਉਨ੍ਹਾਂ ਦਾ ਇਸ ਬਾਰੇ ਕੀ ਖਿਆਲ ਹੈ ? ਬੁੱਧ ਨੇ ਉਤਰ ਦਿਤਾ, 'ਹੁਣ ਜਦ ਰੱਬ ਤੇਰੀ ਅਤੇ ਮੇਰੀ ਸੋਚ ਸਮਝ ਤੋਂ, ਪਰੇ ਦੀ ਗਲ ਹੈ, ਤਾਂ ਇਹੀ ਵਾਜਬ ਹੈ ਕਿ ਅਸੀਂ ਉਸ ਦੀ ਹੋਂਦ, ਜਾਂ ਅਣਹੋਂਦ ਬਾਰੇ ਖਾਮੋਸ਼ ਰਹੀਏ। ਮੈਂ ਇਸ ਸੰਬੰਧ ਵਿਚ ਪਰਮ ਅਗਿਆਨੀ ਹਾਂ।'

ਮਹਾਤਮਾ ਬੁੱਧ ਦੇ ਪਰਮ ਸ਼ਿਸ਼, ਅਨੰਦ, ਜਿਸ ਨੇ ਇਹ ਸਭ ਕੁਝ ਹੁੰਦਾ ਵੇਖਿਆ ਤੇ ਸੁਣਿਆ ਸੀ, ਬੁੱਧ ਜੀ ਨੂੰ ਕਿਹਾ ਕਿ ਉਹ ਡਾਢੀ ਦੁਬਿਧਾ ਵਿਚ ਫਸ ਗਿਆ ਹੈ। 'ਆਖਰ, ਇਹ ਮਾਜਰਾ ਕੀ ਹੈ ? ਮੈਂ ਬੜਾ ਬੇਚੈਨ ਹਾਂ। ਆਪ ਨੇ ਅਜ ਇਹ ਤਿੰਨ ਸ੍ਵੈ-ਵਿਰੋਧੀ ਉੱਤਰ ਕਿਉਂ ਦਿਤੇ ?'

ਮਹਾਤਮਾ ਜੀ ਹੱਸ ਪਏ ਅਤੇ ਪਿਆਰ ਨਾਲ ਅਨੰਦ ਜੀ ਨੂੰ ਸਮਝਾਇਆ ਕਿ, 'ਇਹ ਉੱਤਰ ਉਸ ਲਈ ਨਹੀਂ, ਸਗੋਂ ਸੰਬੰਧਤ ਤਿੰਨਾਂ ਵੱਖ ਵੱਖ ਵਿਅਕਤੀਆਂ ਲਈ ਸਨ। ਉਹ ਤਿੰਨੇ ਆਦਮੀ ਸੋਚ, ਸਮਝ ਤੇ ਮਨੌਤ ਦੀ ਵੱਖ ਵੱਖ ਧਾਰਾ ਵਿਚ ਰੁੜ੍ਹ ਰਹੇ ਸਨ। ਉਨ੍ਹਾਂ ਨੂੰ ਸਹਿਜ ਤੇ ਸੰਤੁਲਿਤ ਅਵਸਥਾ ਵਿਚ ਲਿਆਉਣਾ ਜ਼ਰੂਰੀ ਸੀ। ਸਵੇਰੇ ਜੋ ਆਦਮੀ ਆਇਆ ਸੀ ਉਹ ਘੋਰ ਨਾਸਤਕ ਸੀ, ਇਕੱਲਾ ਨਾਸਤਕ ਅਧੂਰਾ ਹੈ; ਕਿਉਂਕਿ ਜ਼ਿੰਦਗੀ ਵਿਰੋਧਾਂ (opposites) ਨਾਲ ਮਿਲ ਕੇ ਸੰਪੂਰਨ ਹੁੰਦੀ ਹੈ। ਇਉਂ ਸਮਝ ਲਵੋ ਕਿ ਜੋ ਸਚਮੁੱਚ ਧਾਰਮਿਕ ਆਦਮੀ ਹੁੰਦਾ ਹੈ, ਉਸ ਵਿਚ ਦੋਵੇਂ ਗੱਲਾਂ ਹੁੰਦੀਆਂ ਹਨ। ਨਾਸਤਕ ਤੇ ਆਸਤਕ, ਦੋਹਾਂ ਦੇ ਘੁਮੰਡ (ਹਉਮੈਂ) ਉੱਤੇ ਅਟਕੇ ਜੀਵਨ ਨੂੰ ਸੰਤੁਲਿਤ ਕਰਨ ਦੀ ਲੋੜ ਸੀ। ਹਰੇਕ ਨੂੰ ਇਕੋ ਤੇ ਸਮਾਨ ਉਪਦੇਸ਼ ਦੇਣਾ ਫਲਪੁਰਦਾਤਰ ਨਹੀਂ ਹੋ ਸਕਦਾ ਸੀ। ਜਿੰਦਗੀ ਸੰਤੁਲਿਤ ਦਾ ਨਾਮ ਹੈ। ਜੋ ਸੰਤੁਲਿਤ ਨੂੰ ਪਾ ਲੈਂਦਾ ਹੈ, ਉਹ 'ਸਤਿ' ਨੂੰ ਪਾ ਲੈਂਦਾ ਹੈ।

ਵੀਚਾਰ ਅਧੀਨ ਨੁਕਤੇ ਨੂੰ ਵਧੇਰੇ ਸਪਸ਼ਟ ਤੌਰ ਉੱਤੇ ਸਮਝਣ ਲਈ ਸੂਰਜ ਪ੍ਰਕਾਸ਼ ਦੇ ਪੰਨਾ 2170 (ਰਾਸ 3, ਅੰਸੂ 56) ਉੱਤੇ ਅੰਕਿਤ ਇਹ ਵਾਰਤਾ ਤੇ

ਵਿਆਖਿਆ ਬੇ-ਹਦ ਭਾਵ-ਪੂਰਤ ਤੇ ਲਾਹੇਵੰਦ ਹੈ—

'ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਸੇਵਾ ਵਿਚ ਜਟੂ, ਭਾਨੂੰ, ਨਿਹਾਲੂ ਤੇ ਤੀਰਥਾ, ਚੱਢਾ ਜਾਤੀ ਦੇ ਸਿੱਖ ਆਏ ਅਤੇ ਹਥ ਜੋੜ ਕੇ ਪ੍ਰਸ਼ਨ ਕੀਤਾ ਕਿ—

'ਸ੍ਰੀ ਸਤਿਗੁਰ ਸ਼ੁਭ ਬਚਨ ਤੁਹਾਰੇ। ਬਹੁਬਿਧਿ ਕੇ ਹਮ ਅਰਥ ਬਿਚਾਰੇ ॥
'ਕਰੇ ਕਰਾਵੈ ਆਪੇ ਆਪਿ। ਮਾਨੁਖ ਕੇ ਕਿਛ ਨਾਹੀ ਹਾਥ ॥' (34)

ਪੁਨਾ—ਜੈਸਾ ਬੀਜੈ ਸੋ ਲੁਣੈ, ਕਰਮ ਇਹ ਖੇਤੁ ॥
ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ ॥ (ਮ. 1, ਪੰ. 706)

ਬ-ਜ਼ਾਹਰ, ਆਪਾ-ਵਿਰੋਧੀ ਦਿਸਦੇ ਇਨ੍ਹਾਂ ਸਲੋਕਾਂ ਦਾ ਉੱਤਰ, ਪੰਚਮ ਗੁਰਦੇਵ, ਇਉਂ ਦਿੰਦੇ ਹਨ—

'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਭ ਪ੍ਰਕਾਰ ਦੇ ਸਿੱਖਾਂ ਦੀ ਕਲਿਆਣ ਲਈ ਰਚਿਆ ਗਿਆ ਹੈ—

'ਸਭਿ ਅਧਿਕਾਰਨਿ ਕੇ ਗੁਰ ਸਿਖ ਹੈਂ।
ਗ੍ਰਹਣ ਕਰੈਂ, ਜਿਮ ਨਿਜ ਮਤਿ ਪਿਖਿ ਹੈ ॥ (38)

ਜੋ ਲੋਕ ਗ੍ਰਹਿਸਤ ਵਿਚ ਪਾਪ-ਪੁੰਨ ਕਮਾਉਂਦੇ ਹਨ, ਉਨ੍ਹਾਂ ਲਈ ਇਹ ਤੁਕ ਹੈ :
'ਜੇਹਾ ਬੀਜੈ ਸੋ ਲੁਣੈ, ਕਰਮਾ ਸੰਦੜਾ ਖੇਤੁ ॥"

ਦੂਜੇ ਐਸੇ ਲੋਕ ਹਨ ਜੋ ਪ੍ਰੇਮਾ-ਭਗਤੀ ਵਿਚ ਰੰਗੇ ਹਰ ਦਮ 'ਸਤਿਨਾਮ' ਦਾ ਸਿਮਰਨ ਕਰਦੇ ਹਨ ਅਤੇ ਸਭ ਪ੍ਰਾਣੀਆਂ ਵਿਚ ਬ੍ਰਹਮ ਵੇਖਦੇ ਹਨ, ਉਹ ਇਸ ਤੁਕ ਦੇ ਅਧਿਕਾਰੀ ਹਨ—

'ਕਰੇ ਕਰਾਵੈ ਆਪੇ ਆਪਿ ॥ ਮਾਨੁਖ ਕੈ ਕਿਛੁ ਨਾਹੀ ਹਾਥ ॥'

ਉਪ੍ਰੋਕਤ ਪਾਠ ਦਾ ਸ਼ੁੱਧ ਰੂਪ ਇਸ ਪ੍ਰਕਾਰ ਹੈ—

ੳ) ਮਾਰੈ ਰਾਖੈ ਏਕੋ ਆਪ ॥ ਮਾਨੁਖ ਕੈ ਕਿਛੁ ਨਾਹੀ ਹਾਥਿ ॥ (ਸੁਖਮਨੀ)

ਅ) ਕਰਨ ਕਰਾਵਨ ਆਪੇ ਆਪਿ ॥ ਸਦਾ ਸਦਾ ਨਾਨਕ ਹਰਿ ਜਾਪਿ ॥

ਤੀਸਰੇ ਐਸੇ ਪ੍ਰਕਾਰ ਦੇ ਲੋਕ ਹਨ, ਜੋ ਸਭ ਪਾਸੇ ਬ੍ਰਹਮ ਹੀ ਬ੍ਰਹਮ ਵਰਤਦਾ ਵੇਖਦੇ ਹਨ; ਜਿਵੇਂ—

'ਤ੍ਰਿਤੀਏ ਸੱਤਾ ਸਤਿ ਬਿਚਾਰਹਿ। ਸਦਾ ਬ੍ਰਹਮ ਕੋ ਨਿਰਨੈ ਧਾਰਹਿ ॥
ਇਨ ਸਮਤੁਲ ਕੇ ਸੋ ਅਧਿਕਾਰੀ। ਸੁਨਿ ਮਾਨਹਿ, ਸਮਝੇ ਉਰਧਾਰੀ ॥ (42)
'ਬ੍ਰਹਮੁ ਦੀਸੈ ਬ੍ਰਹਮ ਸੁਣੀਐ, ਏਕੁ ਏਕੁ ਵਖਾਣੀਐ ॥ (ਮ. 5)

ਇਸ ਨੁਕਤੇ ਦੀ ਹੋਰ ਵਜ਼ਾਹਤ ਕਰਦੇ ਹੋਏ ਗੁਰਦੇਵ ਅੱਗੇ ਦਸਦੇ ਹਨ ਕਿ ਇਸ ਪ੍ਰਕਾਰ ਹੋਰ ਕਈ ਤਰ੍ਹਾਂ ਦੇ ਅਧਿਕਾਰੀ ਹਨ; ਪ੍ਰੰਤੂ, ਏਥੇ, ਮੁੱਖ ਤੌਰ ਤੇ ਕੇਵਲ ਤਿੰਨ ਪ੍ਰਕਾਰ ਦੇ ਹੀ ਬਿਆਨ ਕੀਤੇ ਹਨ। ਅੱਗੇ ਪ੍ਰਸੰਗ ਚਲਦਾ ਹੈ—

ਦੋਹਰਾ—'ਇਤਯਾਦਿਕ ਬਹੁਤੇ ਅਧਿਕਾਰ, ਮੁਖ ਤੀਨ ਹਮ ਕਰੇ ਉਚਾਰ।
ਜੈਸੇ ਬੈਦ ਮਹਾਂ ਬੁਧਿਮਾਨ, ਰੋਗੀ ਆਇ ਬਿਨੈ ਬਹੁ ਠਾਨਿ। (43)
ਨਾੜੀ, ਮੂਤ੍ਰ ਹੇਰ, ਰੁਜ (ਰੋਗ) ਜਾਨੈ। ਤਿਸ ਪਰ ਬਹੁਰ ਔਸ਼ਧੀ ਠਾਨੈ।
ਤੈਸੇ ਗੁਰ ਢਿਗ ਸਿਖ ਚਲਿ ਆਵੈ। ਬਚਨ ਕ੍ਰਿਯਾ ਤੇ, ਤਿਹ ਲਖਿ ਪਾਵੈ (44)
ਜਥਾ ਪਿਖਹਿ ਅਧਿਕਾਰ ਵਿਸ਼ੇਸ਼। ਤਥਾ ਕਰਹਿ ਸਤਿਗੁਰ ਉਪਦੇਸ਼।
ਜੋ ਹਕੀਮ ਲਘੁ ਬਿੱਦਯਾ ਮਤਿ ਮੈਂ। ਪਰਖਯੋ ਗਯੋ ਨ ਰੁਜ (ਰੋਗ) ਕਛ ਮੈਂ
ਰੋਗ ਆਨ, ਔਖਧਿ ਦੇ ਆਨ। ਰੁਜ ਨਹਿ ਜਾਇ; ਪ੍ਰਾਨ ਹੂੰ ਹਾਨ। (45)
ਤੈਸੇ ਗੁਰ ਕਾਚੋ ਅਨਜਾਨਾ। ਸਿਖ ਅਧਿਕਾਰ ਨ ਕਰਹਿ ਪਛਾਨਾ। (46)
ਤਿਸ (ਸਿਖ ਨੂੰ) ਉਪਦੇਸ਼ ਅਯੋਗ ਬਤਾਵੈ।
ਰਹੀ ਮੋਖ (ਮੁਕਤੀ) ਮਰ ਨਰਕ ਸਿਧਾਵੈ॥

ਸੋ, ਇਹ ਧਾਰਨਾ ਨਿਰਸੰਦੇਹ ਗੁਰੂ-ਆਸ਼ੇ ਤੇ ਗੁਰਮੱਤ ਅਨਕੂਲ ਹੈ ਕਿ ਗੁਰਬਾਣੀ ਵਿਚ ਵੱਖ ਵੱਖ ਰੁਚੀਆਂ ਸੰਸਕਾਰਾਂ, ਮਨੌਤਾਂ ਤੇ ਅਵਸਥਾਵਾਂ ਵਾਲੇ ਸਮੂਹ ਮਨੁੱਖਾਂ ਲਈ ਉਪਦੇਸ਼ ਹੈ। ਜਿਵੇਂ ਗਲਾਸ ਵਿਚ ਪਏ ਕੋਸੇ ਪਾਣੀ ਨੂੰ ਗਰਮ ਹੱਥ ਠੰਡਾ ਮਹਿਸੂਸ ਕਰਦਾ ਅਤੇ ਠੰਡਾ ਹੱਥ ਗਰਮ ਪ੍ਰਤੀਤ ਹੁੰਦਾ ਹੈ; ਤਿਵੇਂ ਗੁਰਬਾਣੀ ਵਿਚ ਇਕੋ ਸਚਾਈ ਨੂੰ ਕੁਝ ਲੋਕ ਆਪਣੀ ਆਪਣੀ ਬਿਰਤੀ, ਸੁਭਾਵ ਤੇ ਸੀਮਤ ਸੂਝ ਬੂਝ ਦੁਆਰਾ ਓਪਰੀ ਨਜ਼ਰ ਨਾਲ ਵੇਖਦੇ ਜੋਖਦੇ ਅਤੇ ਟਪਲਾ ਖਾ ਜਾਂਦੇ ਹਨ।

(3)

## 'ਬਾਣੀ' ਦੀ ਆਪਣੀ ਵਿਲੱਖਣ ਲਿਖਣ-ਸ਼ੈਲੀ ਤੇ ਵਿਆਕਰਣ ਹੈ:

ਪ੍ਰੋ. ਸਾਹਿਬ ਸਿੰਘ ਜੀ ਇਸ ਧਾਰਨਾ ਦੇ ਵੱਡੇ ਮੁਦੱਈ ਅਤੇ ਦਾਅਵੇਦਾਰ ਹਨ ਕਿ ਗੁਰਬਾਣੀ ਦੀ ਆਪਣੀ ਵਿਲੱਖਣ ਸ਼ੈਲੀ, ਅਤੇ ਸਹੀ ਵਾਚਕ ਤੇ ਭਾਵਾਰਥਕ ਸਹੀ ਅਰਥਾਂ ਲਈ ਆਪਣਾ ਵਿਆਕਰਣ ਹੈ। ਇਕ ਸਮਾਂ ਸੀ (ਅਤੇ ਉਹ ਹੁਣ ਲੱਦ ਗਿਆ ਹੈ) ਜਦੋਂ ਗੁਰਬਾਣੀ ਵਿਚ ਵਰਤੀਆਂ ਲਗਾਂ ਮਾਤ੍ਰਾਂ ਨੂੰ ਨਜ਼ਰ ਅੰਦਾਜ਼ ਕਰ ਕੇ, ਇਕ ਤੁੱਕ ਅਥਵਾ ਸ਼ਬਦ ਦੇ, ਪੰਜ ਪੰਜ, ਸੱਤ ਸੱਤ ਅਰਥ ਕਰਨ ਨੂੰ ਵੱਡੀ ਪੰਡਿਤਾਈ ਸਮਝਿਆ ਜਾਂਦਾ ਸੀ। 'ਗਿਆਨ ਦੇ ਗਲ ਰੱਸਾ' ਵਾਲੀ ਗਲ ਸੀ। ਪੰਡਿਤ ਤਾਰਾ ਸਿੰਘ ਜੀ, ਨਿਰਮਲੇ ਵਿਦਵਾਨ, ਨੇ ਭਗਤ-ਬਾਣੀ ਸਟੀਕ ਵਿਚ, ਸ਼ਬਦਾਂ ਦੇ, ਆਮ ਕਰ ਕੇ, ਤਿੰਨ ਤਿੰਨ ਅਰਥ ਕੀਤੇ ਹਨ। ਇਉਂ 'ਬਾਣੀ' ਦੇ 'ਉਚਾਰਣਕ' ਅਥਵਾ 'ਵਰਣਾਤਮਕ' ਰੂਪ ਨੂੰ ਵਿਸਾਰ ਕੇ ਹੀ ਹੋ ਸਕਦਾ ਹੈ। ਦਸ਼ਮੇਸ਼ ਜੀ ਦੀ, ਇਕ ਨੌਜਵਾਨ ਨੂੰ 'ਕੈ' ਦੀ ਥਾਂ 'ਕੇ' ਪੜ੍ਹਨ ਉਤੇ ਦੰਡ ਦੇਣ ਵਾਲੀ ਸਾਖੀ ਪ੍ਰਸਿਧ ਹੈ।

ਸਮਾਂ ਆਇਆ ਜਦ ਸਿੱਖ ਵਿਦਵਾਨਾਂ ਨੇ ਗੁਰਬਾਣੀ ਦੇ ਵਰਣਾਤਮਕ ਰੂਪ ਨੂੰ, ਵਧੇਰੇ ਵੇਖਿਆ, ਵੀਚਾਰਿਆ ਅਤੇ ਘੋਖਿਆ। ਉਨ੍ਹਾਂ ਵਿਚੋਂ ਪ੍ਰਿੰਸੀਪਲ ਤੇਜਾ ਸਿੰਘ ਅਤੇ ਪ੍ਰੋਫੈਸਰ ਸਾਹਿਬ ਸਿੰਘ ਪੇਸ਼ ਪੇਸ਼ ਸਨ। ਪ੍ਰਿੰਸੀਪਲ ਜੀ ਨੇ ਗੁਰਬਾਣੀ ਵਿਚਲੀਆਂ

'ਸ਼ਬਦਾਂਤਿਕ ਲਗਾਂ ਮਾਤ੍ਰਾਂ' ਦੀ ਅਹਿਮੀਅਤ ਉੱਤੇ ਇਕ ਕਿਤਾਬਚਾ ਲਿਖਿਆ ਅਤੇ ਇਸ ਉਪ੍ਰੰਤ ਪ੍ਰੋ. ਸਾਹਿਬ ਸਿੰਘ ਨੇ 'ਗੁਰਬਾਣੀ ਵਿਆਕਰਣ' ਉੱਤੇ 448 ਪੰਨਿਆਂ ਦੀ ਪੁਸਤਕ ਲਿਖੀ, ਅਤੇ ਇਉਂ ਕਰਕੇ 13 ਸਤੰਬਰ, 1939 ਨੂੰ ਸ੍ਰੀ ਦਰਬਾਰ ਸਾਹਿਬ ਕਮੇਟੀ, ਅੰਮ੍ਰਿਤਸਰ (ਸ਼੍ਰ. ਗੁ. ਪ੍ਰਬੰਧਕ ਕਮੇਟੀ) ਵਲੋਂ ਐਲਾਨਿਆਂ ਇਕ ਹਜ਼ਾਰ ਰੁਪੈ ਦਾ ਇਨਾਮ ਜਿੱਤਿਆ, ਅਤੇ ਹਰ ਪਾਸਿਓਂ, ਗੁਰਬਾਣੀ ਦੇ ਖੋਜੀਆਂ ਤੇ ਪ੍ਰੀਤਵਾਨਾਂ ਵਲੋਂ ਵੱਡੀ ਪ੍ਰਸ਼ੰਸਾ ਪ੍ਰਾਪਤ ਕੀਤੀ। ਪ੍ਰੋਫੈਸਰ ਸਾਹਿਬ ਨੇ, ਇਹ ਘਾਲਣਾ ਘਾਲ ਕੇ, ਜਿਥੇ 'ਇਕਾ ਬਾਣੀ, ਇਕੁ ਗੁਰੁ, ਇਕੋ ਸ਼ਬਦੁ ਵੀਚਾਰਿ' ਦਾ ਪੱਥ ਪ੍ਰਦਰਸ਼ਨ ਕੀਤਾ, ਓਥੇ ਆਪ, ਗੁਰਬਾਣੀ ਦੀ ਟੀਕਾਕਾਰੀ ਵਿਚ ਇਨ੍ਹਾਂ ਨੇਮਾਂ ਦੀ ਰੱਜ ਕੇ ਵਰਤੋਂ ਕੀਤੀ। ਇਸ ਉਪ੍ਰੰਤ ਇਸ ਪਾਸੇ ਸ. ਧੰਨਾ ਸਿੰਘ, ਪਟਿਆਲਾ, ਭਾਈ ਸਾਹਿਬ ਰਣਧੀਰ ਸਿੰਘ, ਗਿ. ਹਰਬੰਸ ਸਿੰਘ 'ਨਿਰਣੈਕਾਰ', ਸ਼੍ਰੋਮਣੀ ਸਿਖ ਸਮਾਜ, ਦਿੱਲੀ, ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਅਤੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਆਦਿ ਵਲੋਂ ਪਾਇਆ ਯੋਗਦਾਨ ਵਰਨਣਯੋਗ ਹੈ।

ਪ੍ਰਿੰਸੀਪਲ ਤੇਜਾ ਸਿੰਘ, ਜਿਥੇ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਪਹਿਲੀ ਸੈਂਚੀ ਦੇ ਮੁੱਢ ਵਿਚ, ਸੰਖੇਪ ਤੌਰ ਉੱਤੇ, ਗੁਰਬਾਣੀ-ਬੋਧ ਲਈ ਗੁਰਬਾਣੀ-ਵਿਆਕਰਣਕ ਨੇਮ ਅੰਕਿਤ ਕਰਦੇ ਹਨ, ਓਥੇ ਇਨ੍ਹਾਂ ਨੇਮਾਂ ਦੀ ਲੋੜ ਆਦਿ ਬਾਰੇ ਵੀ ਇਉਂ ਲਿਖਦੇ ਹਨ—

'ਬਾਣੀ ਦੇ ਸਮਝਣ ਵਿਚ ਸੌਖ ਪੈਦਾ ਕਰਨ ਲਈ, ਇਸ ਦੀ ਲਿਖਤ, ਖਾਸ ਕਰ ਕੇ ਸ਼ਬਦਾਂਤਿਕ ਲਗਾਂ ਮਾਤ੍ਰਾਂ ਦੇ ਕੁਝ ਨੇਮ ਦੇਣੇ ਜ਼ਰੂਰੀ ਹਨ। ਇਨ੍ਹਾਂ ਨੇਮਾਂ ਦਾ ਪੂਰਾ ਪੂਰਾ ਪਤਾ, ਗੁਰੂ ਮਹਾਰਾਜ ਤੋਂ ਬਿਨਾਂ, ਕਿਸੇ ਨੂੰ ਨਹੀਂ ਹੋ ਸਕਦਾ, ਪਰ ਬਾਣੀ ਨੂੰ ਅਭਿਆਸ ਨਾਲ ਪੜ੍ਹਨ ਨਾਲ, ਗੁਰੂ ਜੀ ਦੀ ਬੇਅੰਤ ਵਿਦਵਤਾ ਦੇ ਬਹਾਉ ਦੇ ਪਿਛੇ ਪਿਛੇ ਚਲ ਕੇ, ਕੁਝ ਕੁ ਥਹੁ ਲਗਣਾ ਸੰਭਵ ਹੈ ਕਿ ਇਹ ਬਹਾਉ ਕਿਸ ਪਾਸੇ ਚਲਦਾ ਹੈ। ਬਾਣੀ ਬੇਨਿਯਮੀ ਨਹੀਂ ਲਿਖੀ ਹੋਈ, ਕਿਸੇ ਨ ਕਿਸੇ ਤਰੀਕੇ ਨਾਲ ਲਿਖੀ ਹੈ। ਉਹ ਤਰੀਕਾ ਸਦੀਆਂ ਦੀ ਅਣਗਹਿਲੀ ਪਿਛੋਂ ਲਭਣਾ ਬਹੁਤ ਮੁਸ਼ਕਲ ਹੋ ਗਿਆ ਹੈ, ਪਰ ਫਿਰ ਵੀ ਸਾਰਾ ਜਤਨ ਨਿਰਾਰਥ ਨਹੀਂ ਜਾਂਦਾ। ਕੁਝ ਨ ਕੁਝ ਪੱਲੇ ਪੈ ਹੀ ਜਾਂਦਾ ਹੈ, ਨਹੀਂ ਤਾਂ ਟੀਕੇ ਕਰਨੇ ਜਾਂ ਕਥਾ ਵਖਿਆਨ ਦੁਆਰਾ ਬਾਣੀ ਦੇ ਪਾਠ ਜਾਂ ਭਾਵ ਬਾਬਤ ਕੁਝ ਵੀ ਕਹਿਣਾ ਨਹੀਂ ਬਣਦਾ। (ਪੰ. ਅ)

ਪ੍ਰੋ. ਸਾਹਿਬ ਸਿੰਘ ਨੇ ਗੁਰਬਾਣੀ ਵੀਚਾਰਨ ਲਈ, 'ਗੁਰਬਾਣੀ ਵਿਆਕਰਣ' ਦੀ ਮਹੱਤਤਾ ਨੂੰ, ਇਸ ਦੀ ਨੌਵੀਂ ਛਾਪ, ਪੰਨਾ 16-17 ਉੱਤੇ ਇਉਂ ਦਰਸਾਇਆ ਹੈ :

ਹਿੰਦੂ ਸੱਜਣ ਵੇਦਾਂ ਨੂੰ 'ਆਕਾਸ਼ ਬਾਣੀ' ਮੰਨਦੇ ਚਲੇ ਆ ਰਹੇ ਹਨ, ਪਰ ਕਦੇ ਕਿਸੇ ਵਿਦਵਾਨ ਨੇ ਇਹ ਇਤਰਾਜ਼ ਨਹੀਂ ਕੀਤਾ ਕਿ ਇਸ 'ਆਕਾਸ਼ ਬਾਣੀ' ਦਾ ਵਿਆਕਰਣ ਨਹੀਂ ਹੋ ਸਕਦਾ, ਜਾਂ ਨਹੀਂ ਹੋਣਾ ਚਾਹੀਦਾ। ਸਗੋਂ, ਇਸ 'ਆਕਾਸ਼ ਬਾਣੀ' ਨੂੰ ਸਦਾ, ਠੀਕ ਤਰ੍ਹਾਂ ਸਮਝਣ ਲਈ ਜਿਥੇ ਵੱਡੇ ਵੱਡੇ ਮਹਾਂਰਿਸ਼ੀ ਵੇਦਾਂ ਦੇ ਅਰਥ

ਲਿਖਦੇ ਰਹੇ, ਉਥੇ ਉਨ੍ਹਾਂ ਨੇ ਵੇਦਾਂ ਦੀ ਸੰਸਕ੍ਰਿਤ ਦਾ ਵਿਆਕਰਣ ਵੀ ਬਣਾ ਦਿਤਾ।'

'ਜੇ ਪੁਰਾਤਨ ਰਿਸ਼ੀ ਇਹ ਖਿਆਲ ਕਰਦੇ ਕਿ ਵੇਦਾਂ ਦਾ ਵਿਆਕਰਣ ਲਿਖਣਾ 'ਆਕਾਸ਼ ਬਾਣੀ' ਦੀ ਨਿਰਾਦਰੀ ਹੈ, ਤਾਂ ਅਜ ਉਨ੍ਹਾਂ ਵੇਦਾਂ ਨੂੰ ਸਮਝਣਾ ਅਸੰਭਵ ਹੁੰਦਾ। ਬੋਲੀ ਸਦਾ ਬਦਲਦੀ ਆਈ ਹੈ। ਅਜ ਦੀ ਪੰਜਾਬੀ ਉਹ ਨਹੀਂ ਜੋ ਅਜ ਤੋਂ ਪੰਜ ਸੌ ਸਾਲ ਪਹਿਲਾਂ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਉਸ ਪੰਜਾਬੀ ਬੋਲੀ ਵਿਚ ਉਚਾਰਣ ਕੀਤੀ ਗਈ ਹੈ, ਜੋ ਉਸ ਵੇਲੇ ਪ੍ਰਚੱਲਤ ਸੀ। ਤਦੋਂ ਦਾ ਕੋਸ਼ ਅਜ ਦੇ ਕੋਸ਼ ਨਾਲੋਂ ਕੁਝ ਵਖਰਾ ਸੀ; ਤਦੋਂ ਦਾ ਵਿਆਕਰਣ ਵੀ ਅਜ ਦੇ ਵਿਆਕਰਣ ਨਾਲੋਂ ਵਿਲੱਖਣ ਸੀ।'

'ਗੁਰਬਾਣੀ ਦਾ ਵਿਆਕਰਣ ਲਿਖਣ ਦਾ ਉੱਦਮ ਕਰਨ ਵਾਲਿਆਂ ਵਿਰੁੱਧ ਇਤਰਾਜ਼ ਕੀਤਾ ਤੇ ਆਖਿਆ ਜਾਂਦਾ ਹੈ ਕਿ ਗੁਰਬਾਣੀ ਅਗਾਧ ਹੈ, ਇਸ ਦੀ ਥਾਹ ਕੋਈ ਨਹੀਂ ਪਾ ਸਕਦਾ। ਇਸ ਦਾ ਵਿਆਕਰਣ ਲਿਖਣਾ ਇਉਂ ਹੈ, ਜਿਵੇਂ ਸਮੁੰਦਰ ਨੂੰ ਕੁੱਜੇ ਵਿਚ ਪਾਉਣ ਦਾ ਜਤਨ ਕਰਨਾ। ਇਹ ਇਤਰਾਜ਼ ਕਰਨ ਵਾਲੇ ਸਜਣਾਂ ਜੋਗ ਇਹ ਸੂਚਨਾ ਕਰ ਦੇਣੀ ਕਾਫ਼ੀ ਹੈ ਕਿ ਬਾਣੀ ਦੇ ਦੋ ਰੂਪ ਹਨ— 'ਵਰਣਾਤਮਕ ਜਾਂ ਉਚਾਰਣਾਤਮਕ' ਰੂਪ ਅਤੇ 'ਭਾਵਾਤਮਕ' ਰੂਪ। ਇਤਿਹਾਸ ਵਿਚ ਕਈ ਥਾਂਈਂ ਲਿਖਿਆ ਮਿਲਦਾ ਹੈ ਕਿ ਜਦ ਕਦੇ ਗੁਰੂ ਨਾਨਕ ਦੇਵ ਜੀ ਕਿਸੇ ਪਿਆਰ ਆਦਿਕ ਦੇ ਵਲਵਲੇ ਵਿਚ ਜੁੜਦੇ ਸਨ, ਤਾਂ ਮਰਦਾਨੇ ਨੂੰ ਕਹਿੰਦੇ ਸਨ : ਮਰਦਾਨਿਆ ! ਵਜਾ ਰਬਾਬ, ਬਾਣੀ ਆਈ ਏ।' ਫੇਰ, ਉਹ ਬਾਣੀ ਕਦੀ ਫਾਰਸੀ ਅੱਖਰਾਂ ਦੀ ਪੋਸ਼ਾਕ, ਕਦੀ ਸਹਸਕ੍ਰਿਤੀ ਦੇ ਵੇਸ ਵਿਚ ਅਤੇ ਕਦੀ ਠੇਠ ਪੰਜਾਬੀ ਦੇ ਰੂਪ ਵਿਚ ਪ੍ਰਗਟ ਹੁੰਦੀ ਸੀ। ਬਾਹਰਲਾ ਰੂਪ ਭਾਵੇਂ ਕੋਈ ਹੁੰਦਾ ਸੀ, ਧੁਰ ਜਜ਼ਬਾ ਇਕੋ ਹੀ ਸੀ, ਧੁਰ ਅੰਦਰਲੀ ਬਾਣੀ ਇਕ ਹੁੰਦੀ ਸੀ। ਉਸੇ ਧੁਰ ਅੰਦਰਲੀ ਗੁਪਤੀ ਬਾਣੀ, ਉਸੇ ਰੱਬੀ ਵਲਵਲ ਬਾਬਤ ਹੀ ਸਾਹਿਬ ਲਿਖਦੇ ਹਨ—

'ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾਂ ਪੁਰਖ ਕੀ, ਨਿਜ ਘਰਿ ਵਾਸਾ ਹੋਇ ॥ (ਮ. 1, ਪੰ. 935)

'...ਪਰ, ਇਹ ਡੂੰਘਾਈ ਤੇ ਅਗਾਧਤਾ ਕੇਵਲ 'ਭਾਵਾਤਮਕ' ਬਾਣੀ ਵਾਸਤੇ ਹੈ, ਕੇਵਲ ਅੰਦਰਲੇ ਉੱਚੇ ਜਜ਼ਬੇ ਵਾਸਤੇ। ਵਿਆਕਰਣ ਦਾ ਸੰਬੰਧ 'ਵਰਣਾਤਮਕ ਰੂਪ' ਨਾਲ ਹੈ। ਬੋਲੀ ਨਾਲ ਹੈ।'

'ਗੁਰਬਾਣੀ ਵਿਆਕਰਣ' ਵਿਚੋਂ ਇਹ ਲੰਬੀ ਤੇ ਅਤਿ ਅਹਿਮ ਟੂਕ ਦੇਣ ਉਪ੍ਰੰਤ, ਅਸੀਂ, ਵੰਨਗੀ ਵਜੋਂ, ਹੇਠਾਂ, ਗੁਰਬਾਣੀ-ਲਿਖਤ ਦੇ ਕੁਝ ਐਸੇ ਹਵਾਲੇ ਦਿੰਦੇ ਹਾਂ, ਜੋ 'ਦੋ ਤੇ ਦੋ ਚਾਰ' ਵਾਂਗ ਗੁਰਬਾਣੀ ਦੀ ਨੇਮ-ਬੱਧ, ਵਿਲੱਖਣ ਸ਼ੈਲੀ ਦੀ ਗਵਾਹੀ ਭਰਦੇ ਹਨ, ਵੇਖੋ, ਇਕੋ ਤਰ੍ਹਾਂ ਦੇ ਉਚਾਰਣ ਵਾਲੇ ਸ਼ਬਦਾਂ ਵਿਚ ਸਾਰਥਕ ਅੰਤਰ—

1) ੳ ਨਾਨਕ ਭਗਤਾ ਸਦਾ ਵਿਗਾਸੁ ॥ (ਸੰਬੋਧਨ ਕਾਰਕ), (ਜਪੁਜੀ)

ਅ ਜਨ ਨਾਨਕ ਕੇ ਪ੍ਰਭ ਆਇ ਮਿਲੁ...॥ (ਸੰਬੰਧ ਕਾਰਕ) (ਮ. 5/1315)
ਇ ਕਹੈ ਨਾਨਕੁ ਚਾਲ ਭਗਤਾਂ...॥ (ਕਰਤਾ ਕਾਰਕ), (ਅਨੰਦ, ਪੌੜੀ 14)
ਸ ਜਨ ਨਾਨਕਿ (ਨਾਨਕ ਨੇ) ਅਤੁਟੁ ਧਨੁ ਪਾਇਆ ॥
(ਕਰਤਾ ਕਾਰਕ, ਭੂਤ ਕਾਲ)

2) ੳ ਜਿਉ ਜਲੁ, ਜਲਮਹਿ ਪੈਸਿ ਨ ਨਿਕਸੈ...॥
(ਕਾਰਕੀ ਵਰਤੋਂ ਵੱਖ ਵੱਖ) (ਪੰ. 692)

3) ਘਰ ਮਹਿ, ਘਰੁ ਦੇਖਾਇ ਦੇਇ...॥ ਦੋਹਾਂ ਦੀ ਕਾਰਕੀ ਵਰਤੋਂ ਤੇ ਜੋੜ ਵੱਖ ਵੱਖ ਹੈ। (ਪੰ. 1290)

4) ਆਹਰ (ਬਹੁਵਚਨ) ਸਭਿ ਕਰਦਾ ਫਿਰੈ,
ਆਹਰੁ (ਇਕ ਵਚਨ) ਇਕੁ ਨ ਹੋਇ ॥
ਨਾਨਕ, ਜਿਤੁ ਆਹਰਿ (ਆਹਰ ਦੁਆਰਾ)
ਜਗੁ ਉਧਰੈ, ਵਿਰਲਾ ਬੂਝੈ ਕੋਇ ॥ (ਪੰ. 965)

ਆਹਰਿ—ਜਿਸ ਆਹਰ ਦੁਆਰਾ (ਕਰਣ ਕਾਰਕ Instrumental Case)

5) ਨਾਨਕ, ਪ੍ਰਭ ਸਰਣਾਗਤੀ ਕਰਿ ਪ੍ਰਸਾਦੁ, (ਕਿਰਪਾ), ਗੁਰਦੇਵ ! (ਸਲੋਕ, ਛੇਵੀਂ ਅਸਟਪਦੀ) ਪ੍ਰੰਤੂ, ਅੱਗੇ ਸੁਖਮਨੀ ਸਾਹਿਬ ਦੀ, ਏਸੇ ਅਸਟਪਦੀ ਵਿਚ, 37 ਵੇਰ 'ਪ੍ਰਸਾਦਿ' ਰੂਪ ਇਸ ਪਦ ਦੀ ਵਰਤੋਂ ਹੋਈ ਹੈ। ਓਥੇ ਇਹ 'ਕਰਣਕਾਰਕ' ਵਿਚ ਹੈ ਅਤੇ ਅਰਥ ਹਨ—ਕਿਰਪਾ ਦੁਆਰਾ ਜਿਵੇਂ 'ਜਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥ ਜਿਸ ਦੀ ਕ੍ਰਿਪਾ ਰਾਹੀਂ'.. ।

6) ਸੰਪੂਰਨ ਮੂਲ ਮੰਤਰ ਅਥਵਾ ਮੰਗਲ ਵਿਚ—ਨਾਮੁ, ਪੁਰਖੁ, ਨਿਰਵੈਰੁ ਪਦਾਂ ਦੇ ਅੰਤਲੇ ਅੱਖਰ ਨਾਲ ਔਂਕੜ ਦੀ ਵਰਤੋਂ ਹੋਈ ਹੈ, ਪਰ, '**ਗੁਰ ਪ੍ਰਸਾਦਿ**' ਦੇ **ਗੁਰ** ਦੇ 'ਰ' ਨਾਲ ਨਹੀਂ। ਇਹ ਇਸ ਲਈ ਕਿ ਗੁਰ (ਗੁਰੂ ਦੀ ਕਿਰਪਾ ਦੁਆਰਾ) ਏਥੇ ਸੰਬੰਧਕੀ ਰੂਪ ਵਿਚ ਹੈ, ਅਤੇ ਨੇਮ ਅਨੁਸਾਰ ਜਦ ਦੋ ਨਾਂਵ ਸੰਬੰਧਕੀ ਰੂਪ ਵਿਚ ਵਰਤੇ ਜਾਣ ਤਾਂ ਪਹਿਲੇ ਨਾਂਵ ਦੇ, ਅੰਤਲੇ ਔਂਕੜ ਦਾ, ਅਭਾਵ ਹੋ ਜਾਂਦਾ ਹੈ, ਜਿਵੇਂ—ਰਾਮ ਨਾਮੁ (ਰਾਮ ਦਾ ਨਾਮ) ਗੁਰ ਬਚਨੁ (ਗੁਰੂ ਦਾ ਬਚਨ) ਗੁਰਬਾਣੀ (ਗੁਰੂ ਦੀ ਬਾਣੀ) ਗੁਰ ਮਾਰਗੁ, (ਗੁਰੂ ਦਾ ਮਾਰਗ), ਗੁਰ ਉਪਦੇਸੁ (ਗੁਰੂ ਦਾ ਉਪਦੇਸ਼) ਆਦਿਕ।

ਇਕ ਨਿੱਜੀ ਘਟਨਾ—ਇਹ ਲੇਖਕ ਪ੍ਰਚੱਲਤ ਸਟੀਕਾਂ ਦੀ ਰੌਸ਼ਨੀ ਵਿਚ, ਵਰ੍ਹਿਆਂ ਬੱਧੀ ਜਪੁਜੀ ਵਿਚ ਆਈ ਇਸ ਤੁਕ—ਪੰਚਾ ਕਾ ਗੁਰੁ ਏਕੁ ਧਿਆਨੁ ॥ ਦਾ ਇਹੀ ਅਰਥ ਕਰਦਾ ਰਿਹਾ ਕਿ 'ਪੰਚਾਂ (ਸ੍ਰੇਸ਼ਟ ਪੁਰਸ਼ਾਂ) ਦਾ ਇਕ ਗੁਰੂ ਵਿਚ ਧਿਆਨ ਹੁੰਦਾ ਹੈ।' ਪਰ, ਜਦ ਗੁਰਬਾਣੀ ਦੇ ਵਿਆਕਰਣ ਦੀ ਰੌਸ਼ਨੀ ਵਿਚ ਧਿਆਨ ਨਾਲ ਇਹ ਵੇਖਿਆ ਕਿ 'ਗੁਰੁ' ਪਦ ਦਾ 'ਰ' ਏਥੇ ਸਿਹਾਰੀ ਅੰਤ ਨਹੀਂ; ਸਗੋਂ ਔਂਕੜ ਅੰਤ ਹੈ, ਤਾਂ ਇਸ ਦੇ ਸ਼ੁੱਧ ਅਰਥ ਬਣੇ: 'ਪੰਚਾਂ ਦਾ ਗੁਰੂ, ਕੇਵਲ ਇਕ ਧਿਆਨ ਹੈ—ਅਜਪਾ

ਜਾਪ ਹੈ, ਇਕ ਸੁਰਤਾ ਹੈ, ਇਕ ਸਿਮਰਨ ਹੈ। ਹਾਂ, ਜੇ ਗੁਰਿ' ਦਾ 'ਰ' ਸਿਹਾਰੀ ਅੰਤ ਹੁੰਦਾ, ਤਾਂ ਇਸ ਦੇ ਅਰਥ ਬਣਦੇ—'ਪੰਚਾਂ ਦਾ ਕੇਵਲ ਇਕ 'ਗੁਰੂ ਵਿਚ' ਧਿਆਨ ਹੁੰਦਾ ਹੈ; ਪ੍ਰੰਤੂ, ਬਾਣੀ ਦੀ ਲਿਖਣ-ਸ਼ੈਲੀ ਦੇ ਬੱਝਵੇਂ ਨੇਮ ਐਸੇ ਅਸ਼ੁੱਧ ਅਰਥ ਕਰਨ ਵਿਚ ਰੁਕਾਵਟ ਹਨ।

(4)

## ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਪੰਜਵੇਂ ਗੁਰੂ ਜੀ ਪਾਸ ਕਿਵੇਂ ਪਹੁੰਚੀ ?

ਪ੍ਰੋਫੈਸਰ ਸਾਹਿਬ ਸਿੰਘ ਨੇ ਬਾ-ਦਲੀਲ ਸਿੱਧ ਕੀਤਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ, ਸ੍ਰੀ ਗੁਰੂ ਅੰਗਦ ਦੇਵ ਜੀ ਪਾਸ ਮੌਜੂਦ ਸੀ, ਅਤੇ ਏਸੇ ਤਰ੍ਹਾਂ, ਤੀਜੇ ਤੇ ਚੌਥੇ ਸਤਿਗੁਰਾਂ ਨੇ ਆਦਿ ਗੁਰੂ ਜੀ ਵਲੋਂ 'ਜੋਤਿ' (ਸ਼ਬਦ-ਗੁਰੂ) ਦੀ ਤਾਬਿਆ ਤੋਰੀ ਜੁਗਤ ਨੂੰ ਕਾਇਮ ਦਾਇਮ ਰਖਣ ਲਈ ਆਪਣੀ ਆਪਣੀ ਵਾਰੀ ਇਹ ਖਜ਼ਾਨਾ ਸਾਂਭਿਆ ਅਤੇ ਅੱਗੇ ਤੋਰਿਆ। ਇਸ ਵੀਚਾਰ-ਧਾਰਾ ਦੀ ਪੁਸ਼ਟੀ ਵਿਚ ਵੰਨਗੀ ਵਜੋਂ, ਇਹ ਚੰਦ ਹਵਾਲੇ ਪੇਸ਼ ਹਨ :

ੳ) ਪੁਰਾਤਨ ਜਨਮ ਸਾਖੀ 'ਚੋਂ ਸਾਖੀ 57 : 'ਤਤ ਮਹਲਿ ਜੋ ਸ਼ਬਦ ਹੋਆ, ਸੋ ਪੋਥੀ ਗੁਰ ਅੰਗਦ ਜੋਗ ਮਿਲੀ :'

ਪਰਖ : ਇਹ ਪੋਥੀ ਬਾਣੀ ਦਾ ਸੰਗ੍ਰਹਿ ਸੀ, ਜੋ ਆਦਿ ਗੁਰੂ ਜੀ ਲਿਖ ਕੇ, ਆਪਣੇ ਪਾਸ, ਸਾਂਭਦੇ ਰਹੇ।

ਅ) ਭਾਈ ਗੁਰਦਾਸ ਜੀ, ਇਸ ਸੰਚੈ ਦਾ ਜ਼ਿਕਰ ਮੱਕੇ ਜਾਣ ਵਾਲੀ ਵਾਰਤਾ ਵਿਚ ਇਉਂ ਕਰਦੇ ਹਨ :

'ਆਸਾ (ਡੰਡਾ) ਹਥਿ, ਕਿਤਾਬ (ਬਾਣੀ ਦੀ ਪੋਥੀ) ਕੱਛਿ,
ਕੂਜਾਂ ਬਾਂਗ, ਮੁਸੱਲਾ ਧਾਰੀ। (ਵਾਰ ਪਹਿਲੀ, ਪੰ. 327)

ੲ) ਮ. ਪਹਿਲਾ : ਭੁਖਿਆ ਭੁਖ ਨ ਉਤਰੀ, ਜੇ ਬੰਨਾ ਪੁਰੀਆ ਭਾਰ॥ (ਜਪੁ ਜੀ)
ਮ. ਦੂਜਾ : ਭੁਖਿਆ ਭੁਖ ਨ ਉਤਰੇ, ਗਲੀ ਭੁਖ ਨ ਜਾਇ ॥ (ਮਾਝ ਦੀ ਵਾਰ)

ਸ) ਮ. ਪਹਿਲਾ : ਚਾਕਰ ਲਗੈ ਚਾਕਰੀ, ਜੇ ਚਲੈ ਖਸਮੈ ਭਾਇ ॥
ਮ. ਦੂਜਾ : ਚਾਕਰ ਲਗੈ ਚਾਕਰੀ, ਨਾਲੇ ਗਾਰਬੁ ਵਾਦੁ ॥ (ਵਾਰ ਆਸਾ)

ਹ) ਮ. ਪਹਿਲਾ : ਹਮ ਘਰਿ ਸਾਚਾ ਸੋਹਿਲੜਾ...॥ (ਪੰ. 436, ਆਸਾ)
ਮ. ਤੀਜਾ : ਹਮ ਘਰਿ ਸਾਚਾ ਸੋਹਿਲਾ...॥ (ਆਸਾ, ਪੰ. 429)

ਕ) ਮ. ਪਹਿਲਾ: ਵਰੁ ਪਾਇਅੜਾ ਬਾਲੜੀਏ, ਆਸਾ ਮਨਸਾ ਪੂਰੀ ਰਾਮ ॥ (ਸੂਹੀ 765)
ਮ. ਤੀਜਾ : ਪਿਰੁ ਪਾਇਅੜਾ ਬਾਲੜੀਏ, ਅਨਦਿਨੁ ਸਹਜੇ ਮਾਤੀ ਰਾਮ ॥
(ਸੂਹੀ, ਪੰ. 771)

ਏਸੇ ਤਰ੍ਹਾਂ, ਪਹਿਲੇ ਪੰਜਾਂ ਹੀ ਗੁਰੂ ਸਾਹਿਬਾਨ ਦੀ ਬਾਣੀ ਵਿਚ ਕਈਆਂ ਪੱਖਾਂ ਤੋਂ ਅਤੁੱਟ ਤੇ ਅਮਿਟ ਸਾਂਝ ਹੈ, ਜੋ ਰੱਬ ਸਬੱਬੀ ਹੀ ਆਖੀ ਤੇ ਮੰਨੀ ਨਹੀਂ ਜਾ ਸਕਦੀ। ਸਹੀ ਸੁਭਾਵਕ ਗਲ ਇਹੀ ਹੈ ਕਿ ਸਰਬੱਤ ਨਾਲ, ਗੁਣਾਂ ਦੀ ਧਾਂਝ, ਕਰਨ ਦੇ ਮੁਤਲਾਸ਼ੀ, ਸ੍ਰੀ ਗੁਰੂ ਨਾਨਕ ਦੇਵ ਜੀ, ਉਦਾਸੀਆਂ (ਪ੍ਰਚਾਰ ਫੇਰੀਆਂ ਸਮੇਂ, ਜੋ ਬਾਣੀ ਉਪਦੇਸ਼ ਆਦਿ ਵਜੋਂ, ਸੰਬੰਧਤਾਂ ਪ੍ਰਤੀ ਉਚਾਰਦੇ ਰਹੇ, ਜਾਂ ਵਿਸਮਾਦੀ ਅਵਸਥਾ ਵਿਚ, ਵਲਵਲੇ ਦੇ ਦੇਸੋਂ, ਜੋ ਧੁਰ ਕੀ ਬਾਣੀ 'ਆਉਂਦੀ' ਰਹੀ, ਉਹ ਆਪ ਖ਼ੁਦ ਹੀ ਲਿਖਦੇ, ਲਿਖਵਾਂਦੇ, ਅਤੇ ਲੋਕਾਈ ਦੀ ਸਦੀਵੀ ਅਗਵਾਈ ਦੇ ਪਵਿੱਤਰ ਤੇ ਉਪਕਾਰੀ ਮਕਸਦ ਲਈ ਆਪਣੇ ਪਾਸ ਸਾਂਭਦੇ ਰਹੇ। ਆਖਰ, ਇਹ 'ਆਮਦ' ਉਤੋਂ, ਧੁਰੋਂ ਆਈ, ਅੰਮ੍ਰਿਤ ਬਾਣੀ ਸੀ, ਨਾ ਕਿ 'ਆਵ੍ਰਰਦਨ' ਉੱਤੇ ਲਿਆਂਦੀ, ਮਹਜ਼ ਬੁਧੀ ਮੰਡਲ ਦੀ ਖੇਡਾ ਪ੍ਰੋ. ਸਾਹਿਬ ਦੀ ਇਸ ਦਲੀਲ ਵਿਚ ਵੱਡਾ ਵਜ਼ਨ ਹੈ ਕਿ ਪਿੰਡੋਂ ਬਾਹਰ ਧਰਕਾਰੇ ਤੇ ਪੱਕੇ ਰੋਗ ਨਾਲ ਗ੍ਰਸੇ, 'ਕੋਹੜੀ', ਜਾਂ 'ਸੱਜਣ ਠਗ' ਪਾਸ ਕੌਣ ਹੋ ਸਕਦਾ ਹੈ, ਜਿਸ ਨੇ ਉਨ੍ਹਾਂ ਪ੍ਰਤੀ ਉਚਾਰੀ ਬਾਣੀ ਨੂੰ ਤੁਰਤ, ਨਾਲੋਂ ਨਾਲ, ਕਲਮ-ਬੰਦ ਕਰ ਲਿਆ ਸੀ। ਕੌਣ ਇਸ ਕਾਰਜ ਲਈ ਪਹਿਲਾਂ ਹੀ ਓਥੇ, ਇਸ ਆਸ ਉੱਤੇ ਕਲਮ-ਦਵਾਤ ਲਈ ਬੈਠਾ ਸੀ, ਕਿ ਗੁਰੂ ਜੀ ਨੇ ਓਥੇ ਆਉਣਾ ਅਤੇ ਆਵੱਸ਼ ਬਾਣੀ ਦਾ ਉਚਾਰਣ ਕਰਨਾ ਹੈ? ਫੇਰ, ਇਹ ਵੀ ਜ਼ਰੂਰੀ ਨਹੀਂ ਕਿ ਜਿਸ ਨੂੰ ਸੰਬੋਧਨ ਕਰ ਕੇ ਬਾਣੀ ਉਚਾਰੀ ਗਈ ਉਹ ਪੜ੍ਹਿਆ ਲਿਖਿਆ ਵੀ ਹੋਵੇ। ਐਸੇ ਸਮੇਂ ਜਦ ਗੁਰੂ ਬਾਬਾ ਜੀ ਰੱਬੀ ਬਾਣੀ ਉਚਾਰਦੇ ਸਨ, ਤਾਂ ਭਾਈ ਮਰਦਾਨਾ ਤਾਂ ਰਬਾਬ ਵਜਾਉਣ ਵਿਚ ਰੁੱਝਾ ਹੁੰਦਾ ਸੀ। ਸੋ, ਸਿੱਧ ਹੋਇਆ ਕਿ 'ਬਾਣੀ' ਨੂੰ ਲਿਖਤੀ ਰੂਪ ਵਿਚ ਸਾਂਭਣ ਦਾ ਕਾਰਜ ਗੁਰੂ ਜੀ, ਕਿਸੇ ਨ ਕਿਸੇ ਤਰ੍ਹਾਂ, ਆਪ ਹੀ ਸਰੰਜਾਮ ਦਿੰਦੇ ਸਨ।

'ਸਿਧ ਗੋਸਟਿ' ਦੀ ਗਲ ਹੀ ਲੈ ਲਵੋ: ਪ੍ਰੋਫੈਸਰ ਸਾਹਿਬ, ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ ਪਉੜੀ 44 ਵਿਚ ਪ੍ਰਾਪਤ ਗਵਾਹੀ ਦੇ ਆਧਾਰ ਉੱਤੇ ਲਿਖਦੇ ਹਨ ਕਿ ਸਤਿਗੁਰੂ ਜੀ 'ਅਚੱਲ ਵਟਾਲੇ' ਦੇ ਮੇਲਿਓਂ ਉੱਠ ਕੇ, ਮੁਲਤਾਨ ਦੀ ਜ਼ਿਆਰਤ ਲਈ ਚਲੇ ਗਏ ਅਤੇ ਮੁਲਤਾਨ-ਫੇਰੀ ਉਪ੍ਰੰਤ ਹੀ ਕਰਤਾਰਪੁਰ ਪਰਤੇ, (ਪੌੜੀ 45)। ਸੋ, ਸ੍ਰੀ ਕਰਤਾਰਪੁਰ ਪਹੁੰਚ ਕੇ ਹੀ ਗੁਰੂ ਜੀ ਨੇ 'ਸਿਧਿ ਗੋਸਟਿ' ਦੀ ਬਾਣੀ ਲਿਖੀ, ਜੋ ਹਰ ਹਾਲਤ ਸਤੰਬਰ, 1539 ਤੋਂ ਪਹਿਲਾਂ ਸੰਪੂਰਨ ਹੋਇਆ ਕਾਰਜ ਹੈ।

ਦੂਜੇ, 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਨ, ਪੋਥੀ ਸਤਵੀਂ', ਪੰਨਾ 20 ਅਨੁਸਾਰ 'ਸਿਧਿ ਗੋਸ਼ਟ' ਦੇ ਪਾਠ ਤੋਂ ਸਪਸ਼ਟ ਹੈ ਕਿ ਗੁਰੂ ਜੀ, ਸਿਧਾਂ ਵਲੋਂ 'ਅਚਲ ਵਟਾਲੇ' ਦੇ ਮੇਲੇ ਸਮੇਂ ਪੁੱਛੇ ਗਏ ਪ੍ਰਸ਼ਨਾਂ ਦੇ ਮਫ਼ਹੂਮ ਨੂੰ, ਪੂਰੀ ਦਿਆਨਤਦਾਰੀ ਨਾਲ, ਪਹਿਲਾਂ ਆਪਣੇ ਸ਼ਬਦਾਂ ਵਿਚ ਅੰਕਿਤ ਕਰਦੇ ਹਨ, ਅਤੇ ਫੇਰ ਉਨ੍ਹਾਂ ਦਾ ਯੋਗ ਉਤਰ ਬਖਸ਼ਦੇ ਤੇ ਕਲਮ-ਬੰਦ ਕਰਦੇ ਹਨ। ਐਸਾ ਨਹੀਂ ਹੈ ਕਿ ਜਿਸ ਸਮੇਂ ਸਿੱਧਾਂ ਨਾਲ ਇਹ ਗੋਸ਼ਟੀ ਹੋਈ ਸੀ, ਓਦੋਂ ਤੁਰਤ, ਓਸੇ ਸਮੇਂ, ਮੌਕੇ ਉੱਤੇ ਹੀ, ਇਹ ਵਰਤਮਾਨ ਰੂਪ ਵਿਚ ਅੰਕਿਤ ਵੀ ਕੀਤੀ ਜਾ ਸਕੀ ਸੀ। ਗੋਸ਼ਟ ਦਾ ਵਰਤਮਾਨ (ਦਿਸਦਾ) ਰੂਪ ਸਤਿਗੁਰਾਂ ਦੀ ਬੋਲੀ ਵਿਚ ਹੈ।

(5)

## ਭਗਤਾਂ ਦੀ ਬਾਣੀ ਕਦ ਤੇ ਕਿਵੇਂ ਇਕੱਤਰ ਹੋਈ ?

ਪ੍ਰੋਫੈਸਰ ਸਾਹਿਬ ਸਿੰਘ-ਯੁੱਗ ਤੋਂ ਪਹਿਲਾਂ ਭਗਤ ਬਾਣੀ ਇਕੱਤਰ ਅਥਵਾ ਪ੍ਰਾਪਤ ਹੋਣ ਬਾਰੇ ਇਹ ਤਿੰਨ ਧਾਰਾਵਾਂ ਪ੍ਰਚੱਲਤ ਸਨ—

**ਪਹਿਲੀ**—ਭਗਤ-ਰੂਹਾਂ ਆਪਣੀ ਆਪਣੀ ਬਾਣੀ ਅੰਕਿਤ ਕਰਾਉਣ ਹਿਤ ਆਪ ਹਾਜ਼ਰ ਹੋਈਆਂ, ਅਤੇ 'ਸੂਰਜ ਪ੍ਰਕਾਸ਼' (ਕਵੀ ਸੰਤੋਖ ਸਿੰਘ ਜੀ) ਅਨੁਸਾਰ ਭਾਈ ਗੁਰਦਾਸ ਜੀ ਦਾ ਸੰਸਾ ਨਵਿਰਤ ਲਈ, ਸ੍ਰੀ ਗੁਰੂ ਅਰਜੁਨ ਦੇਵ ਜੀ ਨੇ, ਹੋ ਚੁੱਕੇ ਇਨ੍ਹਾਂ ਭਗਤਾਂ ਦੇ ਦਰਸ਼ਨ ਵੀ, ਭਾਈ ਸਾਹਿਬ ਨੂੰ ਕਰਾਏ।

**ਪਰਖ**—ਇਹ ਵੀਚਾਰ ਨਾ ਤਾਂ ਇਤਿਹਾਸ ਆਧਾਰਤ ਹੈ, ਅਤੇ ਨਾ ਹੀ ਵਿਗਿਆਨਿਕਾਂ, ਕੇਵਲ ਰੌਚਕਤਾ, ਸ਼ਰਧਾ ਤੇ ਜਜ਼ਬਾਤ ਦੀ ਉਪਜ ਹੈ।

**ਦੂਜੀ**—ਪ੍ਰਿੰਸੀਪਲ ਧਰਮਾਨੰਤ ਸਿੰਘ ਤੇ ਪੰਡਤ ਤਾਰਾ ਸਿੰਘ ਆਦਿ ਵਿਦਵਾਨਾਂ ਦੀ ਮਨੌਤ ਹੈ ਕਿ ਭਗਤਾਂ ਦੇ ਵੀਚਾਰ-ਭਾਵਾਂ ਨੂੰ, ਉਨ੍ਹਾਂ ਦੇ ਨਾਵਾਂ ਉਤੇ, ਪੰਚਮ ਗੁਰਦੇਵ ਜੀ ਨੇ, ਆਪ ਹੀ, ਬਾਣੀ ਰੂਪ ਦੇ ਦਿਤਾ।

**ਪਰਖ**—ਐਸੀ ਰਵਸ਼ ਤਾਂ ਸਾਧਾਰਨ ਵਿਅਕਤੀ ਲਈ ਵੀ ਸਹਾਫਤੀ ਈਮਾਨਦਾਰੀ ਦੇ ਪ੍ਰਤਿਕੂਲ ਤੇ ਅਨੁਚਿਤ ਹੈ। ਫੇਰ, ਸ੍ਰੀ ਸਤਿਗੁਰੂ ਇਹ ਕਿਵੇਂ ਕਰ ਸ਼ਕਦੇ ਸਨ ? ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਐਸੀ ਸਾਂਝ ਜਾਂ ਟਿਪਣੀ ਦੀ ਲੋੜ ਪਈ, ਓਥੇ ਸਪਸ਼ਟ 'ਮਹਲਾ' ਪਦ, ਨਾਲ ਅੰਕਿਤ ਹੈ, ਜਾਂ ਲਿਖਿਆ ਹੈ : ਨਾਲ ਰਲਾਇ ਲਿਖਿਆ ਮਹਲਾ 5, ਆਦਿਕ, ਦੂਜੇ ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਕੁਝ ਕੁ ਭਗਤਾਂ ਦੀ ਸ਼ਾਮਿਲ ਬਾਣੀ, ਐਸੀ ਮਨੌਤ ਦਾ ਕਤੱਈ ਖੰਡਨ ਕਰਦੀ ਹੈ। ਇਹ ਪੋਥੀਆਂ ਸ੍ਰੀ ਗੁਰੂ ਅਰਜੁਨ ਦੇਵ-ਕਾਲ ਤੋਂ ਪਹਿਲਾਂ ਦੀ ਲਿਖਤ ਹਨ।

ਗਿਆਨੀ ਗਿਆਨ ਸਿੰਘ ਜੀ ਤਵਾਰੀਖ ਗੁਰੂ ਖਾਲਸਾ ਵਿਚ ਇਸ ਦੀ ਇਉਂ ਪਰਖ ਕਰਦੇ ਹਨ—

ਪ੍ਰਤੇਕ ਰਾਗ ਦੇ ਅੰਤ ਵਿਚ, ਭਗਤਾਂ ਦੀ ਬਾਣੀ ਜੋ ਗੁਰੂ ਜੀ ਲਿਖਾਉਂਦੇ ਰਹੇ, ਏਸ ਬਾਰੇ ਦੋ ਮੱਤ ਹਨ। ਕਈ ਆਖਦੇ ਹਨ ਕਿ ਭਗਤ ਆਪ ਬੈਕੁੰਠ ਵਿਚੋਂ ਆ ਕੇ ਲਿਖਾਉਂਦੇ ਸਨ, ਤੇ ਉਨ੍ਹਾਂ ਦਾ ਦਰਸ਼ਨ ਭੀ, ਭਾਈ ਗੁਰਦਾਸ ਨੂੰ, ਉਸ ਦੇ ਸੰਸੇ ਦੂਰ ਕਰਨ ਲਈ, ਕਰਾਇਆ ਗਿਆ ਸੀ। ਕਈ ਆਖਦੇ ਹਨ ਕਿ ਭਗਤਾਂ ਦੀ ਬਾਣੀ ਜਿਹੜੀ ਜਿਹੜੀ ਗੁਰੂ ਜੀ ਨੂੰ ਪਸੰਦ ਆਈ, ਉਨ੍ਹਾਂ ਦੀਆਂ ਪੋਥੀਆਂ ਤੋਂ ਲਿਖਾਈ ਹੈ। ਸੋ, ਇਹ ਬਾਤ ਉਨ੍ਹਾਂ ਪੋਥੀਆਂ ਤੋਂ ਵੀ ਸਪਸ਼ਟ ਹੁੰਦੀ ਹੈ, ਜੋ ਗੁਰੂ ਜੀ (ਬਾਬਾ) ਮੋਹਨ ਪਾਸੋਂ ਲਿਆਏ ਸਨ, ਕਿਉਂਕਿ ਉਨ੍ਹਾਂ ਵਿਚ ਭਗਤ ਬਾਣੀ ਹੈ।

**ਪਰਖ**—ਗਿਆਨੀ ਗਿਆਨ ਸਿੰਘ ਦੀ ਉਪ੍ਰੋਕਤ ਲਿਖਤ, ਘੱਟ ਤੋਂ ਘੱਟ, ਸੂਰਜ ਪ੍ਰਕਾਸ਼ ਅਤੇ ਗੁਰ ਬਿਲਾਸ ਦੀ ਉਸ ਲਿਖਤ ਦਾ ਖੰਡਨ ਕਰਦੀ ਹੈ, ਜਿਸ ਵਿਚ, ਭਗਤਾਂ

ਦਾ ਬੈਕੁੰਠ ਤੋਂ ਹਾਜ਼ਰ ਹੋ ਕੇ ਆਪ, ਆਪਣੀ ਆਪਣੀ ਬਾਣੀ ਲਿਖਾਉਣ ਦਾ ਜ਼ਿਕਰ ਹੈ।

(ਸ) ਤੀਜੀ ਧਾਰਨਾ : ਬਾਣੀ ਅੰਦਰਲੀ ਅੱਕਟ ਤੇ ਭਰੋਸੇਯੋਗ ਗਵਾਹੀ ਦੇ ਆਧਾਰ ਉੱਤੇ ਇਹ ਨਿਰਣਾਇਕ ਗੱਲ ਕਹਿਣੀ ਪ੍ਰੋ. ਸਾਹਿਬ ਸਿੰਘ ਦੇ ਹੀ ਹਿੱਸੇ ਆਈ ਹੈ ਕਿ ਭਗਤਾਂ ਦੀ ਬਾਣੀ, ਵਿਸ਼ੇਸ਼ ਕਰਕੇ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਸਮੇਂ ਆਪ ਇਕੱਤਰ ਕੀਤੀ, ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਬਖਸ਼ਣ ਹਿੱਤ ਆਪਣੀ ਬਾਣੀ ਨਾਲ ਸਾਂਭ ਸੰਭਾਲ ਕੇ ਰੱਖੀ। ਅਸੀਂ, ਵਿਸਥਾਰ ਦੇ ਡਰੋਂ, ਪ੍ਰੋਫੈਸਰ ਸਾਹਿਬ ਦੀ ਇਸ ਸੰਬੰਧ ਵਿਚ ਕੀਤੀ ਲੰਮੀ ਚੌੜੀ ਖੋਜ ਵਿਚੋਂ ਕੇਵਲ ਸ਼ੇਖ ਫਰੀਦ ਸ਼ਕਰਗੰਜ ਦੀ ਬਾਣੀ ਹੀ ਸਬੂਤ ਵਜੋਂ ਪੇਸ਼ ਕਰਦੇ ਤੇ ਵੀਚਾਰਦੇ ਹਾਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਫਰੀਦ ਜੀ ਦੇ ਨਾਮ ਹੇਠ ਆਈ ਬਾਣੀ ਵਿਚ 4 ਸ਼ਬਦ ਅਤੇ 130 ਸਲੋਕ ਹਨ, 130 ਸਲੋਕਾਂ ਵਿਚ 18 ਸਲੋਕ ਗੁਰੂ ਸਾਹਿਬਾਨ ਦੇ ਹਨ ਅਤੇ 112 ਸ਼ੇਖ ਫਰੀਦ ਦੇ, 18 ਵਿਚੋਂ 5 ਪਹਿਲੀ ਪਾਤਸ਼ਾਹੀ, 4 ਤੀਜੀ ਪਾਤਸ਼ਾਹੀ, 1 ਚੌਥੀ ਪਾਤਸ਼ਾਹੀ ਅਤੇ 8 ਪੰਜਵੀਂ ਪਾਤਸ਼ਾਹੀ ਦੇ ਨਾਂ ਨਾਲ ਅੰਕਿਤ ਹਨ। ਗੁਰੂ ਸਾਹਿਬਾਨ ਆਪਣੇ ਇਨ੍ਹਾਂ ਸਲੋਕਾਂ ਦੁਆਰਾ, ਪਹਿਲਾਂ ਅੰਕਿਤ ਹੋਏ ਫਰੀਦ ਜੀ ਦੇ ਸਲੋਕ ਵਿਚ ਪ੍ਰਗਟਾਏ ਖਿਆਲ ਉੱਤੇ ਟਿਪਣੀ ਕਰਦੇ ਤੇ ਸੋਧ ਬਖਸ਼ਦੇ ਹਨ; ਜਿਵੇਂ—

ੳ) ਪਹਿਲੈ ਪਹਿਰੈ ਫੁਲੜਾ, ਫਲੁ ਭੀ ਪਛਾ ਰਾਤਿ ॥
ਜੋ ਜਾਗੰਨਿ ਲਹੰਨਿ ਸੇ, ਸਾਈ ਕੰਨੋ ਦਾਤਿ ॥ (ਸਲੋਕ 112)

ਸ੍ਰੀ ਗੁਰੂ ਨਾਨਕ ਦੇਵ ਜੀ ਫਰੀਦ ਜੀ ਦੇ ਸਲੋਕ ਦੀ ਇਉਂ ਇਸਤਲਾਹ ਕਰਦੇ ਹਨ :

'ਦਾਤੀ ਸਾਹਿਬ ਸੰਦੀਆ, ਕਿਆ ਚਲੈ ਤਿਸੁ ਨਾਲਿ ॥
ਇਕਿ ਜਾਗੰਦੇ ਨਾ ਲਹੰਨਿ, ਇਕਨਾ ਸੁਤਿਆ ਦੇਇ ਉਠਾਲਿ ॥ (ਸਲੋਕ 113)

ਗੁਰੂ ਜੀ, ਫਰੀਦ ਵਲੋਂ ਪ੍ਰਗਟਾਏ ਵੀਚਾਰਾਂ ਉੱਤੇ ਟਿਪਣੀ ਕਰਦੇ ਹੋਏ ਸਮਸਤ ਸੰਸਾਰ ਨੂੰ ਸਾਵਧਾਨ ਕਰਦੇ ਹਨ ਕਿ ਪ੍ਰਭੂ-ਯਾਦ ਵਿਚ ਜਾਗਣਾ ਮੁਬਾਰਿਕ ਹੈ; ਪ੍ਰੰਤੂ ਐਸੇ ਜਾਗਣ ਤੋਂ ਪੈਦਾ ਹੋਣ ਵਾਲੀ ਹਉਮੈਂ ਤੋਂ ਬਚਣ ਲਈ, ਦਾਤੇ ਦਾ ਕਰਮ ਵੀ ਨਾਲ ਸ਼ਾਮਿਲ ਕਰਨਾ ਜ਼ਰੂਰੀ ਹੈ। 'ਦਾਤ' ਉਸ ਦੀ ਬਖਸ਼ਿਸ਼ ਹੈ, ਕੇਵਲ ਆਪਣੇ ਪੁਰਸ਼ਾਰਥ ਦਾ ਫਲ ਨਹੀਂ। ਹਾਂ, ਇਹ ਵੀ ਚੇਤੇ ਰਹੇ ਕਿ ਪ੍ਰਭੂ-ਬਖਸ਼ਿਸ਼ ਵੀ ਓਸੇ ਉਤੇ ਹੀ ਹੁੰਦੀ ਹੈ, ਜੋ ਪੁਰਸ਼ਾਰਥ ਕਰਦਾ ਹੈ, ਘਾਲਣਾ ਘਾਲਦਾ ਹੈ।

ਸੂਚਨਾ—ਇਸ ਸੰਬੰਧ ਵਿਚ ਵਿਸ਼ੇਸ਼ ਕਰ ਕੇ ਨੋਟ ਕਰਨ ਵਾਲੀ ਗਲ ਇਹ ਹੈ ਕਿ ਚੂੰਕਿ ਸੋਧ ਬਖਸ਼ੂ ਟਿਪਣੀ ਗੁਰੂ ਸਾਹਿਬਾਨ ਕਰਦੇ ਹਨ, ਸ਼ੇਖ ਫਰੀਦ ਜੀ ਨਹੀਂ, ਇਸ ਲਈ ਸਾਰੀ ਥਾਈਂ, ਫਰੀਦ ਜੀ ਦਾ ਸੰਬੰਧਤ ਸਲੋਕ ਪਹਿਲਾਂ ਆਉਂਦਾ ਹੈ ਅਤੇ ਗੁਰਾਂ ਦਾ ਬਾਅਦ ਵਿਚ। ਦੂਜੇ ਅਰਥਾਂ ਵਿਚ ਗੁਰੂ ਸਾਹਿਬਾਨ ਪਾਸ ਫ਼ਰੀਦ ਜੀ ਦੇ ਸਲੋਕ ਸਨ, ਨਾ ਕਿ ਫਰੀਦ ਜੀ ਪਾਸ ਗੁਰੂ ਸਾਹਿਬਾਨ ਦੇ ਸੰਬੰਧਤ ਸਲੋਕ।

(6)

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਭਾਇਮਾਨ ਸਾਰੀ ਬਾਣੀ ਇਕ ਸਮਾਨ ਸੱਚੀ ਬਾਣੀ ਹੈ

ਪ੍ਰੋਫੈਸਰ ਸਾਹਿਬ ਸਿੰਘ ਦਾ ਇਹ ਦਾਅਵਾ ਹੀ ਨਹੀਂ, ਈਮਾਨ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਨ ਹੋਈ ਸਾਰੀ ਬਾਣੀ, ਚਾਹੇ ਭਗਤਾਂ ਦੀ ਹੈ ਜਾਂ ਭੱਟਾਂ ਦੀ, ਇਕ ਸਮਾਨ ਉੱਚੀ ਸੁੱਚੀ ਤੇ ਕਲਿਆਨਕਾਰੀ ਹੈ। ਗੁਰ-ਸਿੱਖਾਂ ਨੂੰ 'ਗੁਰੂ ਮਾਨਿਓ ਗ੍ਰੰਥ' ਦੀ ਆਗਿਆ ਹੈ, ਨਾ ਕਿ ਇਸ ਦੇ ਵੱਖ ਵੱਖ ਵਿਸ਼ੇਸ਼ ਹਿੱਸਿਆਂ ਨੂੰ ਗੁਰੂ ਮੰਨਣ ਦੀ ? ਦੂਜੇ, ਪ੍ਰੋਫੈਸਰ ਸਾਹਿਬ ਸਿੰਘ ਇਸ ਮਨੌਤ ਨੂੰ ਕੁਫ਼ਰ ਤੇ ਮਨਮੁਖਤਾਈ ਗਿਣਦੇ ਹਨ ਕਿ ਭਗਤਾਂ ਦੀ ਕੁਝ ਬਾਣੀ ਤਾਂ ਸੱਚੀ ਬਾਣੀ ਹੈ ਅਤੇ ਕੁਝ ਕੱਚੀ ਹੈ ਕੁਝ ਨਿਰਾਕਾਰ ਬ੍ਰਹਮ ਦੀ ਗਲ ਕਰਦੀ ਹੈ ਤੇ ਕੁਝ ਸਾਕਾਰ ਅਥਵਾ ਸਰਗੁਣ ਬ੍ਰਹਮ ਦੀ। ਇਨ੍ਹਾਂ ਲੋਕਾਂ ਅਨੁਸਾਰ, ਜਿਨ੍ਹਾਂ ਵਿਚ 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਲਿਖਾਰੀ, ਗਿਆਨੀ ਗੁਰਦਿਤ ਸਿਘ ਜੀ, ਅਜਕਲ੍ਹ ਪੇਸ਼ ਪੇਸ਼ ਹਨ, ਕੱਚੀ ਬਾਣੀ ਉਹ ਹੈ ਜੋ ਭਗਤਾਂ ਨੇ ਅਵਤਾਰਾਂ, ਠਾਕੁਰਾਂ ਜਾਂ ਦੇਵੀ ਦੇਵਤਿਆਂ ਦੇ ਉਪਾਸ਼ਕਾਂ ਵਲੋਂ ਉਚਾਰੀ, ਅਤੇ ਸੱਚੀ ਉਹ ਹੈ ਜੋ ਭਗਤਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਭਾਵ ਹੇਠ, ਉਨ੍ਹਾਂ ਨਾਲ ਸੰਪਰਕ ਹੋਣ ਉਪਰੰਤ, ਉਚਾਰਣ ਕੀਤੀ। ਇਹ ਮਨੌਤ ਜਿਥੇ ਭਗਤਾਂ ਦੇ ਕਾਲ ਬਾਰੇ, ਵਿਦਵਾਨਾਂ ਵਲੋਂ ਅੱਜ ਤਕ ਹੋਈ ਖੋਜ ਦੇ ਇਤਿਹਾਸਿਕ ਪਹਿਲੂ ਨੂੰ ਪੁੱਠਾ ਗੇੜ ਦੇਂਦੀ ਅਤੇ ਕਈ ਪ੍ਰਕਾਰ ਦੀਆਂ ਹੋਰ ਉਲਝਣਾਂ ਪੈਦਾ ਕਰਦੀ ਹੈ, ਉਥੇ ਉਸ ਸ਼ੋਸ਼ੇ ਨੂੰ ਫੇਰ ਹਵਾ ਦਿੰਦੀ ਹੈ, ਇਸ ਕਾਰਨ ਭਸੌੜੀਆਂ ਨੂੰ, ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮ-ਨਾਮਾ ਜਾਰੀ ਕਰਕੇ ਤਨਖਾਈਆ ਕਰਾਰ ਦਿਤਾ ਅਤੇ ਪੰਥ ਵਿਚੋਂ ਕੱਢਿਆ ਗਿਆ ਸੀ। ਭਗਤਾਂ ਦੇ ਉਨ੍ਹਾਂ ਸ਼ਬਦਾਂ ਦੀ, ਜਿਨ੍ਹਾਂ ਨੂੰ ਇਹ ਭੁੱਲੜ ਵੀਰ, ਵਾਚਕ ਅਰਥਾਂ ਦੇ ਆਧਾਰ ਉੱਤੇ, 'ਕੱਚੀ ਬਾਣੀ' ਮਿਥਦੇ ਹਨ, ਪ੍ਰੋਫੈਸਰ ਸਾਹਿਬ ਸਿੰਘ ਨੇ, ਭਾਵਾਂ ਦੀ ਡੂੰਘਾਈ ਵਿਚ ਉੱਤਰ ਕੇ, ਗੁਰਬਾਣੀ-ਸਿਧਾਂਤਾਂ ਦੇ ਐਨ ਅਨੁਕੂਲ ਐਸੀ ਢੁੱਕਵੀਂ ਤੇ ਆਲਮਾਨਾ ਅਰਥ-ਭਰਪੂਰ ਵਿਆਖਿਆ ਕੀਤੀ ਹੈ, ਕਿ ਨਾ ਕਿਤੇ ਅਵਤਾਰਾਂ ਤੇ ਠਾਕੁਰਾਂ ਦੀ ਪੂਜਾ ਦਾ ਅਸਰ ਰਹਿ ਜਾਂਦਾ ਹੈ ਅਤੇ ਨਾ ਹੀ ਗੁਰਬਾਣੀ-ਸਿਧਾਂਤਾਂ ਦੇ ਪ੍ਰਤਿਕੂਲ ਕੋਈ ਅਨੁਚਿਤ ਪ੍ਰਭਾਵ। ਆਪ ਜੀ ਵਲੋਂ ਕੀਤੀ ਇਹ ਭਾਵ-ਪੂਰਤ ਤੇ ਸ਼ਰਧਾ-ਭਿੱਜੀ ਵਿਆਖਿਆ, ਵਾਚ ਵੀਚਾਰ ਕੇ ਗੁਣ-ਗ੍ਰਾਹਕ, ਜਗਿਆਸੂ, ਆਵੱਸ਼ ਪ੍ਰੋਫੈਸਰ ਸਾਹਿਬ ਦੀ ਵਡਿਆਈ ਅੱਗੇ ਝੁੱਕ ਜਾਂਦਾ ਹੈ। ਉਦਾਹਰਣ ਵਜੋਂ, ਅਸੀਂ, ਵਿਸਥਾਰ ਦੇ ਡਰ ਤੋਂ, ਕੇਵਲ ਇਕ ਐਸੇ ਹੀ ਸ਼ਬਦ ਦੀ, ਉਨ੍ਹਾਂ ਵਲੋਂ ਕੀਤੀ ਅਰਥ-ਵਿਆਖਿਆ, ਪਾਠਕਾਂ ਨਾਲ ਸਾਂਝੀ ਕਰਦੇ ਹਾਂ, ਜਿਸ ਦੇ ਵਾਚਕ ਤੇ ਸਤਹੀ ਅਰਥ, ਸਾਧਾਰਣ ਪਾਠਕ ਨੂੰ, ਟਪਲਾ ਲਾਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1163 ਉਤੇ ਭਗਤ ਨਾਮਦੇਵ ਜੀ ਦਾ ਇਕ ਐਸਾ ਸ਼ਬਦ ਹੈ—

ਭੈਰਉ ਬਾਣੀ ਨਾਮਦੇਉ ਜੀਉ ਕੀ ਘਰ ੧

ਦੂਧੁ ਕਟੋਰੈ, ਗਡਵੈ ਪਾਨੀ ॥ ਕਪਲ ਗਾਇ ਨਾਮੈ ਦੁਹਿ ਆਨੀ ॥੧॥
ਦੂਧੁ ਪੀਉ ਗੋਬਿੰਦੇ ਰਾਇ ॥ ਦੂਧੁ ਪੀਉ ਮੇਰੋ ਮਨੁ ਪਤੀਆਇ
ਨਾਹੀ ਤ ਘਰ ਕੋ ਬਾਪੁ ਰਿਸਾਇ ॥੧॥ ਰਹਾਉ ॥
ਸੁੋਇਨ ਕਟੋਰੀ ਅੰਮ੍ਰਿਤ ਭਰੀ ॥ ਲੈ ਨਾਮੈ ਹਰਿ ਆਗੈ ਧਰੀ ॥੨॥
ਏਕੁ ਭਗਤੁ ਮੇਰੇ ਹਿਰਦੇ ਬਸੈ ॥ ਨਾਮੇ ਦੇਖਿ ਨਰਾਇਨੁ ਹਸੈ ॥੩॥
ਦੂਧੁ ਪੀਆਇ ਭਗਤੁ ਘਰਿ ਗਇਆ ॥
ਨਾਮੇ ਹਰਿ ਕਾ ਦਰਸਨੁ ਭਇਆ ॥੪॥ (ਪੰ. 1163)

ਪ੍ਰੋ. ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਦੀ ਪੰਜਵੀਂ ਪੋਥੀ ਦੇ ਪੰਨਾ 456 ਤੇ 457 ਉੱਤੇ ਇਸ ਦੀ ਇਉਂ ਅਰਥ-ਵਿਆਖਿਆ ਕਰਦੇ ਅਤੇ ਇਸ ਨੂੰ ਗੁਰਮੱਤ ਅਨੁਕੂਲ ਸਿੱਧ ਕਰਦੇ ਹਨ—

ਗੋਬਿੰਦ ਰਾਇ—ਹੇ ਪ੍ਰਕਾਸ਼ ਰੂਪ ਹਰੀ ! ਘਰ ਕੋ ਬਾਪੁ, ਇਸ ਸਰੀਰ ਰੂਪ-ਘਰ ਦਾ ਮਾਲਿਕ (ਆਤਮਾ), ਸੋਇਨ ਕਟੋਰੀ-ਪਵਿੱਤਰ ਹੋਇਆ ਹਿਰਦਾ, (ਨੋਟ-ਰਾਗ ਆਸਾ ਵਾਲੇ ਸ਼ਬਦ ਵਿਚ ਨਾਮ ਦੇਵ ਜੀ ਮਨ ਨੂੰ ਗਜ਼, ਜੀਭ ਨੂੰ ਕੈਂਚੀ ਬਣਾ ਕੇ ਜਮ ਦੀ ਫਾਹੀ ਕੱਟਣ ਦਾ ਜ਼ਿਕਰ ਕਰਦੇ ਹਨ। ਓਥੇ ਹੀ ਸੋਨੇ ਦੀ ਸੂਈ ਲੈ ਕੇ, ਵਿਚ ਚਾਂਦੀ ਦਾ ਧਾਗਾ ਪਾ ਕੇ ਮਨ ਨੂੰ ਪ੍ਰਭੂ ਨਾਲ ਸੀਉਂਦੇ ਹਨ। ਸੋਇਨੇ ਦੀ ਸੂਈ ਦਾ ਭਾਵ ਅਰਥ ਹੈ : ਗੁਰੂ ਦਾ ਪਵਿੱਤਰ ਸ਼ਬਦ। (ਵਾਚਕ, (ਲਫਜ਼ੀ) ਅਰਥ ਕਰਨ ਵਾਲੇ ਸੱਜਣ ਦੱਸਣ ਕਿ ਕੀ ਕਦੀ ਮਨ ਦਾ ਗਜ਼, ਜੀਭ ਦੀ ਕੈਂਚੀ, ਚਾਂਦੀ ਦਾ ਧਾਗਾ ਤੇ ਸੋਨੇ ਦੀ ਸੂਈ ਵੀ ਹੋਈ ਏ ?) ਸਟੀਕ ਦੀ ਪੰਜਵੀਂ ਪੋਥੀ, ਪੰਨਾ 728 ਉੱਤੇ ਪ੍ਰੋਫੈਸਰ ਜੀ ਇਸ ਸੰਬੰਧੀ ਹੋਰ ਸਪਸ਼ਟਤਾ ਕਰਦੇ ਹੋਏ, ਇਹ ਨੁਕਤੇ ਉਠਾਂਦੇ ਹਨ—

ੳ) 'ਆਨੀਲੇ ਕੁੰਭ ਭਰਾਈਲੇ ਊਦਕ.. ।' ਵਾਲੇ ਸ਼ਬਦ ਵਿਚ ਨਾਮ ਦੇਵ ਜੀ ਮੂਰਤੀ-ਪੂਜਕ ਦੇ ਪੱਖ ਨੂੰ ਖੰਡਨ ਕਰਨ ਵੇਲੇ ਤਾਂ 'ਠਾਕੁਰ' ਪਦ ਦੀ ਵਰਤੋਂ ਕਰਦੇ ਹਨ, ਪਰ ਆਪਣੇ ਲਈ 'ਬੀਠਲ' ਪਦ ਵਰਤਦੇ ਹਨ।

ਅ) ਨਾਮਦੇਵ ਦਾ ਪਿਤਾ ਕੇਸ਼ੀ ਰਾਜ (ਸ਼ਿਵ) ਦਾ ਪੁਜਾਰੀ ਸੀ, ਠਾਕੁਰ ਦਾ ਨਹੀਂ। ਸ਼ਿਵ ਹੋਰ ਹੈ ਤੇ ਠਾਕੁਰ ਹੋਰ।

ੲ) ਜੇ 'ਠਾਕੁਰ' ਦੀ ਪੂਜਾ ਰਾਹੀਂ ਨਾਮਦੇਵ ਨੂੰ ਪ੍ਰਭੂ ਦੀ ਪ੍ਰਾਪਤੀ ਹੋਈ ਹੁੰਦੀ, ਤਾਂ ਫੇਰ ਆਪਣੀ ਬਾਣੀ ਵਿਚ ਇਸ ਨੂੰ ਕਦੇ ਵੀ ਨਾ ਰੱਦ ਦੇ। ਐਸੇ ਪ੍ਰਭੂ-ਵਿਚੋਲੇ ਨੂੰ ਉਹ ਜੀਵਨ ਭਰ ਤਿਆਗ ਸਕਦੇ ਸਨ ?

ਸ) ਜੇ ਨਾਮਦੇਵ ਨੂੰ 'ਮੰਦਰ' ਜਾਣ ਉੱਤੇ ਧੱਕੇ ਪੈ ਸਕਦੇ ਹਨ, ਤਾਂ ਉਨ੍ਹਾਂ ਦੇ ਪਿਤਾ ਨੂੰ 'ਮੰਦਰ' ਕੌਣ ਜਾਣ ਦਿੰਦਾ ਸੀ ?

ਹ) ਸ੍ਰੀ ਨਾਮਦੇਵ ਨੇ ਆਪਣੀ ਬਾਣੀ ਵਿਚ ਕਿਤੇ ਵੀ ਇਕ਼ਬਾਲ ਨਹੀਂ ਕੀਤਾ ਕਿ ਉਸ ਨੇ 'ਠਾਕੁਰਾਂ' ਨੂੰ ਦੁਧ ਪੀਆਇਆ ਸੀ, ਅਤੇ ਨ ਹੀ ਕਿਤੇ ਠਾਕੁਰ ਨੂੰ

ਆਪਣਾ ਇਸ਼ਟ ਮੰਨ ਕੇ ਪੂਜਿਆ ਜਾਂ ਪੂਜਣ ਦੀ ਗਲ ਆਖੀ ਹੈ। ਓਥੇ ਤਾਂ ਦੁੱਧ ਦੀ ਕਟੋਰੀ (ਪਵਿੱਤਰ ਹਿਰਦਾ) ਤਾਂ ਹਰੀ ਅੱਗੇ ਰੱਖੀ ਜਾ ਰਹੀ ਹੈ। ਸੋ, ਐਸੇ ਸ਼ਬਦ ਗੁਰਮਤਿ ਵਿਰੋਧੀ ਨਹੀਂ। ਇਨ੍ਹਾਂ ਦੇ ਅੰਤ੍ਰੀਵ ਭਾਵਾਂ ਨੂੰ ਸਮਝਣ ਦੀ ਲੋੜ ਹੈ।

ਪ੍ਰੋ. ਸਾਹਿਬ ਸਿੰਘ ਜੀ ਦੀ ਵੀਚਾਰਧਾਰਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਭਗਤ ਬਾਣੀ ਨੂੰ ਸੱਚੀ ਤੇ ਕੱਚੀ ਬਾਣੀ ਵਿਚ ਵੰਡਣਾ, ਅਭੁਲ ਸਤਿਗੁਰਾਂ ਦੀ ਪਰਖ ਪੜਚੋਲ ਤੇ ਚੋਣ ਉੱਤੇ ਖਤਰਨਾਕ ਅਟੰਕਣ ਤੇ ਕਿੰਤੂ ਕਰਨਾ ਹੈ, ਦੀ ਪੁਸ਼ਟੀ ਵਿਚ ਬਾਣੀ ਵਿਚਲੇ ਇਹ ਪ੍ਰਮਾਣ ਬੇ-ਹਦ ਸਹਾਇਕ ਸਿੱਧ ਹੋ ਸਕਦੇ ਹਨ—

ੳ) 'ਸਬਦੇ ਹੀ ਭਗਤ ਜਾਪਦੇ, ਜਿਨ ਕੀ ਬਾਣੀ ਸਚੀ ਹੋਇ'
ਵਿਚਹੁ ਆਪੁ ਗਇਆ, ਨਾਉ ਮੰਨਿਆ, ਸਚਿ ਮਿਲਾਵਾ ਹੋਇ॥
(ਮ. 3, ਪੰ. 429)

ਅ) ਨਾਮਾ ਛੀਬਾ ਕਬੀਰੁ ਜੁੋਲਾਹਾ, ਪੂਰੇ ਗੁਰ ਤੇ ਗਤਿ ਪਾਈ॥
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ, ਹਉਮੈ ਜਾਤਿ ਗਵਾਈ॥
ਸੁਰਿਨਰ ਤਿਨ ਕੀ ਬਾਣੀ ਗਾਵਹਿ, ਕੋਇ ਨ ਮੇਟੈ ਭਾਈ॥ (ਮ. 3 ਪੰ. 67)

ੲ) ਕਲਜੁਗਿ ਨਾਮੁ ਪ੍ਰਧਾਨੁ ਪਦਾਰਥ, ਭਗਤ ਜਨਾ ਉਧਰੇ॥
ਨਾਮਾ, ਜੈਦੇਉ, ਕਬੀਰੁ ਤ੍ਰਿਲੋਚਨੁ, ਸਭਿ ਦੋਖ ਗਏ ਚਮਰੇ॥ (ਮ. 4, ਪੰ 995)

ਭਗਤ ਕਬੀਰ ਜੀ, ਜੋ ਬਹੁਤੇ ਵਿਦਵਾਨਾਂ ਦੀ ਰਾਏ ਮੁਤਾਬਿਕ ਸ੍ਰੀ ਗੁਰੂ ਨਾਨਕ ਕਾਲ ਤੋਂ ਪਹਿਲਾਂ ਹੋ ਗੁਜ਼ਰੇ ਅਤੇ ਕੁਝ ਦੇ, ਪਹਿਲੇ ਪੰਝੀ, ਤੀਹ ਸਾਲ ਸਮਕਾਲੀ ਰਹੇ, ਭਗਤ ਨਾਮ ਦੇਵ ਤੇ ਜੈ ਦੇਵ ਦਾ ਜੀਵਨ-ਕਾਲ ਇਉਂ ਨਿਰਧਾਰਿਤ ਕਰਦੇ ਹਨ—

'ਸੰਕਰੁ ਜਾਗੈ ਚਰਨ ਸੇਵ॥ ਕਲਿ ਜਾਗੇ ਨਾਮਾ, ਜੈ ਦੇਵ॥ (ਪੰ. 1193)
(ਇਹ ਪੁੱਗ ਚੁਕੇ ਭਗਤਾਂ ਦਾ ਜ਼ਿਕਰ ਹੈ)

ਸਰਦਾਰ ਗੁਰਬਖਸ਼ ਸਿੰਘ ਜੀ ਸੂਚਨਾ ਅਫਸਰ ਤਖਤ ਸ੍ਰੀ ਕੇਸਗੜ੍ਹ ਸਾਹਿਬ, (ਸ੍ਰੀ ਅਨੰਦਪੁਰ) ਦੀ ਗਵਾਹੀ, ਇਸ ਸੰਬੰਧ ਵਿਚ ਵਾਚਣ ਵੀਚਾਰਣ ਯੋਗ ਹੈ—

'ਸਮੁੱਚੀ ਭਗਤ-ਬਾਣੀ ਨੂੰ ਇਸ ਕਸੱਵਟੀ ਤੇ ਪਰਖ ਪੜਚੋਲ ਕੇ ਹੀ ਗੁਰੂ ਸਾਹਿਬਾਨ ਨੇ ਪ੍ਰਵਾਨ ਕੀਤਾ ਹੈ। ਗੁਰੂ ਸਾਹਿਬਾਨ ਤੇ ਭਗਤਾਂ ਦੀ ਵਿਚਾਰਧਾਰਕ ਇਕ-ਸੁਰਤਾ, ਸ਼ਬਦਾਵਲੀ ਤੇ ਰਾਗਾਂ ਦੀ ਸਾਂਝ ਨੇ ਇਸ ਸੱਚ ਨੂੰ ਹੋਰ ਪਕੇਰਾ ਕੀਤਾ ਹੈ। ਹਾਂ, ਜਿਥੇ ਕਿਤੇ ਵੀ ਜਗਿਆਸੂਆਂ ਨੂੰ ਭਰਮ ਭੁਲੇਖਾ ਪੈਣ ਦੀ ਸੰਭਾਵਨਾ ਦਿੱਸੀ, ਗੁਰੂ ਜੋਤਿ ਨੇ ਆਪਣੀ ਬਾਣੀ ਅੰਕਿਤ ਕਰਕੇ ਸੋਧ ਬਖਸ਼ ਦਿਤੀ।... ਭਗਤਾਂ ਦੇ ਜੀਵਨ ਤੇ ਵਿਚਾਰਧਾਰਾ ਤੇ ਕਿੰਤੂ ਪ੍ਰੰਤੂ ਕਿਸੇ ਤਰ੍ਹਾਂ ਵੀ ਉਚਿਤ ਨਹੀਂ ਹੈ।... (ਇਨ੍ਹਾਂ) ਭਗਤਾਂ ਨੂੰ ਰਾਮ ਚੰਦ੍ਰ ਤੇ ਕ੍ਰਿਸ਼ਨ ਦੇ ਉਪਾਸ਼ਕ ਦਸਣਾ, ਵੈਸ਼ਨਵ, ਮੂਰਤੀ ਪੂਜਕ ਜਾਂ ਸੂਫੀ ਗਰਦਾਨਣਾ...ਇਨ੍ਹਾਂ ਮਹਾਂਪੁਰਖਾਂ ਦੇ ਉੱਚੇ ਤੇ ਸੁੱਚੇ ਜੀਵਨ ਨੂੰ ਛੁਟਿਆਉਣ ਤੁਲ ਹੈ। ਕੁਝ ਅਖਾਉਤੀ ਵਿਦਵਾਨ, ਜੋ ਦੂਸਰਿਆਂ ਦੀਆਂ ਟੂਕਾਂ ਦੇ ਦੇ ਕੇ ਆਪਣੀ ਵਿਦਵਤਾ ਦੀ

ਧਾਕ ਜਮਾਉਣਾ ਚਾਹੁੰਦੇ ਹਨ, ਦੀ ਪਰਖ ਪੜਚੋਲ ਤੇ ਨਿਰਣੇ, ਗੁਰੂ ਜੋਤਿ ਦੀ ਪਰਖ ਪੜਚੋਲ ਤੇ ਨਿਰਣਿਆਂ ਦੀ ਬਰਾਬਰੀ ਕਦਾਚਿਤ ਨਹੀਂ ਕਰ ਸਕਦੇ। ਤੇ ਨ ਹੀ ਸਿੱਖੀ ਵਿਸ਼ਵਾਸ ਨੂੰ ਭੁਲਾ ਸਕਦੇ ਹਨ।

(ਸਿੱਖ ਫੁਲਵਾੜੀ ਵਿਚੋਂ, ਧੰਨਵਾਦਿ ਸ਼ਹਿਤ)

ਪ੍ਰੋਫੈਸਰ ਸਾਹਿਬ ਸਿੰਘ ਜੀ ਇਹ ਸਿੱਧ ਕਰਨ ਲਈ ਕਿ ਗੁਰਬਾਣੀ ਤੇ ਭਗਤ ਬਾਣੀ ਵਿਚ ਵੱਡੀ ਸਾਂਝ ਹੈ ਅਤੇ ਭਗਤ ਬਾਣੀ ਇਕੱਤਰ ਕਰਨ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਸ਼ੇਸ਼ ਹਿੱਸਾ ਹੈ, ਸਬੂਤ ਵਿਚ ਗੁਰਬਾਣੀ ਅੰਦਰਲੀ ਗਵਾਹੀ ਨੂੰ ਆਧਾਰ ਬਣਾਉਂਦੇ ਹਨ, ਜਿਵੇਂ—

ੳ) ਰਾਮਕਲੀ ਗੁਰੂ ਨਾਨਕ ਜੀ— ਸੁਪਨੈ ਬਿੰਦੁ ਨ ਦੇਈ ਝਰਨਾ ॥
ਭੈਰਉ ਕਬੀਰ ਜੀ— ਸੁਪਨੈ ਬਿੰਦ ਨ ਦੇਈ ਝਰਨਾ ॥

ਅ) ਆਸਾ ਗੁਰੂ ਨਾਨਕ ਜੀ— ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ ॥
ਹਮਰੈ ਗ੍ਰਿਹ ਆਇਆ, ਜਗ ਜੀਵਨ ਭਤਾਰੁ ॥
ਆਸਾ ਕਬੀਰ ਜੀ— ਗਾਉ ਗਾਉ ਰੀ ਦੁਲਹਨੀ ਮੰਗਲਚਾਰਾ ॥
ਮੇਰੇ ਗ੍ਰਿਹ ਆਏ ਰਾਮ ਭਤਾਰਾ ॥

ੲ) ਆਸਾ ਗੁਰੂ ਨਾਨਕ ਜੀ— ਗੁੜੁ ਕਰਿ ਗਿਆਨੁ, ਧਿਆਨੁ ਕਰਿ ਧਾਵੈ,
ਕਰਿ ਕਰਣੀ ਕਸੁ ਪਾਈਐ ॥
ਰਾਮਕਲੀ ਕਬੀਰ ਜੀ— ਗੁੜੁ ਕਰਿ ਗਿਆਨੁ, ਧਿਆਨੁ ਕਰਿ ਮਹੂਆ,
ਭਉ ਭਾਠੀ ਮਨ ਧਾਰਾ ॥

ਸ) ਗਉੜੀ ਗੁਰੂ ਨਾਨਕ ਜੀ— ਸੁਖੁ ਮਾਂਗਤ ਦੁਖੁ ਆਗਲ ਹੋਇ ॥
ਗਉੜੀ ਕਬੀਰ ਜੀ— ਸੁਖੁ ਮਾਂਗਤ ਦੁਖੁ ਆਗੈ ਹੋਇ ॥

ਹ) ਸੋਰਠਿ ਗੁਰੂ ਨਾਨਕ ਜੀ— ਜਾ ਤਿਸੁ ਭਾਵਾ, ਤਦ ਹੀ ਗਾਵਾ ॥
ਤਾ ਗਾਵੇ ਕਾਂ ਫਲੁ ਪਾਵਾ ॥
ਸੋਰਠਿ ਨਾਮਦੇਵ ਜੀ— ਜਬ ਦੇਖਾ, ਤਬ ਗਾਵਾ, ਤਉ ਜਨ ਧੀਰਜੁ ਪਾਵਾ ॥

ਕ) ਭੈਰਉ ਗੁਰੂ ਅਮਰਦਾਸ ਜੀ— ਸੰਡਾ ਮਰਕਾ ਸਭੁ ਜਾਇ ਪੁਕਾਰੇ ॥
ਪ੍ਰਹਿਲਾਦ ਆਪਿ ਵਿਗੜਿਆ,
ਸਭਿ ਚਾਟੜੇ ਬਿਗਾੜੇ ॥
ਭੈਰਉ ਨਾਮਦੇਵ ਜੀ — ਸੰਡਾ ਮਰਕਾ ਜਾਇ ਪੁਕਾਰੇ ॥
ਪੜੇ ਨਹੀ ਹਮ ਹੀ ਪਚਿਹਾਰੇ ॥

ਉਪ੍ਰੋਕਤ ਉਦਾਹਰਣਾਂ ਤੋਂ ਇਹ ਤੱਥ ਵਿਵਾਦ ਗ੍ਰਿਸਤ ਨਹੀਂ ਰਹਿੰਦਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਭਗਤ ਬਾਣੀ ਸੀ, ਜੋ ਆਪ ਨੇ ਪ੍ਰਚਾਰ-ਉਦਾਸੀਆਂ ਸਮੇਂ ਇਕੱਤਰ ਕੀਤੀ। ਬਾਣੀ ਦਾ ਆਪਸ ਵਿਚਲਾ ਇਹ ਮੇਲ ਰੱਬ ਸਬੱਬੀ ਨਹੀਂ; ਪ੍ਰੰਤੂ,

ਵਾਦ-ਵਿਵਾਦ ਓਦੋਂ ਖੜਾ ਹੁੰਦਾ ਹੈ, ਜਦ ਪ੍ਰੋ. ਸਾਹਿਬ ਸਿੰਘ ਦਾ ਵਿਰੋਧ ਕਰਨ ਵਾਲੇ ਵਿਪੱਖੀ ਸੱਜਣ, ਪ੍ਰੋ. ਸਾਹਿਬ ਸਿੰਘ ਨੂੰ ਹਰ ਹਾਲਤ ਗਲਤ ਸਿੱਧ ਕਰਨ ਹਿੱਤ ਇਹ ਦਾਅਵਾ ਕਰਦੇ ਹਨ ਕਿ ਸਾਰੇ ਭਗਤਾਂ ਦਾ ਜੀਵਨ-ਕਾਲ ਵੀ ਉਹੀ ਹੈ ਜੋ ਗੁਰੂ ਸਾਹਿਬਾਨ ਦਾ ਸੀ, ਸਾਰੇ ਭਗਤਾਂ ਨੇ ਸ੍ਰੀ ਗੁਰੂ ਨਾਨਕ ਦੇਵ ਤੋਂ ਪ੍ਰਭਾਵਤ ਹੋ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਬਾਣੀ ਰਚੀ ਅਤੇ ਇਸ ਬਾਣੀ ਵਿਚ ਆਏ ਗੁਰੂ ਪਦ ਤੋਂ ਸੰਕੇਤ, ਸਾਰੀ ਥਾਈਂ ਸ੍ਰੀ ਗੁਰੂ ਨਾਨਕ ਦੇਵ ਜੀ ਵਲ ਹੀ ਹੈ, ਆਦਿਕ ।

**ਪਰਖ :** ਕਾਸ਼ ! ਐਸਾ ਹੀ ਹੁੰਦਾ । ਪਰ, ਚੇਤਾ ਰਹੇ ਕਿ ਸ੍ਰੀ ਗੁਰੂ ਨਾਨਕ ਜੀ ਦੀ ਵੱਡੀ ਵਡਿਆਈ, ਉਨ੍ਹਾਂ ਦੀ ਨਿਮਰਤਾ, ਨਿਰਮਾਣਤਾ, ਉਦਾਰਤਾ ਨਿਰ-ਵਿਸ਼ੇਸ਼ਤਾ ਅਤੇ ਸਰਬਤ ਨਾਲ ਗੁਣਾਂ ਦੀ ਸਾਂਝ ਕਰਨ ਵਿਚ ਹੈ; ਜਿਵੇਂ ਕਿਵੇਂ ਸਭ ਤੋਂ ਵੱਡਾ ਹੋਣ ਦਾ ਦਾਅਵਾ ਕਰਨ ਵਿਚ ਨਹੀਂ । ਗੁਰੂ ਬਾਬਾ ਜੀ ਤਾਂ ਮੂਲ-ਮੰਤ੍ਰ ਵਿਚ ਵੀ 'ਗੁਰ ਪ੍ਰਸਾਦਿ' (ਗੁਰੂ ਦੀ ਕਿਰਪਾ ਦੁਆਰਾ) ਆਖਦਾ ਹੈ, ਅਤੇ 'ਨਾਨਕ ਪ੍ਰਸਾਦਿ' ਕਹਿਣ ਤੋਂ ਸੰਕੋਚ ਕਰਦਾ ਹੈ । ਪ੍ਰੋਫੈਸਰ ਸਾਹਿਬ ਦਾ ਇਹ ਨਿਰਣਾ, ਦਰੁਸਤ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਤੋਂ ਪਹਿਲਾਂ ਵੀ ਜੁਗੋ ਜੁਗ ਭਗਤ ਹੋਏ ਹਨ ਜੋ ਆਪਣੇ ਆਪਣੇ ਗੁਰੂ ਦੀ ਕਿਰਪਾ ਨਾਲ ਸੰਸਾਰ ਸਾਗਰ ਤੋਂ ਪਾਰ ਉਤਰੇ । ਸ੍ਰੀ ਗੁਰੂ ਅਰਜੁਨ ਦੇਵ ਜੀ ਜਾ ਇਹ ਇਕ ਇਕੱਲਾ ਸ਼ਬਦ ਹੀ ਇਹ ਸਚ ਪ੍ਰਗਟ ਕਰਨ ਲਈ ਕਾਫੀ ਹੈ—

'ਸੁਣਿ ਸਾਖੀ ਮਨ ! ਜਪਿ ਪਿਆਰ ॥ ਅਜਾਮਲੁ ਉਧਰਿਆ ਕਹਿ ਏਕ ਬਾਰ ॥
ਬਾਲਮੀਕੈ ਹੋਆ ਸਾਧ ਸੰਗੁ ॥ ਧ੍ਰੂ ਕਉ ਮਿਲਿਆ ਹਰਿ ਨਿਸੰਗ ॥
ਗਨਿਕਾ ਉਧਰੀ ਹਰਿ ਕਹੈ ਤੋਤ ॥ ਗਜਇੰਦ੍ਰੁ ਧਿਆਇਓ ਹਰਿ ਕੀਓ ਮੋਖ ॥...
ਧੰਨੈ ਸੇਵਿਆ ਬਾਲ ਬੁਧਿ ॥ ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ॥
ਬੇਣੀ ਕਉ ਗੁਰਿ ਕੀਓ ਪ੍ਰਗਾਸੁ ॥ ਰੇ ਮਨ ! ਤੂ ਭੀ ਹੋਹਿ ਦਾਸੁ ॥
ਜੈਦੇਵ ਤਿਆਗਿਓ ਅਹੰਮੇਵ ॥ ਨਾਈ ਉਧਰਿਓ ਸੈਨੁ ਸੇਵ ॥
ਕਬੀਰ ਧਿਆਇਓ ਏਕੁ ਰੰਗ ॥ ਨਾਮਦੇਵ ਹਰਿ ਜੀਉ ਬਸਹਿ ਸੰਗਿ ॥
ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਬਿੰਦ ਰੂਪ ॥
(ਪੰ. 1192)

ਨੋਟ—ਆਖਰ ਇਨ੍ਹਾਂ ਸਭਨਾਂ ਭਗਤਾਂ ਨੂੰ ਤਾਰਨਹਾਰ ਗੁਰੂ ਮਿਲੇ ਸਨ । ਵਾਕ ਹੈ: 'ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥'

ਹੋਰ : ਜਦ ਕਬੀਰ ਜੀ—

ਜੈਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ ॥ (ਪੰ. 856)
ਦਾ ਜ਼ਿਕਰ ਕਰਦੇ ਹਨ ਤਾਂ ਇਸ ਦਾ ਸਪਸ਼ਟ ਭਾਵ ਹੈ ਕਿ ਇਹ ਭਗਤ ਆਪਣੀ ਜੀਵਨ ਯਾਤਰਾ ਸਫਲ ਕਰ ਕੇ ਪੁੱਗ ਚੁੱਕੇ ਸਨ । ਕਬੀਰ ਜੀ ਆਪ ਹੀ ਆਪਣੇ ਇਸ ਕਥਨ ਦੁਆਰਾ, ਪ੍ਰੋ. ਸਾਹਿਬ ਦੇ ਦਾਅਵੇ ਦੀ ਪੁਸ਼ਟੀ ਕਰਦੇ ਹਨ—

ਕਬੀਰ ਗਰਬੁ ਨ ਕੀਜੀਐ ਰੰਕ ਨ ਹਸੀਐ ਕੋਇ ॥

ਅਜਹੁ ਸੁ ਨਾਉ ਸਮੁਦ੍ਰ ਮਹਿ, ਕਿਆ ਜਾਨਉ ਕਿਆ ਹੋਇ ॥ (ਪੰ. 1366)

ਮੇਰੇ ਦਾਅਵਾ-ਰਹਿਤ ਤੇ ਉਦਾਰ-ਚਿੱਤ ਸਤਿਗੁਰ ਜੀ ਤਾਂ 'ਸਤਿਗੁਰੂ' ਦੀ ਪਰਿਭਾਸ਼ਾ ਇਉਂ ਕਰਦੇ ਹਨ—

ੳ) ਸੋ ਸਤਿਗੁਰ, ਜਿਸ ਰਿਦੈ ਹਰਿ ਨਾਉਂ ॥

ਅ) ਸਤਿ ਪੁਰਖੁ ਜਿਨਿ ਜਾਨਿਆ, ਸਤਿਗੁਰ ਤਿਸ ਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ, ਨਾਨਕ ਹਰਿ ਗੁਨ ਗਾਉ ॥
(ਸੁਖਮਨੀ 18ਵਾਂ ਸਲੋਕ)

ਗੁਰਬਾਣੀ ਤੇ ਸਾਧ ਸੰਗਤ ਬਾਰੇ ਭਾਈ ਗੁਰਦਾਸ ਜੀ ਦਾ ਕਥਨ ਹੈ :

'ਸੁਖ ਰਾਜੇ ਹਰੀ ਚੰਦ ਘਰਿ, ਨਾਰ ਸੁ ਤਾਰਾਲੋਚਨ ਰਾਨੀ॥
ਸਾਧ ਸੰਗਤਿ ਮਿਲਿ ਗਾਂਵਦੇ, ਰਾਤੀਂ ਜਾਇ ਸੁਣੇ ਗੁਰਬਾਣੀ ॥...
ਸਾਧ ਸੰਗਤਿ ਆਰਾਧਿਆ ਜੋੜੀ ਜੁੜੀ ਖੜਾਉਂ ਪੁਰਾਣੀ ॥

ਚੇਤੇ ਰਹੇ ਕਿ ਜੈ ਦੇਵ ਜੀ ਦਾ ਜਨਮ ਸੰਨ 1170, ਸ਼ੇਖ ਫਰੀਦ ਦਾ 1173 ਅਤੇ ਸ੍ਰੀ ਨਾਮਦੇਵ ਅਤੇ ਤ੍ਰਿਲੋਚਨ ਜੀ ਦਾ ਤੇਰਵੀਂ ਸਦੀ ਵਿਚ। ਏਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੰਜਾਂ ਸਦੀਆਂ ਦੇ ਗਿਆਨ ਦਾ ਸੰਗ੍ਰਹਿ ਅਥਵਾ ਸਾਰੇ ਜੁੱਗਾਂ ਦੇ ਗਿਆਨ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

(8)

## ਨਵੀਂ ਛਿੜੀ ਚਰਚਾ ਬਾਰੇ ਨਿਰਣਾਇਕ ਵੀਚਾਰ

ਗਿਆਨੀ ਗੁਰਦਿਤ ਸਿੰਘ ਜੀ ਨੇ ਆਪਣੀ 'ਪੁਸਤਕ' ਵਿਚ ਬੜੇ ਕੋਝੇ, ਹੋਛੇ ਰੁੱਖੇ ਤੇ ਅਸਭਯ ਸ਼ਬਦਾਂ ਦੀ ਵਰਤੋਂ ਕਰ ਕੇ ਪ੍ਰੋ. ਸਾਹਿਬ ਸਿੰਘ ਦੀ ਇਸ ਲਈ ਊਂਜਾਂ-ਭਰੀ ਵਿਰੋਧਤਾ ਕੀਤੀ ਹੈ; ਕਿਉਂਕਿ ਉਹ, ਸਾਰਾ ਬਲ ਲਾ ਕੇ, ਸ਼ਰਧਾ ਪੂਰਬਕ ਬਾਣੀ ਦੀ ਅੰਦਰਲੀ ਗਵਾਹੀ ਦੇ ਆਧਾਰ ਉੱਤੇ, ਇਹ ਸਿੱਧ ਕਰਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਭਗਤ ਕਬੀਰ ਜੀ, ਨਾਮ ਦੇਵ ਜੀ ਜਾਂ ਸ਼ੇਖ ਫਰੀਦ ਜੀ ਆਦਿ ਦੀ ਬਾਣੀ ਆਦਿ ਗੁਰੂ ਜੀ ਨੇ, ਸਤਿਕਾਰ ਪੂਰਬਕ ਆਪ ਇਕੱਤਰ ਕੀਤੀ।

ਅਸੀਂ ਇਸ ਮਸਲੇ ਦੇ ਨਿਰਣੇ ਲਈ, ਸੰਖੇਪ ਹਿਤ, ਕੇਵਲ ਸ਼ੇਖ ਫਰੀਦ ਬਾਣੀ ਉੱਤੇ ਵੀਚਾਰ ਕਰਾਂਗੇ—

ਸ਼ੈਖ ਇਬਰਾਹੀਮ, ਜੋ ਬਾਬਾ ਫਰੀਦ ਦੀ ਗੱਦੀ ਉੱਤੇ 11ਵੀ ਥਾਂ ਸਨ ਅਤੇ ਉਨ੍ਹਾਂ ਨਾਲ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਕ ਜਾਂ ਦੋ ਵੇਰ ਮਿਲਣੀ ਵੀ ਹੋਈ; ਪਰ, ਇਸ 'ਬਾਣੀ' ਦੇ ਰੱਚੈਤਾ ਬਾਬਾ ਫਰੀਦ ਜੀ ਹੀ ਹਨ। 'ਗਿ. ਗੁਰਦਿਤ ਸਿੰਘ ਜੀ ਨੇ ਇਹ ਸਿੱਧ ਕਰਨ ਹਿਤ ਕਿ ਬਾਬਾ ਫਰੀਦ ਮਸਊਦ ਕਵੀ ਹੀ ਨਹੀਂ ਸਨ ਅਤੇ 'ਬਾਣੀ' ਸ਼ੇਖ ਇਬਰਾਹੀਮ ਦੀ ਹੈ', ਭਾਈ ਸਾਹਿਬ ਕਾਨ੍ਹ ਸਿੰਘ ਅਤੇ 'ਨਿਜ਼ਾਮੀ'

ਸਿਲਸਿਲੇ ਦੇ ਵਿਦਵਾਨ, ਖਲੀਕ ਅਹਿਮਦ ਨਿਜ਼ਾਮੀ ਨੂੰ ਵੱਡਾ ਸਹਾਰਾ ਤੇ ਸਬੂਤ ਬਣਾਇਆ ਹੈ। ਆਓ ਇਸ ਆਧਾਰ ਦੀ ਚੀਰ ਫਾੜ ਕਰੀਏ—

ੳ) ਮਹਾਂ ਕੋਸ਼ (ਭਾਈ ਕਾਨ੍ਹ ਸਿੰਘ ਦਾ ਹਵਾਲਾ—'ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਸ਼ੈਖ ਬ੍ਰਹਮ (ਇਬਰਾਹੀਮ) ਨਾਲ, (ਜਿਨ੍ਹਾਂ ਦਾ ਨਾਮ ਫਰੀਦ ਸਾਨੀ, ਬਲ ਰਾਜਾ, ਸਾਲਿਸ ਫਰੀਦ ਆਦਿਕ ਹਨ), ਦੋ ਵਾਰ ਹੋਈ। ਪੁਰਾਣੀਆਂ ਜਨਮ ਸਾਖੀਆਂ ਅਤੇ ਨਾਨਕ ਪ੍ਰਕਾਸ਼ ਵਿੱਚ ਭੀ ਸ਼ੈਖ ਬ੍ਰਹਮ ਹੀ ਨਾਮ ਆਉਂਦਾ ਹੈ—

'ਸ਼ੇਖ ਫਰੀਦ ਪਟਨ ਹੈ, ਜਹਿੰਵਾ। ਸ਼ੇਖ ਬ੍ਰਹਮ ਤਬ ਬਸਈ ਤਹਿੰਵਾ॥
ਤਿਨ ਕੋ ਮਿਲਨ ਹੇਤ ਗਤਿ ਦਾਈ। ਦੋਇ ਕੋਸ ਪਰ ਬੈਠੇ ਜਾਈ॥

(ਨਾਨਕ ਪ੍ਰਕਾਸ਼, ਅਧਿ. 33)

'ਫਰੀਦ ਸਾਨੀ ਦਾ ਦੇਹਾਂਤ 1610 (ਸੰਮਤ) ਵਿਚ ਹੋਇਆ ਹੈ, ਇਸ ਲਈ ਗੁਰੂ ਨਾਨਕ ਸਵਾਮੀ ਦੇ ਸਮਕਾਲੀ ਸਨ। ਸ਼ੇਖ ਫਰੀਦ ਜੀ ਦੀ ਬਾਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। (ਸ਼ੇਖ ਬ੍ਰਹਮ ਜਾਂ ਸ਼ੇਖ ਸਾਨੀ ਦੀ ਨਹੀਂ')।

ਪਰਖ : ਵਿਪੱਖੀ ਸੱਜਣ ਜੀ ਦੀ ਦੀਦਾ ਦਲੇਰੀ ਵੇਖੋ ਕਿ ਉਹ ਸੁਭਾਵ ਅਨੁਸਾਰ ਆਪਣੀ ਪੁਸਤਕ 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ' (ਭਾਗ ਪਹਿਲਾ) ਵਿਚ 'ਨਾਨਕ ਪ੍ਰਕਾਸ਼' ਵਿਚਲੇ ਸ਼ੁੱਧ ਪਾਠ 'ਜਹਿੰਵਾ' ਨੂੰ, ਆਪਣੇ ਮਤਲਬ ਦੇ ਅਰਥ ਕੱਢਣ ਲਈ 'ਰਹਿੰਦਾ' ਵਿਚ ਬਦਲ ਕੇ, ਇਹ ਸਾਬਤ ਕਰਨ ਦੀ ਚੁਸਤੀ ਕਰਦੇ ਹਨ ਕਿ ਜਿਥੇ ਅਜ ਕਲ ਸ਼ੇਖ ਫਰੀਦ (ਭਾਵ, ਸ਼ੇਖ ਸਾਨੀ, ਸ਼ੇਖ ਬ੍ਰਹਮ) ਰਹਿੰਦਾ ਹੈ। ਇਸ ਪਾਠ ਬਦਲੀ ਤੋਂ ਉਹ ਪਾਠਕਾਂ ਨੂੰ ਇਹ ਟਪਲਾ ਦੇਣਾ ਚਾਹੁੰਦੇ ਹਨ ਕਿ 'ਸ਼ੇਖ ਫਰੀਦ ਜਾਂ ਸ਼ੇਖ ਸਾਨੀ, ਇਕੋ ਵਿਅਕਤੀ ਦੇ ਨਾਮ ਹਨ, ਅਤੇ ਉਹ ਵਿਅਕਤੀ ਹੈ ਸ਼ੇਖ ਸਾਨੀ ਜਾਂ ਸ਼ੇਖ ਬ੍ਰਹਮ। ਹਾਲਾਂਕਿ ਭਾਈ ਸੰਤੋਖ ਸਿੰਘ ਜੀ ਅਤੇ ਭਾਈ/ਕਾਨ੍ਹ ਸਿੰਘ ਜੀ, ਬਾਬਾ ਫਰੀਦ ਸ਼ਕਰਗੰਜ ਨੂੰ 'ਸ਼ੇਖ ਫਰੀਦ' ਕਰ੍ਕੇ ਲਿਖਦੇ ਹਨ ਅਤੇ ਉਸ ਦੇ ਗਿਆਰਵੇਂ ਥਾਂ ਹੋਏ ਮੁਰੀਦ ਨੂੰ ਸ਼ੇਖ ਸਾਨੀ ਜਾਂ ਸ਼ੇਖ ਇਬਰਾਹੀਮ ਕਰ ਕੇ। ਦੂਜੇ, ਸ਼ੁੱਧ ਪਾਠ 'ਜਹਿੰਵਾ' ਦਾ 'ਮਹਾਂ ਕੋਸ਼' ਅਨੁਸਾਰ ਅਰਥ ਹੈ—'ਜਿਥੇ, ਜਿਸ ਅਸਥਾਨ ਮੇਂ।'

ਸੋ, ਉਪ੍ਰੋਕਤ ਹਵਾਲੇ ਦੇ ਦਰੁਸਤ ਅਰਥ ਹਨ—

'ਜਿਥੇ ਸ਼ੇਖ ਫਰੀਦ ਦਾ ਪਟਨ ਹੈ (ਜੋ ਇਸ ਦਾ ਬਾਨੀ ਸੀ) ਅਤੇ ਜਿਥੇ ਅਜ ਕਲ ਅਤੇ 'ਸ਼ੇਖ ਬ੍ਰਹਮ' ਰਹਿੰਦਾ ਹੈ।' ਸਪਸ਼ਟ ਹੈ ਕਿ ਸ਼ੇਖ ਫਰੀਦ ਅਤੇ ਸ਼ੇਖ ਬ੍ਰਹਮ, ਦੋ ਵੱਖ ਵੱਖ ਵਿਅਕਤੀ ਹਨ। ਸ਼ੇਖ ਸਾਨੀ ਜਾਂ ਸ਼ੇਖ ਬ੍ਰਹਮ ਨੂੰ ਕਦੇ, ਕਿਤੇ ਵੀ ਸ਼ੇਖ ਫਰੀਦ ਨਹੀਂ ਲਿਖਿਆ ਗਿਆ। ਪ੍ਰੰਤੂ, ਵਿਪੱਖੀ ਸੱਜਣ ਜੀ ਆਪਣੇ ਮਤਲਬ ਲਈ, 'ਸਹਾਫਤੀ ਈਮਾਨਦਾਰੀ' ਨੂੰ ਤਿਲਾਂਜਲੀ ਦੇਣੋਂ ਵੀ ਸੰਕੋਚ ਨਹੀਂ ਕਰਦੇ ਹਨ।

ਦੂਜੇ, ਭਾਈ ਕਾਨ੍ਹ ਸਿੰਘ ਜੀ ਸਪਸ਼ਟ ਲਿਖਦੇ ਹਨ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਨੀ 'ਸ਼ੇਖ ਫਰੀਦ ਦੀ ਹੈ', ਅਤੇ ਸ਼ੇਖ ਫਰੀਦ, ਕਤਅਨ ਸ਼ੇਖ ਬ੍ਰਹਮ ਜਾਂ ਸ਼ੇਖ

ਸਾਨੀ ਨਹੀਂ । ਸੋ, ਇਸ ਤਰ੍ਹਾਂ 'ਗਿਆਨੀ' ਜੀ ਦਾ ਨ ਕੇਵਲ ਦਾਅਵਾ ਹੀ ਖਾਰਜ ਹੋ ਜਾਂਦਾ ਹੈ; ਸਗੋਂ, ਸਹਾਫ਼ਤੀ ਈਮਾਨਦਾਰੀ ਦਾ ਪਰਦਾ ਵੀ ਫਾਸ਼ ।

ਅ) ਇਸ ਮੁਕੱਦਮੇ ਵਿਚ ਗਿਆਨੀ ਗੁਰਦਿਤ ਸਿੰਘ ਜੀ ਦਾ ਦੂਜਾ ਵੱਡਾ ਗਵਾਹ ਹੈ : ਵਿਦਵਾਨ ਖਲੀਕ਼ ਅਹਿਮਦ 'ਨਿਜ਼ਾਮੀ' ਜੋ ਨ ਕੇਵਲ ਸ਼ੇਖ ਫਰੀਦ ਜੀ ਦੇ ਸਿਲਸਿਲੇ ਨਾਲ ਸੰਬੰਧਤ ਹਨ; ਸਗੋਂ, 'ਮੁਸਲਿਮ ਯੂਨੀਵਰਸਿਟੀ, ਅਲੀਗੜ੍ਹ' ਦੇ ਸਾਬਕ ਵਾਈਸ ਚਾਂਸਲਰ ਵੀ ਹਨ । ਆਪਣਾ ਪੱਖ ਸਿੱਧ ਕਰਨ ਵਾਸਤੇ, ਗਿਆਨੀ ਨੇ, ਸੰਬੰਧਤ ਪੁਸਤਕ ਵਿਚ ਬਾਰ ਬਾਰ (ਸੱਤ ਵਾਰ) ਨਿਜ਼ਾਮੀ ਦਾ ਹਵਾਲਾ ਦਿੱਤਾ ਹੈ, ਕਿ 'ਬਾਣੀ' ਸ਼ੇਖ ਬ੍ਰਹਮ ਜਾਂ ਸਾਨੀ ਦੀ ਹੈ । ਭਲਾ, ਸੋਚੋ, ਜੇ ਪ੍ਰੋਫੈਸਰ ਨਿਜ਼ਾਮੀ ਹੀ, ਮਜ਼ੀਦ (ਵਧੇਰੇ) ਖੋਜ ਦੇ ਆਧਾਰ ਉੱਤੇ ਆਪਣੀ ਭੁਲ ਮੰਨ ਲੈਣ, ਤਾਂ ਗਿਆਨੀ ਜੀ ਦੇ ਮਾਂਗਵੇਂ ਦਾਅਵਿਆਂ ਦਾ ਕੀ ਬਣੂੰ ? ਫੇਰ ਸ਼ਾਇਰ ਦੇ ਕਥਨ ਅਨੁਸਾਰ ਓਹੀ ਗਲ ਹੋਊ—

'ਬਾਗ਼ਬਾਂ ਨੇ ਅ ਗ ਦੀ ਜਬ ਆਸ਼ੀਆਨੇ ਕੋ ਮਿਰੇ,
ਤੱਕੀਆ ਜਿਨ ਪੱਤੋਂ ਪੇ ਥਾ, ਵੁਹੀ ਹਵਾ ਦੇਨੇ ਲਗੇ ।

ਲਵੋ, ਅਸਲੀਅਤ ਜਾਨਣ ਤੇ ਪ੍ਰੋਫੈਸਰ ਸਾਹਿਬ ਸਿੰਘ ਨੂੰ ਧੰਨਤਾ ਦੇਣ ਲਈ, ਵਾਚੋ, 'ਨਿਜ਼ਾਮੀ' ਜੀ ਦੇ ਉਸ ਪੱਤਰ ਦੀ ਨਕਲ, ਜੋ ਆਪ ਨੇ ਪ੍ਰਿੰ. ਗੁਰਚਰਨ ਸਿੰਘ ਜੀ ਨੂੰ ਲਿਖਿਆ ਹੈ—

Professor Khaliq Ahmed Nizami
Nizam Vila
Sir Syed Road
March 27, 1989

My Dear Dr. Gurcharan Singh,

Thank you very much for your kind letter dated 7th March, 1989. I have to apologize for this delay in acknowleging it.

In the Second edition of my book : Life and Times of Baba Frid Gang-i-Shakar, I have definitely stated that the Bani ascribed to Baba Frid is absolutely authentic and reliable. I intend to write a very detailed article on this theme. An assessment of Baba Frid's thought available in different sources has led me to this conclusion. I am busy these days in some other projects. But I hope to deal with this problem in the next volume of 'Twarkh-i- 'Mashaikh-i-Chist', now in preparation : ............... If you have not got a copy of the second edition of my Baba Frid, please let me know. I will ask the publisher

to send, a complimentary copy to you

Prof. Gurcharan Singh,
General Secretary,
Baba Fr'd Memorial Society.
B-B Model Town, Patiala-147001

With personal regards,
K. A Nizami

(ਨੋਟ—ਪ੍ਰੋਫੈਸਰ 'ਨਿਜ਼ਾਮੀ', ਉਪ੍ਰੋਕਤ ਪੱਤਰ ਵਿਚ, ਪ੍ਰੋ. ਗੁਰਚਰਨ ਸਿੰਘ ਨੂੰ, ਉਨ੍ਹਾਂ ਦੇ ਪੱਤਰ ਦੇ ਉੱਤਰ ਵਿਚ ਲਿਖਦੇ ਹਨ ਕਿ ਵਧੇਰੇ ਕੀਤੀ ਖੋਜ ਦੇ ਆਧਾਰ ਤੇ, ਮੈਂ ਇਸ ਨਤੀਜੇ ਉੱਤੇ ਪੁੱਜਾ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਬਾਬਾ ਫਰੀਦ ਸ਼ਕਰਗੰਜ ਦੀ ਹੀ ਹੈ, ਅਤੇ ਪੁਸਤਕ ਦੀ ਦੂਜੀ ਛਾਪ ਵਿਚ ਮੈਂ ਇਹ ਦਰੁਸਤੀ ਕਰ ਦਿਤੀ ਹੈ, ਆਦਿਕ।)

ਟਿੱਪਣੀ—ਹੱਕ ਦੇ ਮੁਤਲਾਸ਼ੀ ਤੇ ਈਮਾਨਦਾਰ ਵਿਦਵਾਨਾਂ ਦੀ ਵੱਡੀ ਸਿਫ਼ਤ ਹੀ ਇਹ ਮੰਨੀ ਗਈ ਹੈ ਕਿ ਸਚ ਦਾ ਪ੍ਰਗਟਾਵਾ ਕਰਨ ਵੇਲੇ ਉਹ ਫੋਕੇ ਵਕਾਰ ਨੂੰ ਵਿਚਕਾਰ ਰੁਕਾਵਟ ਨਹੀਂ ਬਣਨ ਦਿੰਦੇ। ਹੱਕ ਇਨਸਾਫ਼ ਦਾ ਤਕਾਜ਼ਾ ਹੈ ਕਿ ਹੁਣ "ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਤਿਹਾਸ" ਦੇ ਲਿਖਾਰੀ ਵੀ, ਅੱਗੇ ਆਉਣ ਅਤੇ ਪ੍ਰੋ. ਸਾਹਿਬ ਸਿੰਘ ਜੀ ਦੀ ਖੋਜ ਤੇ ਵਿਦਵਤਾ ਦੀ ਦਾਦ ਦੇਣ। ਭੁਲ ਕਰਨ ਵਾਲੇ ਨਾਲੋਂ, ਭੁਲ ਮੰਨ ਲੈਣ ਵਾਲਾ ਮਹਾਨ ਹੁੰਦਾ ਹੈ। ਜਿਵੇਂ ਪ੍ਰੋਫੈਸਰ 'ਨਿਜ਼ਾਮੀ' ਨੇ ਆਪਣੀ ਭੁਲ ਮੰਨ ਅਤੇ ਸੋਧ ਲੈਣ ਵਿਚ ਵੱਬੀ ਬੰਦਿਆਂ ਵਾਲੀ ਮਹਾਨਤਾ ਵਿਖਾਈ ਹੈ, ਗਿਆਨੀ ਜੀ ਵੀ ਫੋਕੀ ਪ੍ਰਤਿਭਾ ਨੂੰ ਵਗਾਹ, ਪਰ੍ਹਾਂ ਮਾਰਨ ਅਤੇ ਭੋਲੇ, ਗੁਰਸਿੱਖਾਂ ਨੂੰ ਭੰਬਲ ਭੂਸਿਆਂ ਤੇ ਪ੍ਰੇਸ਼ਾਨੀ ਤੋਂ ਬਚਾਉਣ ਦਾ ਉਪਕਾਰ ਕਰਨ। ਪ੍ਰੋ. 'ਨਿਜ਼ਾਮੀ' ਦੇ ਭੁਲ ਮੰਨਣ ਨਾਲ ਹੁਣ ਉਨ੍ਹਾਂ ਦੇ ਦਲੀਲੀ 'ਹਵਾ ਮੈਲ' ਦੀ ਸਾਰੀ ਫੂਕ ਨਿਕਲ ਚੁੱਕੀ ਹੈ। ਉਹ ਫਿਕਰ ਨ ਕਰਨ 'ਸਤਿਗੁਰੂ ਨਾਨਕ ਸਭ ਤੋਂ ਵੱਡਾ ਹੈ' ਅਤੇ ਸਦਾ ਵੱਡਾ ਹੀ ਰਹੇਗਾ। ਭਾਈ ਗੁਰਦਾਸ ਅਨੁਸਾਰ—

ਸਤਿਗੁਰ ਨਾਨਕ ਦੇਉ, ਆਪੁ (ਨਿਰੰਕਾਰ ਨੇ) ਉਪਾਇਆ ॥
ਗੁਰ ਅੰਗਦ, ਗੁਰ ਸਿਖ, ਬਬਾਣੇ ਆਇਆ।...... (ਵਾਰ 20, ਪੌ. ਪਹਿਲੀ)

ਇਹ ਪਹਿਲੀ ਵਾਰੀ ਨਹੀਂ ਕਿ ਭੁੱਲੜ ਤੇ ਦੋਖੀ ਲਿਖਾਰੀਆਂ ਨੇ ਸ੍ਰੀ ਕਬੀਰ ਤੇ ਬਗਦਾਦ ਦੇ ਪੀਰ ਆਦਿਕ ਨੂੰ ਗੁਰੂ ਨਾਨਕ ਦੇਵ ਜੀ ਦਾ ਗੁਰੂ ਬਣਾਉਣ ਦੀ ਨਾਪਾਕ ਸਾਜ਼ਸ਼ ਕੀਤੀ ਹੈ। ਜਦ ਜਦ ਵੀ ਅਜਿਹਾ ਹੋਇਆ ਇਸ ਦੂਸ਼ਣ ਦਾ ਠੁਕਵਾਂ ਤੇ ਢੁਕਵਾਂ ਉੱਤਰ ਦਿੱਤਾ ਜਾਂਦਾ ਰਿਹਾ ਹੈ। ਇਸ ਲੇਖਕ ਨੇ ਵੀ ਆਪਣੀ ਪੁਸਤਕ 'ਗੁਰਬਾਣੀ ਸੰਪਾਦਨ ਨਿਰਣੈ' ਵਿਚ ਇਸ ਦਾ ਬਣਦਾ ਸਰਦਾ ਖੰਡਨ ਕੀਤਾ ਹੈ। ਪਰ, ਵਿਪੱਖੀ ਨੇ ਤਾਂ ਪ੍ਰੋ. ਸਾਹਿਬ ਸਿੰਘ ਦਾ ਇਉਂ ਬੇ-ਥਵਾ ਵਿਰੋਧ ਕੀਤਾ ਹੈ, ਜਿਵੇਂ ਪ੍ਰੋਫੈਸਰ ਸਾਹਿਬ ਨੇ ਹੀ ਕੋਈ ਅਨੁਚਿਤ ਹਰਕਤ ਕੀਤੀ ਹੋਵੇ। ਪ੍ਰੋਫੈਸਰ ਸਾਹਿਬ ਤਾਂ ਨਿਰੋਲ ਤੇ ਨਿਰਮਲ

ਗੁਰਮਤਿ ਦੇ ਧਾਰਨੀ ਹਨ ਅਤੇ ਸਦਾ ਸਿਖ-ਪੰਥ ਨੂੰ, 'ਨਿਰਮਲ' ਤੇ 'ਨਿਰਾਲਾ' ਵੇਖਣ ਤੇ ਰੱਖਣ ਦੇ ਮੁਸ਼ਤਾਕ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਨ ਹੋਈ 'ਸਦੁ' ਨੇ ਪੰਥ ਨੂੰ ਵਰ੍ਹਿਆ ਬੱਧੀ ਦੁਬਿਧਾ ਤੇ ਮੁਸ਼ਕਲ ਵਿਚ ਪਾਈ ਰਖਿਆ।

ਜ਼ਰੂਰੀ ਨੋਟ—ਪ੍ਰੋਫੈਸਰ ਸਾਹਿਬ ਦੇ ਇਕ ਵਿਪੱਖ ਵਲੋਂ ਪੋਥੀਆਂ ਵਿਚ ਲਿਖਿਆ ਹੈ ਕਿ— 'ਕਬੀਰ ਨਾਮਾ ਭਗਤ ਬਾਬੇ ਕੇ।' ਉਤਰ ਹੈ ਕਿ 'ਕਬੀਰ ਤੇ ਨਾਮੇ ਨੂੰ 'ਬਾਬੇ' ਨੇ ਆਪਣਾ ਭਗਤ ਮੰਨਿਆ ਹੈ, ਸਿਖ ਨਹੀਂ'। ਦੂਜੇ ਇਹ ਲਿਖਤ ਕਿਸੇ ਅਗਿਆਤ ਲਿਖਾਰੀ ਦੀ ਹੈ, ਗੁਰੂ ਜੀ ਦੀ ਨਹੀਂ'।'

ਆਖਰ, ਇਹ ਪ੍ਰੋ. ਸਾਹਿਬ ਸਿੰਘ ਜੀ ਹੀ ਸਨ ਜਿਨ੍ਹਾਂ ਨੇ ਗੁਰਬਾਣੀ-ਵਿਆਕਰਣ ਦੇ ਨੇਮਾਂ ਅਨੁਸਾਰ ਇਸ ਨੂੰ ਗੁਰਮਤਿ ਅਨੁਕੂਲ ਸਿੱਧ ਕੀਤਾ ਅਤੇ ਇਸ ਸੰਬੰਧੀ ਪੈਦਾ ਹੋਏ ਵਾਦ-ਵਿਵਾਦ ਦਾ ਹਮੇਸ਼ਾ ਲਈ ਖਾਤਮਾ ਕੀਤਾ।

ਪ੍ਰੋ. ਪ੍ਰੀਤਮ ਸਿੰਘ ਜੀ ਆਪ ਜੀ ਦੀ ਜੀਵਨ ਕਹਾਨੀ ਦੇ ਪੰ. 20-24 ਉੱਤੇ ਲਿਖਦੇ ਹਨ—

'ਗੁਰਬਾਨੀ ਵਿਆਕਰਣ ਦੇ ਛਪਣ ਉੱਤੇ 13 ਸਤੰਬਰ, 1939 ਨੂੰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਪ੍ਰਬੰਧਕ ਕਮੇਟੀ ਨੇ ਇਨ੍ਹਾਂ (ਪ੍ਰੋ. ਸਾਹਿਬ ਸਿੰਘ) ਨੂੰ ਇਕ ਹਜ਼ਾਰ ਰੁਪੈ ਇਨਾਮ ਦਿਤਾ। ਇਸ ਵਿਆਕਰਣ ਵਿਚ, ਜਿਸ ਤਰ੍ਹਾਂ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਗਿਣਤੀ ਦੇ ਨੇਮਾਂ ਅੰਦਰ ਬੰਨ੍ਹਿਆ ਹੋਇਆ ਸ਼ਾਬਤ ਕੀਤਾ ਹੈ, ਤੇ ਜਿਸ ਯੋਗਤਾ ਨਾਲ ਹਰ ਨੇਮ ਦੀ ਪੁਸ਼ਟੀ ਲਈ ਉਦਾਹਰਣ ਪੇਸ਼ ਕੀਤੇ ਗਏ ਹਨ, ਉਸ ਨੂੰ ਮੁਖ ਰੱਖ ਕੇ ਇਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਨਿਨੀ' ਕਹਿਣਾ ਅਯੋਗ ਨਹੀਂ ਹੋਵੇਗਾ। ਇਹ ਵਿਆਕਰਣ ਇਨ੍ਹਾਂ ਨੇ ਨਿਰਾ ਲਿਖ ਕੇ ਹੀ ਨਹੀਂ ਰੱਖ ਛੱਡਿਆ; ਸਗੋਂ, ਇਸ ਨੂੰ ਆਪਣੀਆਂ ਸਾਰੀਆਂ ਟੀਕਾਵਾਂ ਦਾ ਆਧਾਰ ਬਣਾਇਆ ਹੈ। ਕੋਈ ਸਮਾਂ ਸੀ ਜਦ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਅੰਤਲੇ ਔਂਕੜ ਤੇ ਸਿਹਾਰੀਆਂ ਨੂੰ ਫ਼ਾਲਤੂ ਫ਼ਾਲਤੂ ਸਮਝਿਆ ਜਾਂਦਾ ਸੀ, ਪਰ ਗੁਰਬਾਨੀ ਵਿਆਕਰਣ ਤੇ ਉਸਦੇ ਆਧਾਰ ਉੱਤੇ ਕੀਤੇ ਗਏ ਸਟੀਕਾਂ ਦੇ ਛਪਣ ਤੋਂ ਉਪ੍ਰੰਤ ਬੜੇ ਘੱਟ ਸੱਜਣ ਹਨ ਜਿਹੜੇ ਇਨ੍ਹਾਂ ਲਗਾਂ ਦੀ ਵਿਆਕਰਣਕ ਮਹੱਤਾ ਨੂੰ ਨਾ ਪਛਾਣਦੇ ਹੋਣ। ਇਸ ਦਾ ਇਕ ਵੱਡਾ ਫਲ ਇਹ ਹੋਇਆ ਹੈ ਕਿ ਬਾਣੀ ਦੇ ਅਰਥਾਂ ਵਿਚ ਕਾਫ਼ੀ ਹੱਦ ਤਕ ਸਮਾਨਤਾ ਆ ਗਈ ਹੈ।

'ਗੁਰਬਾਣੀ ਵਿਆਕਰਣ ਇਕ ਭਰਪੂਰ ਰਚਨਾ ਹੈ। ਭਾਸ਼ਾ ਵਿਕਾਸ ਤੇ ਹੋਰ ਸੰਬੰਧਤ ਵਿਸ਼ਿਆਂ ਬਾਰੇ ਬੜੀ ਵਾਕਫ਼ੀ ਦਿਤੀ ਹੈ। ਆਪਣੇ ਅਧਿਐਨ ਨੂੰ ਵਿਗਿਆਨਿਕ ਤੇ ਆਲੋਚਨਾਤਮਿਕ ਬਣਾਉਣ ਲਈ ਬ੍ਰਜ, ਅਵਧੀ, ਖੜੀ, ਰਾਜਸਤਾਨੀ, ਮਰਹੱਟੀ, ਅਪਭ੍ਰੰਸ਼, ਪ੍ਰਾਕ੍ਰਿਤ ਵਿਚੋਂ ਉਚਾਰਣ ਦੇ ਕੇ ਆਪਣੇ ਪੱਖ ਨੂੰ ਸਿੱਧ ਕੀਤਾ ਹੈ।'

'ਹੁਣ ਤਕ ਜਿਨ੍ਹਾਂ ਵਿਸ਼ਿਆਂ ਨੂੰ (ਪ੍ਰਿੰ. ਸਾਹਿਬ ਸਿੰਘ ਨੇ) ਅਪਣਾਇਆ ਹੈ, ਉਹ

ਹਨ : ਗੁਰਬਾਣੀ ਤੇ ਇਸ ਦਾ ਵਿਆਕਰਣ, ਸਿਖ ਧਰਮ ਤੇ ਇਤਿਹਾਸ ਆਦਿ...

ਆਪ ਵਿਸ਼ੇਸ਼ ਕਰ ਕੇ ਧਰਮ ਦੇ ਲੇਖਕ ਹਨ, ਜਿਸ ਨੂੰ ਸਮਾਜ ਦੇ ਉੱਨਤ ਚੌਖਟੇ ਦੇ ਅਨੁਸਾਰੀ ਬਣਾ ਕੇ ਪੇਸ਼ ਕਰਦੇ ਹਨ। ਸ੍ਰੋਤ, ਰਵਾਇਤ ਜਾਂ ਬਹੁਤਿਆਂ ਦੀ ਮਨੌਤ ਨੂੰ ਚੁਪ ਚੁਪੀਤੇ ਪਰਵਾਨ ਕਰਨ ਦੀ ਥਾਂ, ਆਪ ਬਹੁਤ ਮਸਲਿਆਂ ਨੂੰ ਸੁਤੰਤਰ ਤੇ ਮੌਲਕ ਦ੍ਰਿਸ਼ਟੀਕੋਣ ਤੋਂ ਦੇਖਣ ਦੇ ਆਦੀ ਹਨ। ਨਤੀਜੇ ਉੱਤੇ ਪਹੁੰਚਣ ਲਈ ਆਪ ਹਮੇਸ਼ਾਂ ਅੰਦਰੂਨੀ ਗਵਾਹੀ ਦੀ ਭਾਲ ਕਰਦੇ ਹਨ। ਇਹ ਇਨ੍ਹਾਂ ਦੀ ਨਿਖੇੜਵੀਂ ਵਿਸ਼ੇਸ਼ਤਾਈ ਹੈ।

(ਪੰਜਾਬੀ ਦੁਨੀਆਂ, ਜੁਲਾਈ 1952 'ਚੋਂ ਧੰਨਵਾਦਿ ਸਹਿਤ)

## (9)

## ਕੁੱਝ ਹੋਰ ਅਹਿਮ ਨੁਕਤੇ ਤੇ ਹਵਾਲੇ :

(1) ਪ੍ਰੋ. ਸਾਹਿਬ ਦਾ ਨਿਰਣਾ ਹੈ ਕਿ ਭਗਤਾਂ ਦੀ ਬਾਣੀ ਸ੍ਰੀ ਗੁਰੂ ਨਾਨਕ ਜੀ ਪਾਸ ਸੀ ਅਤੇ ਸਾਰੇ ਭਗਤਾਂ ਨਾਲ ਨਾ ਤਾਂ ਗੁਰੂ ਜੀ ਦਾ ਮਿਲਾਪ ਹੀ ਹੋਇਆ ਅਤੇ ਨ ਹੀ ਸਾਰੇ ਆਪ ਜੀ ਦੇ ਸਮਕਾਲੀ ਸਨ।

(2) ਸ਼ੇਖ ਫ਼ਰੀਦ ਜੀ ਦੀ ਅੱਠ ਸੌ ਸਾਲਾ ਬਰਸੀ ਸਮੇਂ ਲੰਬਾ ਚੌੜਾ ਸਾਹਿਤ ਛਪਿਆ, ਉਸ ਸਾਰੇ ਵਿਚ ਇਹ ਪਰਵਾਨਿਆ ਗਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਸ਼ੋਭਤ ਬਾਣੀ ਉਸ ਬਾਬਾ ਫਰੀਦ ਸ਼ਕਰਗੰਜ ਜੀ ਦੀ ਹੈ, ਜਿਸ ਦਾ ਜਨਮ ਸੰਨ 1173 ਵਿਚ ਹੋਇਆ ਸੀ। ਇਸ ਸੰਬੰਧ ਵਿਚ ਪੰਜਾਬ ਯੂਨੀਵਰਸਿਟੀ ਵਲੋਂ ਛਪੇ ਇਕੱਲੇ ਸਿਮ੍ਰਿਤੀ ਗ੍ਰੰਥ ਵਿਚ 16 ਵਿਦਵਾਨਾਂ ਦੇ ਲੇਖ ਉਪ੍ਰੋਕਤ ਤੱਥ ਦੀ ਹਿਮਾਇਤ ਕਰਦੇ ਹਨ।

(3) ਪ੍ਰੋ. ਸਾਹਿਬ ਸਿੰਘ ਦੀ ਇਸ ਮਨੌਤ ਦੀ ਕਿ 'ਬਾਣੀ' ਬਾਬਾ ਸ਼ੇਖ ਫਰੀਦ ਦੀ ਹੈ; ਸ਼ੇਖ ਇਬਰਾਹੀਮ ਦੀ ਨਹੀਂ, ਵਿਰੋਧਤਾ ਕਰਨ ਵਾਲਿਆਂ ਨੂੰ ਇਹ ਤਾਂ ਮੰਨਣਾ ਪਵੇਗਾ ਕਿ ਇਸ ਬਾਣੀ ਉੱਤੇ ਸ੍ਰੀ ਗੁਰੂ ਨਾਨਕ ਦੇਵ ਜੀ ਟਿੱਪਣੀ ਕਰਦੇ ਹਨ, ਨਾ ਕਿ ਸ਼ੇਖ ਅਬ੍ਰਾਹਮ ? ਕੀ ਸਤਿਗੁਰਾਂ ਦੀ ਵਡਿਆਈ ਇਸ ਵਿਚ ਹੈ ਕਿ ਆਪਣੇ ਵੀਚਾਰਾਂ ਦੇ ਵਿਰੋਧ ਵਿਚ ਲਿਖੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰਬਾਣੀ ਤੁਲ ਅਸਥਾਨ ਦੇਣ ? ਫੇਰ, ਵਿਰੋਧੀਆਂ ਦੇ ਇਸ ਦਾਅਵੇ ਦਾ ਕਿ ਸ਼ੇਖ ਅਬ੍ਰਾਹਮ ਨੇ ਗੁਰੂ ਜੀ ਤੋਂ ਪ੍ਰਭਾਵਤ ਹੋ ਕੇ ਆਪਣਾ ਪਾਕ ਕਲਾਮ ਲਿਖਿਆ ਹੈ, ਵਿਚ ਕੀ ਵਜ਼ਨ ਰਹਿੰਦਾ ਹੈ ? ਸਾਡੀ ਸਿੱਧੀ ਪੁੱਛ ਹੈ ਕਿ ਕੀ 'ਬੇੜਾ ਬੰਧਿ ਨ ਸਕਿਓ, ਬੰਧਨ ਕੀ ਵੇਲਾ...। ਵਾਲਾ ਸ਼ਬਦ 'ਜਪ ਤਪ ਕਾ ਬੰਧੁ ਬੇੜੁਲਾ...' (ਗੁਰੂ ਨਾਨਕ) ਉੱਤੇ ਟਿੱਪਣੀ ਹੈ ਜਾਂ ਇਸ ਦੇ ਉਲਟ ਗੁਰੂ ਬਾਣੀ, ਸ਼ੇਖ ਫਰੀਦ ਦੀ ਬਾਣੀ ਉੱਤੇ ? ਸਤਿਗੁਰਾਂ ਦੀ ਅਜ਼ਮਤ ਕਿਸ ਵਿਚ ਹੈ ? ਸਪਸ਼ਟ ਹੈ ਕਿ ਗੁਰੂ ਜੀ ਥਾਂ ਬਰ ਥਾਂ ਐਸੀਆਂ ਸੇਧਾਂ ਬਖਸ਼ਦੇ ਹਨ। ਪਰ, ਵਿਰੋਧੀ ਸੱਜਣ ਜੀ ਆਪਣੇ ਇਕ ਪੱਖੀ ਤੇ ਅਯਥਾਰਥ ਵੀਚਾਰਾਂ ਵਿਚ ਏਨੇ ਉਲਝੇ ਹੋਏ ਹਨ ਕਿ

ਕਾਣੇ ਊਠ ਦੇ ਬ੍ਰਿਛ ਦੇ ਇਕੋ ਪਾਸੇ ਬੂਰਕ ਮਾਰੀ ਜਾਣ ਸਮਾਨ, ਕਿਸੇ ਦੀ ਵੇਖਦੇ, ਸੁਣਦੇ ਤੇ ਵੀਚਾਰਦੇ ਹੀ ਨਹੀਂ।

(4) ਡਾਕਟਰ ਕਿਰਪਾਲ ਸਿੰਘ ਜੀ ਨੇ ਪ੍ਰੋ. ਸਾਹਿਬ ਸਿੰਘ ਜੀ ਦੇ ਪੱਖ ਦੀ ਪੂਰਤੀ ਵਿਚ ਇਕ ਬਾ-ਦਲੀਲ ਲੇਖ ਲਿਖਿਆ ਹੈ। ਜਿਸ ਵਿਚੋਂ ਕੇਵਲ ਸ਼ੇਖ ਫਰੀਦ ਦੀ ਬਾਣੀ ਨਾਲ ਸੰਬੰਧਤ ਕੁਝ ਨੁਕਤੇ, ਜੋ ਗਿ. ਗੁਰਦਿਤ ਸਿੰਘ ਵਲੋਂ ਪ੍ਰਗਟਾਏ ਵੀਚਾਰਾਂ ਦਾ ਖੰਡਨ ਕਰਦੇ ਹਨ, ਹੇਠਾਂ ਅੰਕਿਤ ਹਨ—

ਪੰਚਮ ਗੁਰੂ ਜੀ ਨੇ ਕੋਈ ਵੀ ਕੱਚੀ ਬਾਣੀ ਸ੍ਰੀ ਗੁਰੂ ਗ੍ਰੰਥ ਵਿਚ ਚੜ੍ਹਾਉਣ ਲਈ ਨਹੀਂ ਪ੍ਰਵਾਨੀ; ਜਿਹਾ ਕਿ ਨਸੀਹਤ ਨਾਮਾ, ਪ੍ਰਾਨ ਸੰਗਲੀ ਆਦਿਕ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰ. 1377 ਉਤੇ ਸਿਰਲੇਖ ਹੈ : 'ਸਲੋਕ ਸ਼ੇਖ ਫਰੀਦ ਕੇ' ਤਾਂ ਇਹ ਸਲੋਕ ਸ਼ੇਖ ਫਰੀਦ ਦੇ ਹਨ, ਸ਼ੇਖ ਇਬਰਾਹੀਮ ਜਾਂ ਫਰੀਦ ਸਾਨੀ ਦੇ ਨਹੀਂ ਹਨ। ਪੁਰਾਤਨ ਜਨਮ ਸਾਖੀ ਦਾ ਕਰਤਾ ਸਪਸ਼ਟ ਹੈ ਕਿ ਸ਼ੇਖ ਫਰੀਦ ਹੋਰ ਹੈ ਅਤੇ ਸ਼ੇਖ ਇਬਰਾਹੀਮ ਹੋਰ। ਜਿਸ ਰਾਜ਼ ਨੂੰ ਜਨਮ ਸਾਖੀ ਦਾ ਕਰਤਾ ਜਾਣਦਾ ਹੈ, ਉਸ ਨੂੰ ਪੰਚਮ ਗੁਰਦੇਵ ਵੀ ਜਾਣਦੇ ਸਨ ਅਤੇ ਆਪ ਜੀ 'ਇਬਰਾਹੀਮ ਸਾਨੀ' ਵੀ ਲਿਖ ਸਕਦੇ ਸਨ। ਮੁਸਲਮਾਨਾਂ ਜਾਂ ਮੁਸਲਿਮ ਫਕੀਰਾਂ ਵਿਚ ਐਸੀ ਕੋਈ ਪਰੰਪਰਾ ਨਹੀਂ, ਜਿਸ ਦੀ ਰੂ ਨਾਲ ਸ਼ੇਖ ਬ੍ਰਹਮ ਆਪਣੇ ਆਪ ਨੂੰ ਫਰੀਦ ਜਾਂ ਫਰੀਦ ਸਾਨੀ ਕਹਿ ਜਾਂ ਲਿਖ ਸਕਦਾ ਹੈ।

(5) ਸ. ਰਤਨ ਸਿੰਘ ਜੀ ਬੀ.ਏ., ਬੀ.ਟੀ., ਗਿਆਨੀ ਲਬਰਾ, ਇੰਗਲੈਂਡ (ਯੂ.ਕੇ.) ਨੇ, 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ (ਭਗਤ ਬਾਣੀ ਭਾਗ) ਨੂੰ ਮਹੀਨਿਆਂ ਬੱਧੀ ਘੋਖ ਕੇ, 'ਸ੍ਰੀ ਗੁਰੂ ਗ੍ਰੰਥ ਜੀ ਵਿਚਲੀ 'ਭਗਤ ਬਾਣੀ' ਤੇ ਉਸ ਦੇ ਰਚਯਤਾ ਭਗਤ' ਦੇ ਸਿਰਲੇਖ ਹੇਠ 41 ਪੰਨਿਆਂ ਦਾ ਲੇਖ ਲਿਖਿਆ ਹੈ; ਜਿਸ ਵਿਚ ਉੱਪਰ ਲਿਖੀ ਪੁਸਤਕ ਵਿਚ ਕੱਢੇ ਤਥਾਂ ਨੂੰ ਬੁਰੀ ਤਰ੍ਹਾਂ ਝੁਠਲਾਇਆ ਅਤੇ ਹੋਰ ਬੇਸ਼ੁਮਾਰ ਊਣਤਾਈਆਂ ਤੇ ਅਸ਼ੁੱਧੀਆਂ ਨੂੰ ਪ੍ਰਗਟਾਇਆ ਗਿਆ ਹੈ। ਇਹ ਪ੍ਰੋ. ਸਾਹਿਬ ਸਿੰਘ ਦੇ ਪੱਖ ਦੀ ਬਾ-ਦਲੀਲ ਹਿਮਾਇਤ ਕਰਦਾ ਹੈ; ਜਿਵੇਂ—

ਪੰਨਾ 382 ਤੇ ਗਿਆਨੀ ਜੀ ਨੇ ਲਫ਼ਜ਼ 'ਮਫ਼ਲੂਜ਼ਾਤ' ਵਰਤਿਆ ਹੈ। ਕਿਸੇ ਕੋਸ਼ ਵਿਚ ਐਸਾ ਕੋਈ ਸ਼ਬਦ ਨਹੀਂ। ਸਹੀ ਲਫ਼ਜ਼ 'ਮਲਫ਼ਜਾਤ' ਹੈ, ਜੋ ਲਫ਼ਜ਼ 'ਮਲਫ਼ੂਜ਼' ਦਾ ਬਹੁਵਚਨ ਹੈ, ਜਿਸ ਦਾ ਅਰਥ ਹੈ 'ਕਿਸੇ ਸੂਫ਼ੀ ਦਾ ਕਲਾਮ। ਜਾਪਦਾ ਹੈ ਗਿਆਨੀ ਜੀ ਨੂੰ ਉਰਦੂ, ਫ਼ਾਰਸੀ ਜਾਂ ਅਰਬੀ ਨਹੀਂ ਆਉਂਦੀ। ਅਕਲ ਦੀ ਗਲ ਇਹ ਹੈ ਕਿ ਜੇ ਬੰਦੇ ਨੂੰ ਸ਼ਬਦ-ਹਿਜਿਆਂ ਤੇ ਅਰਥਾਂ ਦਾ ਗਿਆਨ ਨ ਹੋਵੇ, ਤਾਂ ਉਸ ਸ਼ਬਦ ਨੂੰ ਨ ਵਰਤੇ। ਐਵੇਂ ਹੌਲਾ ਕਿਉਂ ਪੈਣਾ ?

ਪੰਨਾ 368 ਤੇ ਗਿਆਨੀ ਜੀ ਲਿਖਦੇ ਹਨ : 'ਇੰਡੋ ਆਰੀਅਨ ਲੈਂਗੂਜ਼'। ਸ਼ਾਇਦ ਇੰਡੋ ਏਰੀਅਨ ਲੈਂਗੁਏਜਿਜ਼' ਬਾਰੇ ਲਿਖਦੇ ਹੋਣ। ਜਾਪਦਾ ਹੈ ਗਿਆਨੀ ਜੀ ਨੂੰ ਅੰਗ੍ਰੇਜ਼ੀ ਦਾ ਚੰਗਾ ਗਿਆਨ ਨਹੀਂ।

(32) ਪੰ. 509 'ਮੂੰਹ ਮਾਸੈ ਕਾ ਜੀਭ ਮਾਸੈ ਕੀ, ਹਮ ਮਾਸੈ ਕੇ ਭਾਂਡੇ ॥
ਗਿਆਨ ਧਿਆਨ ਕਿਛ ਸੂਝੈ ਨਾਹੀ ਚਤਰ ਕਹਾਵੈ ਪਾਂਡੇ ॥

(ਮਲਾਰ ਕੀ ਵਾਰ, ਮ. ੧)

ਟਿੱਪਣੀ—ਗਿਆਨੀ ਜੀ ਕਾਂਟ ਛਾਂਟ ਕਰ ਕੇ ਦੋ ਤੁਕਾਂ ਦੀ ਇਕ ਤੁਕ ਬਣਾ ਲੈਂਦੇ ਹਨ। ਧੰਨ ਖੋਜ !

ਦੋ ਤੁਕਾਂ ਇਹ ਹਨ—

ੳ) ਮੁਹੁ ਮਾਸੈ ਕਾ ਜੀਭ ਮਾਸੈ ਕੀ, ਮਾਸੈ ਅੰਦਰਿ ਮਾਸੁ ॥ (1289)
ਅ) ਮਾਸਹੁ ਨਿੰਮੇ ਮਾਸਹੁ ਜੰਮੇ, ਹਮ ਮਾਸੈ ਕੇ ਭਾਂਡੇ ॥ (1290)

(ਨੋਟ—ਹੈਰਾਨੀ ਵਾਲੀ ਗਲ ਹੈ ਕਿ ਗਿਆਨੀ ਜੀ ਨੇ ਦੋ ਵੱਖ ਵੱਖ ਪੰਨਿਆਂ ਉਤੇ ਅੰਕਿਤ ਵੱਖ ਵੱਖ ਤੁਕਾਂ ਨੂੰ, ਭੰਨ ਤੋੜ ਕੇ ਇਕੱਠੇ ਕਿਵੇਂ ਕਰ ਲਿਆ। ਕੀ ਇਹ ਵੀ ਛਾਪੇਖਾਨੇ ਵਾਲਿਆਂ ਦੀ ਭੁਲ ਹੈ ? —ਲੇਖਕ)

ਇਹ ਬਿਉਰਾ ਬਹੁਤ ਲੰਮਾਂ ਤੇ ਹੈਰਾਨੀਜਨਕ ਹੈ; ਪਰ ਸਭ ਤੋਂ ਵਡੀ ਇਕ ਦੁਖਦਾਈ ਗਲ ਸਾਡੇ ਪ੍ਰਕਰਣ ਤੇ ਪ੍ਰਸੰਗ ਨਾਲ ਸੰਬੰਧਤ ਇਹ ਹੈ ਕਿ ਗਿਆਨੀ ਜੀ ਨੇ ਬੜੀ ਬੇਕਿਰਕੀ, ਬੇਰਹਿਮੀ ਤੇ ਵਿਅੰਗ ਮਈ ਲਿਖਤ ਨਾਲ ਪ੍ਰੋ. ਸਾਹਿਬ ਸਿੰਘ ਦੀ ਖਿੱਲੀ ਉਡਾਈ ਤੇ ਉਸ ਨੂੰ ਛੁਟਿਆਇਆ ਹੈ; ਜਿਵੇਂ—

ਪੰਨਾ 41 ਉੱਤੇ— 'ਪ੍ਰੋਫੈਸਰ ਸ਼ਾਹੀ'

ਪੰਨਾ 546 ਉੱਤੇ— ਧੰਨ ਖੋਜ ! ਧੰਨ ਸਿੱਖੀ !! ਧੰਨ ਵਿਦਵਤਾ !!!

ਪੰਨਾ 547 ਉੱਤੇ— ਪ੍ਰੋ. ਸਾਹਿਬ ਸਿੰਘ ਜੀ ਦੀਆਂ 'ਲਿਖਤਾਂ ਨੂੰ ਵਿਗਿਆਨਕ ਕਹਿਣ ਵਾਲਿਆਂ ਲਈ ਖੁੱਲ੍ਹਾ ਚੈਲੰਜ ਹੈ', ਜਿਸ ਕਾਰਨ, ਮਾਸਟਰ ਰਤਨ ਸਿੰਘ ਜੀ ਲਿਖਦੇ ਹਨ, ਕਿ ਉਨ੍ਹਾਂ ਨੇ ਉੱਤਰ ਦੇਣ ਦਾ ਮਨ ਬਣਾਇਆ। ਉਹ ਪ੍ਰੋਫੈਸਰ ਸਾਹਿਬ ਉਤੇ ਥੋਪੇ ਜਾ ਰਹੇ ਦੋਸ਼ ਕਿ ਗੁਰੂ ਜੀ 'ਨਕਲਚੀਏ ਸਨ', ਬਰਦਾਸ਼ਤ ਨਾ ਕਰ ਸਕੇ।

ਆਖ਼ਰੀ ਸ਼ਬਦ—ਜਦ ਤਕ ਇਹ ਸ੍ਰਿਸ਼ਟੀ ਕਾਇਮ ਹੈ, ਗੁਰ-ਸ਼ਬਦ ਅਟੱਲ ਤੇ ਨਿਹਚਲ ਹੈ; ਉਸ ਦੇ ਨਾਲ ਹੀ ਕਾਇਮ ਦਾਇਮ ਰਹੇਗੀ ਪ੍ਰੋ. ਸਾਹਿਬ ਸਿੰਘ ਜੀ ਵਲੋਂ ਕੀਤੀ 'ਬਾਣੀ' ਦੀ ਅਦੁੱਤੀ ਵਿਗਿਆਨਕ ਵਿਆਖਿਆਕਾਰੀ। ਇਹ ਗਲ ਵੀ ਨੋਟ ਕਰਨ ਯੋਗ ਹੈ ਕਿ ਚਾਹੇ ਕੋਈ ਪ੍ਰੋਫੈਸਰ ਸਾਹਿਬ ਨਾਲ ਪੂਰਨ ਤੌਰ ਉੱਤੇ ਸਹਿਮਤ ਹੋਵੇ ਜਾਂ ਨਾਂਹ ਸ਼ੁੱਧ ਕਥਾ ਵਾਰਤਾ ਉਹ ਉਨ੍ਹਾਂ ਦੇ 'ਬਾਣੀ ਟੀਕਿਆਂ' ਨੂੰ ਵੇਖ ਵੀਚਾਰ ਕੇ ਹੀ ਕਰਦਾ ਹੈ। ਇਸ ਹਕੀਕ਼ਤ ਦੀ ਹੋਂਦ ਵਿਚ ਉਨ੍ਹਾਂ ਦੇ ਉਪਕਾਰ ਨੂੰ ਵਿਸਾਰਣਾ, ਅਕ੍ਰਿਤਘਣਤਾ ਹੈ। ਅੱਲਾਮਾ ਇਕਬਾਲ ਐਸੇ ਯੁਗਪੁਰਸ਼ਾਂ ਬਾਰੇ ਹੀ ਬੇਸਾਖਤਾ ਪੁਕਾਰ ਉੱਠਦਾ ਹੈ—

'ਹੋਤਾ ਹੈ ਕੋਹਿ ਦਸ਼ਤ ਮੇਂ ਪੈਦਾ ਕਭੀ ਕਭੀ।
ਵੁਹ ਮਰਦ ਜਿਸ ਕਾ ਫੱਕਰ ਕਰੇ ਖ਼ਜ਼ਫ ਕੋ ਨਗੀਂ' ॥ (ਲੇਖਕ ਹਰਿਭਜਨ ਸਿੰਘ)

ਮੈਂਬਰ ਧਰਮ ਪ੍ਰਚਾਰ ਕਮੇਟੀ (ਸ਼੍ਰੋ. ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ)

# ਪ੍ਰੋਫੈਸਰ ਸਾਹਿਬ ਸਿੰਘ
# ਗੁਰਬਾਣੀ ਸਿਧਾਂਤ ਤੇ ਟੀਕਾਕਾਰੀ

ਵਿਦਵਾਨ ਨਿਬੰਧਕਾਰ ਹੈਜ਼ਲਿਟ ਨੇ, ਮਹਾਨ ਸ਼ੇਕਸਪੀਅਰ ਦੀ ਵਿੱਦਵਤਾ ਦਾ ਜਾਇਜ਼ਾ ਲੈਣ ਵਾਲੇ ਸਾਧਾਰਣ ਵਿਦਵਾਨਾਂ ਦੇ ਯਤਨਾਂ ਨੂੰ "ਪੜ੍ਹਿਆਂ ਲਿਖਿਆਂ ਦੀ ਲਾ-ਇਲਮੀ (Ignorance of the Learned)" ਕਰਾਰ ਦਿੱਤਾ ਹੈ। ਉਸ ਦਾ ਵਿਚਾਰ ਹੈ ਕਿ ਸ਼ੇਕਸਪੀਅਰ ਉੱਤੇ ਟੀਕਾ ਟਿਪਣੀ ਕਰਨ ਵਾਲਾ ਵਿਅਕਤੀ, ਜੇ ਉਸ ਤੋਂ ਉਚ ਕੋਟੀ ਦਾ ਵਿਦਵਾਨ ਨਾ ਵੀ ਹੋਵੇ, ਤਾਂ ਘੱਟੋ ਘੱਟ ਉਸ ਦੇ ਮੇਚੇ ਦਾ ਤਾਂ ਆਵੱਸ਼ ਹੋਣਾ ਚਾਹੀਦਾ ਹੈ। ਪਰਬਤ ਦੀ ਚੋਟੀ ਦਾ ਗਿਆਨ, ਪਰਬਤ ਦੇ ਪੈਰਾਂ ਹੇਠ ਖਲੋਤਿਆਂ ਪ੍ਰਾਪਤ ਕਰ ਸਕਣਾ ਅਸੰਭਵ ਹੈ। ਪ੍ਰੋ. ਸਾਹਿਬ ਸਿੰਘ ਜਿਹੇ ਗੁਰਬਾਣੀ ਤੇ ਗੁਰਮੱਤ-ਗਿਆਤਾ ਅਤੇ ਵਿਆਕਰਣ-ਆਚਾਰੀਆ ਬਾਰੇ, ਕੁਲੀ ਤੌਰ ਉੱਤੇ ਕੁਝ ਕਹਿਣ ਸਮੇਂ, ਇਹ ਲੇਖਕ ਵੀ, ਆਪਣੇ ਆਪ ਨੂੰ ਕੁਝ ਐਸੀ ਹੀ ਦੁਬਿਧਾ ਵਿਚ ਗ੍ਰਸਿਆ ਮਹਿਸੂਸ ਕਰਦਾ ਹੈ। ਹਾਂ, 'ਸਪੁਰਦਮ ਬ-ਤੋ ਮਾਯ਼ਾ-ਏ-ਖੇਸ਼ਰਾ, ਤੂ ਦਾਨੀ : ਹਿਸਾਬਿ ਕਮੋ ਬੇਸ ਰਾ' (I dedicate all my belongings unto Thee, Little be it or much, Thou knowest it) ਦੇ ਸਾਰ-ਕਥਨ ਅਨੁਸਾਰ, ਸ਼ਰਧਾ ਅਕੀਦਤ ਦੇ ਫੁੱਲਾਂ ਵਜੋਂ, ਕੁਝ ਅਧੂਰੇ ਜਿਹੇ ਵਿਚਾਰ, ਪੇਸ਼ਿ ਖਿਦਮਤ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਮਦ ਤੋਂ ਪਹਿਲਾਂ ਸੰਸਾਰ ਵਿਚ ਤਿੰਨ ਸੌ ਦੇ ਕਰੀਬ ਮੱਤ ਮਤਾਂਤ੍ਰ ਅਤੇ ਤਿੰਨ ਕੁ ਹਜ਼ਾਰ ਉਪ-ਸੰਪ੍ਰਦਾਵਾਂ ਮੌਜੂਦ ਸਨ; ਪ੍ਰੰਤੂ, 'ਗੁਰੂ ਬਾਬੇ' ਦੇ 'ਏਕੋ ਧਰਮ ਦ੍ਰਿੜੈ ਸਚੁ ਕੋਈ' ਦੀ

'ਇੱਕ ਓਅੰਕਾਰੀ' ਇਕਾਈ ਤੇ ਮਾਨਵ-ਸਮਾਨਤਾ ਦਾ ਅਭਾਵ ਸੀ। ਭਾਈ ਗੁਰਦਾਸ ਜੀ ਨੇ ਸਤਿਗੁਰੂ ਜੀ ਦੇ ਇਸ ਸਰਬ-ਦੇਸ਼ੀ ਤੇ ਸਰਬ-ਕਾਲੀ 'ਸਚੁ ਧਰਮੁ' ਦੇ, ਦੋ ਬੁਨਿਆਦੀ ਗੁਣਾਂ ਦਾ ਇਉਂ ਬਿਉਰਾ ਦਿੱਤਾ ਹੈ :—

(ੳ) ਸ਼ਬਦਿ ਜਿਤੀ ਸਿਧਿ ਮੰਡਲੀ, ਕੀਤੋਸੁ ਅਪਣਾ ਪੰਥ 'ਨਿਰਾਲਾ'।
(ਵਾਰ ਪਹਿਲੀ, ਪੰ. 31)

(ਅ) ਮਾਰਿਆ ਸਿੱਕਾ ਜਗਤਿ ਵਿਚਿ, ਨਾਨਕ 'ਨਿਰਮਲ' ਪੰਥ ਚਲਾਇਆ ॥
(ਵਾਰ ਪਹਿਲੀ, ਪੰ. 45)

ਸੋ 'ਪੰਥ' ਦੇ ਵਧਣ ਫੁੱਲਣ ਅਤੇ ਹਲੇਮੀ ਰਾਜ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ ਉਹ ਬਿਪਰਨ ਦੀਆਂ ਰੀਤਾਂ ਤੇ ਸੰਸਕਾਰਾਂ ਦੀ ਮਿਲਾਵਟ ਤੋਂ ਸੁਤੰਤਰ ਹੋ ਵਿਚਰੇ ਅਤੇ ਸਦਾ ਧੁਰ ਕੀ ਬਾਣੀ ਦੀ ਰੌਸ਼ਨੀ ਵਿਚ ਤੁਰੇ। ਇਹ, ਕੇਵਲ ਤੇ ਕੇਵਲ, ਗੁਰਬਾਣੀ-ਗਿਆਨ ਹੀ ਹੈ, ਜੋ ਪੰਥ ਨੂੰ 'ਜਾਗਤ ਜੋਤਿ' ਦਾ ਪੁਜਾਰੀ, ਨਿਆਰਾ, ਖਾਲਿਸ ਤੇ ਨਿਰਮਲ ਰੱਖ ਸਕਦਾ ਹੈ। ਸੰਸਾਰ ਦੇ ਵੱਡੇ ਵੱਡੇ ਧਰਮ-ਗ੍ਰੰਥਾਂ ਵਿਚੋਂ, ਇਹ ਮਾਣ ਵਾਹਿਦ ਤੇ ਸਰਬ-ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਪ੍ਰਾਪਤ ਹੈ, ਕਿ ਇਸ ਦੀ ਸੰਕਲਣਤਾ, ਪੰਜਵੇਂ ਨਾਨਕ, ਸ੍ਰੀ ਗੁਰੂ ਅਰਜੁਨ ਦੇਵ ਜੀ— ਨੇ ਆਪਣੀ ਹਯਾਤੀ ਵਿਚ ਕੀਤੀ ਅਤੇ ਇਸ ਤਰ੍ਹਾਂ ਕਰਕੇ, ਇਸ ਉੱਤੇ ਆਪਣੀ ਪ੍ਰਮਾਣੀਕਤਾ ਦੀ ਮੁਹਰ ਲਾ ਦਿਤੀ।

ਜੋ ਧਾਰਮਿਕ ਰਚਨਾ ਅਥਵਾ ਇਤਿਹਾਸਕ ਬਿਰਤਾਂਤ ਗੁਰੂ ਬਾਣੀ ਦੇ ਆਸ਼ੇ ਅਨੁਸਾਰ ਨਹੀਂ, ਉਹ ਪੰਥ ਵਿਚ ਪ੍ਰਮਾਣਤ ਨਹੀਂ ਮੰਨਿਆ ਜਾ ਸਕਦਾ। ਪ੍ਰੋ. ਸਾਹਿਬ ਸਿੰਘ, ਜਿਹਾ ਕਿ, ਅੱਗੇ ਚੱਲ ਕੇ ਵੇਖਾਂਗੇ, ਇਸ ਮੱਤ ਦੇ ਬਹੁਤ ਵੱਡੇ ਮੁਦਈ ਹਨ।

ਵਿਦਵਾਨ ਫਿਲਾਸਫਰ (ਇਕਬਾਲ) ਕਵੀ ਦਾ ਕੀਮਤੀ ਕਥਨ ਹੈ ਕਿ ਜੀਵਨ ਸੰਘਰਸ਼ ਵਿਚ ਮਰਦ ਨੂੰ ਇਹਨਾਂ ਤਿੰਨਾਂ ਤਲਵਾਰਾਂ ਦੀ ਲੋੜ ਹੈ—ਪੁਖਤਾ ਵਿਸ਼ਵਾਸ, ਲਗਾਤਾਰ ਅਮਲ ਅਤੇ ਸਰਬਤ ਦਾ ਦਿਲ ਜਿਤ ਲੈਣ ਵਾਲੀ ਮੁਹੱਬਤ।—

ਯਕੀਂ ਮੁਹਕਮ, ਅਮਲ ਪੈਹਮ, ਮੁਹੱਬਤ ਫ਼ਾਤਹਿਏ ਆਲਮ,
ਜਹਾਦਿ ਜਿੰਦਗਾਨੀ ਮੇਂ, ਯਿਹ ਹੈਂ ਮਰਦੋਂ ਕੀ ਸ਼ਮਸ਼ੀਰੇਂ।

ਪ੍ਰੋਫੈਸਰ ਸਾਹਿਬ ਸਿੰਘ ਜੀ ਇਨ੍ਹਾਂ ਤਿੰਨਾਂ ਸ਼ਸਤਰਾਂ ਨਾਲ ਹੀ ਲੈਸ ਸਨ, ਉਨ੍ਹਾਂ ਨੇ, ਜਿਸ ਦ੍ਰਿੜਤਾ, ਮਿਹਨਤ, ਬੇਬਾਕੀ ਤੇ ਯੁਕਤੀ-ਸ਼ੀਲਤਾ ਨਾਲ ਜੀਵਨ-ਭਰ 'ਧੁਰ ਕੀ ਬਾਣੀ', ਅੰਮ੍ਰਿਤ ਬਾਣੀ ਨੂੰ, ਤਨ ਤਨਹਾ, ਸੱਚੀ ਤੇ ਇਕ ਸਾਰਤਾ-ਸਰੂਪ ਸਿੱਧ ਕਰਨ ਦਾ ਭਰਪੂਰ ਉਪਰਾਲਾ ਕੀਤਾ ਹੈ, ਉਹ ਕਿਸੇ ਹੋਰ ਇੱਕ ਇਕੱਲੇ ਵਿਅਕਤੀ ਦੇ ਤਾਂ ਕੀ, ਸੰਸਥਾ ਦੇ ਹਿੱਸੇ ਵੀ ਨਹੀਂ ਆਇਆ। ਜੋ ਰਚਨਾ, ਚਾਹੇ ਉਹ ਕਿਸੇ ਦੇ ਨਾਮ ਨਾਲ ਵੀ ਮਨਸੂਬ ਹੋਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਕਸਵੱਟੀ ਉੱਤੇ ਪੂਰੀ ਨਹੀਂ ਉਤਰਦੀ, ਗੁਰਬਾਣੀ ਦੀ ਨਿਰਮਲਤਾ ਵਿਚ ਰਲਾ ਪਾਉਣ ਵਾਲੀ ਹੈ, ਉਹ ਅਪ੍ਰਮਾਣਿਤ ਹੈ, ਕੱਚੀ ਹੈ। ਉਨ੍ਹਾਂ ਨੇ, ਪੁਸਤਕ, 'ਗੁਰਬਾਣੀ ਤੇ ਇਤਿਹਾਸ ਬਾਰੇ' ਵਿਚ ਬਾ-ਦਲੀਲ

ਸਿੱਧ ਕੀਤਾ ਹੈ ਕਿ ਗੁਰੂ ਸਾਹਿਬਾਨ ਨਾਲ ਜੁੜੀਆਂ ਜੋ ਸਾਖੀਆਂ ਗੁਰਬਾਣੀ ਵਿਚ ਪ੍ਰਗਟਾਏ ਗੁਰਮੱਤ-ਸਿਧਾਂਤਾਂ ਨਾਲ ਮੇਲ ਨਹੀਂ ਖਾਂਦੀਆ, ਗਲਤ (ਝੂਠੀਆਂ) ਹਨ, ਅਤੇ ਗੁਰ ਸਿੱਖਾਂ ਵਲੋਂ ਉਨ੍ਹਾਂ ਦੀ ਮਨੌਤ, ਗੁਰਮੱਤ ਦੀ ਨਿਰਮਲਤਾ ਅਥਵਾ ਗੁਰੂ ਜੀ ਦੇ 'ਇਕੁ ਨਾਮੁ ਧਰਮੁ' ਦੇ ਅੰਮ੍ਰਿਤ ਵਿਚ ਰਲਾ ਪਾਉਣ ਤੁੱਲ ਹੈ। ਆਪ ਦਾ ਨਜ਼ਰੀਆ ਤੇ

ਨਿਰਣਾ ਸੀ ਕਿ ਜੇ ਗੁਰੂ ਕੇ ਸਿੱਖਾਂ ਨੇ ਹੀ '੧ਓ ਅਕਾਲੁ ਪੁਰਖੁ' ਦਾ ਲੜ ਛੱਡ ਕੇ, ਬਹੁ-ਪੂਜਾ : ਵਹਿਮਾਂ ਭਰਮਾਂ, ਦੇਵੀ ਪੂਜਾ ਅਤੇ ਕਰਮਾਂ ਕਾਂਡਾਂ ਵਿਚ ਉਲਝ ਜਾਣਾ ਹੈ ਤਾਂ ਬਾਬੇ ਦੇ ਨਿਰਮਲ ਪੰਥ ਦਾ ਮੁਦੱਈ, ਪ੍ਰਚਾਰਕ ਤੇ ਦਾਅਵੇਦਾਰ ਕੌਣ ਹੋਵੇਗਾ ? ਪ੍ਰੋਫੈਸਰ ਸਾਹਿਬ ਨੇ ਇਸ ਪਾਸੇ ਜੋ ਪ੍ਰਬਲ ਹੰਭਲਾ ਮਾਰਿਆ ਹੈ; ਆਓ, ਉਸ ਦਾ ਸੰਖੇਪ, ਪ੍ਰੰਤੂ ਭਾਵ-ਪੂਰਤ ਸਰਵੇਖਣ ਕਰੀਏ। ਆਪ ਜੀ, ਬਾ-ਦਲੀਲ, ਸਿੱਧ ਕਰਦੇ ਹਨ ਕਿ :—

1. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਸ਼ੋਭਤ ਗੁਰਬਾਣੀ, ਹਰੇਕ ਪਹਿਲੇ ਸਤਿਗੁਰੂ ਜੀ ਵਲੋਂ ਆਪ ਸਾਂਭੀ ਅਤੇ ਅਗਲੇ ਗੁਰੂ ਜੀ ਨੂੰ ਬਖਸ਼ੀ ਜਾਂਦੀ ਰਹੀ ਹੈ :

ਸ੍ਰੀ ਗੁਰੂ ਨਾਨਕ ਦੇਵ ਜੀ, ਉਦਾਸੀਆਂ (ਪ੍ਰਚਾਰ ਦੌਰਿਆਂ) ਸਮੇਂ, ਜੋ ਬਾਣੀ ਉਪਦੇਸ਼ ਆਦਿ ਵਜੋਂ ਸੰਬੰਧਤ ਵਿਅਕਤੀਆਂ ਪ੍ਰਤੀ, ਉਚਾਰਦੇ ਰਹੇ, ਉਹ ਆਪ ਖ਼ੁਦ ਹੀ ਲਿਖਦੇ, ਲਿਖਵਾਂਦੇ ਅਤੇ ਲੋਕਾਈ ਦੀ ਅਗਵਾਈ ਦੇ ਮਹਾਨ ਮਕਸਦ ਲਈ, ਆਪਣੇ ਪਾਸ ਸਾਂਭਦੇ ਰਹੇ। ਆਖਰ, ਇਹ ਧੁਰੋਂ 'ਆਮਦ' ਤੇ ਆਈ ਬਾਣੀ ਸੀ, ਨਾ ਕਿ ਅਵੂਰਦਨ' ਉੱਤੇ 'ਲਿਆਂਦੀ', ਮਹਜ਼ ਬੁਧੀ ਮੰਡਲ ਦੀ ਰਚਨਾ। ਪ੍ਰੋਫੈਸਰ ਸਾਹਿਬ ਦੇ ਇਸ ਵੀਚਾਰ ਵਿਚ ਵੱਡਾ ਵਜ਼ਨ ਹੈ ਕਿ 'ਕੌਹੜੀ' ਜਾਂ 'ਸੱਜਣ' ਪ੍ਰਤੀ ਬਾਣੀ ਉਚਾਰਨ ਸਮੇਂ ਉਹ ਕੌਣ ਹੋ ਸਕਦਾ ਹੈ, ਜਿਸ ਨੇ ਸੰਬੰਧਤ ਸ਼ਬਦਾਂ ਨੂੰ ਕਲਮ-ਬੰਦ ਕੀਤਾ ? ਕੌਣ ਇਸ ਕਾਰਜ ਲਈ ਪਹਿਲਾਂ ਹੀ ਉਥੇ ਕਲਮ ਦਵਾਤ ਲਈ ਬੈਠਾ ਸੀ ? ਫੇਰ ਇਹ ਵੀ ਜ਼ਰੂਰੀ ਨਹੀਂ ਕਿ ਜਿਸ ਨੂੰ ਸੰਬੋਧਨ ਕਰਕੇ ਬਾਣੀ ਉਚਾਰੀ ਗਈ ਹੈ, ਉਹ ਪੜ੍ਹਿਆ ਲਿਖਿਆ ਹੋਵੇ। ਐਸੇ ਸਮੇਂ, ਗੁਰੂ ਜੀ ਬਾਣੀ ਉਚਾਰਦੇ ਸਨ ਤਾਂ ਭਾਈ ਮਰਦਾਨਾ ਤਾਂ ਰਬਾਬ ਵਜਾਉਣ ਵਿਚ ਰੁੱਝਾ ਹੁੰਦਾ ਸੀ, ਸੋ 'ਬਾਣੀ' ਨੂੰ ਲਿਖਤੀ ਰੂਪ ਵਿਚ ਸਾਂਭਣ ਦਾ ਕਾਰਜ ਗੁਰੂ ਜੀ, ਕਿਸੇ ਨ ਕਿਸੇ ਤਰ੍ਹਾਂ ਆਵੱਸ਼, ਆਪ ਹੀ ਸਰੰਜਾਮ ਦਿੰਦੇ ਸਨ।

ਸਿਧਿ ਗੋਸ਼ਟੀ ਦੀ ਗੱਲ ਹੀ ਲੈ ਲਵੋ :—ਪ੍ਰੋਫੈਸਰ ਸਾਹਿਬ, ਭਾਈ ਗੁਰਦਾਸ ਜੀ ਦੀ ਪਹਿਲੀ ਵਾਰ, ਪੰ: 44 ਵਿਚ ਪ੍ਰਾਪਤ ਗਵਾਹੀ ਅਨੁਸਾਰ ਲਿਖਦੇ ਹਨ ਕਿ ਗੁਰੂ ਬਾਬਾ ਜੀ ਅਚੱਲ ਵਟਾਲੇ ਦੇ ਮੇਲਿਉਂ ਉੱਠ ਕੇ ਮੁਲਤਾਨ ਦੀ ਜ਼ਿਆਰਤ ਲਈ ਚਲੇ ਗਏ ਅਤੇ ਸੁਲਤਾਨਪੁਰ ਫੇਰੀ ਉਪ੍ਰੰਤ ਕਰਤਾਰਪੁਰ ਪੁੱਜੇ (ਪੌੜੀ 45)। ਸ੍ਰੀ ਕਰਤਾਰਪੁਰ ਪਹੁੰਚ ਕੇ 'ਸਤਿਗੁਰ ਜੀ ਨੇ ਬਾਣੀ 'ਸਿਧਿ ਗੋਸ਼ਟਿ' ਲਿਖੀ ਜੋ ਹਰ ਹਾਲਤ ਸਤੰਬਰ 1539 ਤੋਂ ਪਹਿਲਾਂ ਸੀ।

'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਪੋਥੀ ਸਤਵੀਂ ਪੰਨਾ 20, ਅਨੁਸਾਰ 'ਸਿਧਿ ਗੋਸਟ' ਦੇ ਪਾਠ ਤੋਂ ਸਪਸ਼ਟ ਹੈ ਕਿ ਗੁਰੂ ਜੀ, ਸਿੱਧਾਂ ਵਲੋਂ ਅਚੱਲ ਵਟਾਲੇ ਵਿਖੇ ਪੁੱਛੇ

ਗਏ ਪ੍ਰਸ਼ਨਾਂ ਦੇ ਮਫ਼ਹੂਮ ਨੂੰ ਪਹਿਲਾਂ ਆਪਣੇ ਸ਼ਬਦਾਂ ਵਿਚ ਅੰਕਿਤ ਕਰਦੇ ਹਨ ਅਤੇ ਫੇਰ ਆਪ ਹੀ ਉਨ੍ਹਾਂ ਦਾ ਯੋਗ ਉੱਤਰ ਬਖਸ਼ਦੇ ਹਨ। ਐਸਾ ਨਹੀਂ ਕਿ ਜਿਸ ਸਮੇਂ ਸਿਧਾਂ ਨਾਲ ਗੋਸ਼ਟੀ ਹੋਈ, ਓਸੇ ਸਮੇਂ, ਮੌਕੇ ਉਤੇ, ਤੱਤ ਛਿਨ, ਇਸ ਦਾ ਇਹ ਵਰਤਮਾਨ ਸਰੂਪ ਅੰਕਿਤ ਵੀ ਕੀਤਾ ਜਾ ਸਕਿਆ।

2. ਪ੍ਰੋਫੈਸਰ ਸਾਹਿਬ ਸਿੰਘ ਦਾ ਇਹ ਪੁਖਤਾ ਈਮਾਨ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਾਰੀ ਬਾਣੀ, ਚਾਹੇ ਗੁਰੂ ਸਾਹਿਬਾਨ ਦੀ ਹੈ ਜਾਂ ਭਗਤਾਂ ਤੇ ਭੱਟਾਂ ਆਦਿ ਦੀ, ਕੁਲੀ ਤੌਰ ਉਤੇ, 'ਇਕ-ਸਾਰਤਾ ਸਰੂਪ ਹੈ, ਸੱਚੀ ਬਾਣੀ ਹੈ ਅਤੇ ਇਸ ਵਿਚ ਕਿਸੇ ਪ੍ਰਕਾਰ ਦੀ ਸ੍ਵੈ-ਵਿਰੋਧਤਾ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਗੁਰਸਿੱਖਾਂ ਨੂੰ 'ਗੁਰੂ ਮਾਨਿਓ ਗ੍ਰੰਥ' ਦੀ ਆਗਿਆ ਹੈ, ਨਾ ਕਿ ਇਸ ਦੇ ਵੱਖ ਵੱਖ ਵਿਸ਼ੇਸ਼ ਹਿੱਸਿਆਂ ਨੂੰ ਗੁਰੂ ਮੰਨਣ ਦੀ। ਦੂਜੇ, ਪ੍ਰੋਫੈਸਰ ਸਾਹਿਬ ਇਸ ਮਨੌਤ ਨੂੰ ਕੂੜਰ ਸਮਝਦੇ ਹਨ ਕਿ ਭਗਤਾਂ ਦੀ ਕੁਝ ਬਾਣੀ ਤਾਂ 'ਸੱਚੀ ਬਾਣੀ', ਅਥਵਾ ਗੁਰਬਾਣੀ ਤੁਲ ਹੈ ਅਤੇ ਕੁਝ ਕੱਚੀ। ਇਨ੍ਹਾਂ ਲੋਕਾਂ ਅਨੁਸਾਰ ਜਿਨ੍ਹਾਂ ਵਿਚ, ਅੱਜ ਕਲ੍ਹ, ਗਿਆਨੀ ਗੁਰਦਿੱਤ ਸਿੰਘ ਜੀ ਪੇਸ਼ ਪੇਸ਼ ਹਨ, ਕੱਚੀ ਬਾਣੀ ਉਹ ਹੈ ਜੋ ਭਗਤਾਂ ਨੇ ਸਰਗੁਣ ਬ੍ਰਹਮ ਦੇ ਉਪਾਸ਼ਕਾਂ ਵਜੋਂ ਉਚਾਰੀ, ਅਤੇ ਸੱਚੀ ਉਹ ਜੋ ਆਮ ਤੌਰ ਉਤੇ ਭਗਤਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮੇਲ ਹੋਣ ਦੇ ਬਾਅਦ, ਨਿਰਗੁਣ ਬ੍ਰਹਮ ਦੇ ਵਿਸ਼ਵਾਸੀ ਹੋ ਜਾਣ ਬਾਅਦ ਉਚਾਰਣ ਕੀਤੀ। ਇਹ ਵਿਚਾਰ-ਧਾਰਾ ਜਿੱਥੇ ਭਗਤਾਂ ਦੇ ਕਾਲ ਬਾਰੇ ਵਿਦਵਾਨਾਂ ਵਲੋਂ, ਅੱਜ ਤਕ ਹੋਈ ਖੋਜ ਦੇ ਇਤਿਹਾਸਿਕ ਪਹਿਲੂ ਨੂੰ ਪੁੱਠਾ ਗੇੜ ਦਿੰਦੀ ਅਤੇ ਅਕਾਰਣ ਕਈ ਪ੍ਰਕਾਰ ਦੀਆਂ ਹੋਰ ਉਲਝਣਾਂ ਪੈਦਾ ਕਰਦੀ ਹੈ, ਓਥੇ ਉਸ ਸ਼ੋਸ਼ੇ ਨੂੰ ਫੇਰ ਹਵਾ ਦਿੰਦੀ ਹੈ, ਜਿਸ ਕਾਰਨ ਭਸੌੜੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕਰ ਕੇ, ਤਨਖਾਹੀਆ ਕਰਾਰ ਦੇ ਕੇ, ਪੰਥ ਤੋਂ ਛੇਕਿਆ ਗਿਆ ਸੀ। ਭਗਤਾਂ ਦੇ ਉਨ੍ਹਾਂ ਸ਼ਬਦਾਂ ਬਾਰੇ ਜਿਨ੍ਹਾਂ ਨੂੰ ਇਹ 'ਭੁੱਲੜ' ਲੋਕ 'ਕੱਚੀ ਬਾਣੀ' ਅਥਵਾ 'ਸਰਗੁਣ' ਦੀ ਉਪਸ਼ਨਾ ਵਾਲੇ ਸ਼ਬਦ ਸਮਝਦੇ ਅਤੇ ਇਹਨਾਂ ਦੇ ਵਾਚਕ (ਲਫ਼ਜ਼ੀ) ਅਰਥਾਂ ਤੱਕ ਹੀ ਸੀਮਤ ਰਹਿੰਦੇ ਹਨ, ਪ੍ਰੋਫੈਸਰ ਸਾਹਿਬ, ਐਸੇ ਸ਼ਬਦਾਂ ਦੇ ਭਾਵਾਂ ਦੀ ਡੂੰਘਾਈ ਵਿਚ ਜਾ ਕੇ, ਗੁਰਬਾਣੀ ਸਿਧਾਂਤਾਂ ਦੇ ਅਨੁਕੂਲ ਉਹ ਅਰਥ ਕਰਦੇ ਹਨ, ਕਿ ਨ ਓਥੇ ਦੇਵੀ ਦੇਵਤਿਆਂ ਤੇ ਠਾਕਰਾਂ ਦੀ ਪੂਜਾ ਰਹਿ ਜਾਂਦੀ ਹੈ, ਅਤੇ ਨਾ ਕਿਸੇ ਬਾਣੀ ਦਾ ਗੁਰਮੱਤ ਤੇ ਪ੍ਰਤਿਕੂਲ, ਕੱਚੀ ਬਾਣੀ ਹੋਣ ਦਾ ਪ੍ਰਸ਼ਨ। ਆਪ ਜੀ ਦੀ ਭਾਵਪੂਰਤ ਤੇ ਸ਼ਰਧਾ ਭਿੱਜੀ ਵਿਆਖਿਆ ਵਾਚ-ਵਿਚਾਰ ਕੇ, ਗੁਣ-ਗਾਹਕ ਜਗਿਆਸੂ ਦਾ ਸਿਰ, ਆਵੱਸ਼ ਪ੍ਰੋਫੈਸਰ ਸਾਹਿਬ ਲਈ ਦੀ ਹਾਰਦਿਕ ਸ਼ਰਧਾ ਭਾਵਨਾ ਨਾਲ ਝੁਕ ਜਾਂਦਾ ਹੈ। ਉਦਾਹਰਣ ਵਜੋਂ, ਅਸੀਂ, ਵਿਸਥਾਰ ਦੇ ਡਰੋਂ, ਕੇਵਲ ਇਕ ਐਸੇ ਹੀ ਸ਼ਬਦ ਦੀ, ਪ੍ਰੋਫੈਸਰ ਸਾਹਿਬ ਵਲੋਂ ਕੀਤੀ ਵਿਆਖਿਆ ਪਾਠਕਾਂ ਦੀ ਸੇਵਾ ਵਿਚ ਸੰਖੇਪ ਵਿਚ ਪੇਸ਼ ਕਰਦੇ ਹਾਂ, ਜਿਸ ਨੂੰ ਸਤਈ ਤੇ ਲਫ਼ਜ਼ੀ ਅਰਥ ਕਰਨ ਵਾਲੇ ਵੀਰ, 'ਕੱਚੀ ਬਾਣੀ' ਸਮਝਣ ਦੀ ਭੁੱਲ ਕਰਦੇ ਅਤੇ ਕਈ ਤਰ੍ਹਾਂ ਦੇ ਸੰਸਿਆਂ ਦਾ ਸ਼ਿਕਾਰ ਹੁੰਦੇ ਹਨ :

ਭੈਰਉ ਬਾਣੀ ਨਾਮ ਦੇਉ ਜੀਉ ਕੀ ਘਰ ੧ (ਪੰਨਾ 1163, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਦੂਧੁ ਕਟੋਰੈ, ਗਡਵੈ ਪਾਨੀ ॥ ਕਪਲ ਗਾਇ ਨਾਮੈ ਦੁਹਿ ਆਨੀ ॥1॥

ਦੂਧੁ ਪੀਉ ਗੋਬਿਦੇ ਰਾਇ ॥ ਦੂਧੁ ਪੀਉ ਮੇਰੋ ਮਨੁ ਪਤੀਆਇ ॥
ਨਾਹੀ ਤ ਘਰ ਕੋ ਬਾਪੁ ਰਿਸਾਇ ॥1॥ਰਹਾਉ॥
ਸੁੋਇਨ ਕਟੋਰੀ ਅੰਮ੍ਰਿਤ ਭਰੀ ॥ ਲੈ ਨਾਮੈ ਹਰਿ ਆਗੈ ਧਰੀ ॥2॥
ਏਕੁ ਭਗਤੁ ਮੇਰੇ ਹਿਰਦੇ ਵਸੈ ॥ ਨਾਮੇ ਦੇਖਿ, ਨਰਾਇਨੁ ਹਸੈ ॥3॥
ਦੂਧੁ ਪੀਆਇ ਭਗਤੁ ਘਰਿ ਗਆ ॥ ਨਾਮੇ ਹਰਿ ਕਾ ਦਰਸਨੁ ਭਇਆ ॥4॥

ਪ੍ਰੋਫੈਸਰ ਸਾਹਿਬ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਦੇ ਪੰਨਾ 456-57 ਉਤੇ ਇਸ ਸ਼ਬਦ ਦੇ ਅਰਥ ਇਉਂ ਕੀਤੇ ਹਨ : ਗੋਬਿੰਦ ਰਾਇ-ਹੇ ਪ੍ਰਕਾਸ਼ ਰੂਪ ਗੋਬਿੰਦ । ਘਰ ਕੋ ਬਾਪੁ-ਇਸ ਸਰੀਰ ਰੂਪੀ ਘਰ ਦੇ ਮਾਲਕ, ਮੇਰੀ ਆਤਮਾ । ਸੁੋਇਨ ਕਟੋਰੀ-(ਨੋਟ-ਅੱਖਰ 'ਸ਼' ਨੂੰ ਦੋ ਲਗਾਂ ਹਨ—(ਅਸਲ ਲਫਜ਼ ਸੋਇਨ ਹੈ, ਪਰ ਇਥੇ 'ਸੁਇਨ' ਪੜ੍ਹਨਾ ਹੈ) ਸੋਨੇ ਦੀ ਕਟੋਰੀ-ਪਵਿੱਤਰ ਹੋਇਆ ਹਿਰਦਾ । ਰਾਗੁ ਆਸਾ ਵਿਚ ਨਾਮ ਦੇਵ ਜੀ ਦਾ ਇਕ ਸ਼ਬਦ ਹੈ, ਜਿਥੇ ਉਹ ਮਨ ਨੂੰ ਗਜ਼, ਜੀਭ ਨੂੰ ਕੈਂਚੀ ਬਣਾ ਕੇ ਜਮ ਦੀ ਫਾਹੀ ਕੱਟੀ ਜਾਣ ਦੀ ਗੱਲ ਕਰਦੇ ਹਨ, ਉਥੇ ਹੀ ਸੋਨੇ ਦੀ ਸੂਈ ਵਿਚ ਚਾਂਦੀ ਦਾ ਧਾਗਾ ਪਾਉਣ ਦੀ ਗੱਲ ਆਖਦੇ ਹਨ । ਸੋਨੇ ਦੀ ਸੂਈ ਤੋਂ ਭਾਵਅਰਥ ਹੈ, 'ਗੁਰੂ ਦਾ ਪਵਿੱਤਰ ਸ਼ਬਦ' । (ਏਸੇ ਤਰ੍ਹਾਂ ਵਿਚਾਰ ਅਧੀਨ ਸ਼ਬਦ ਵਿਚ ਵੀ ਸੋਇਨ ਤੋਂ ਪਵਿੱਤਰਤਾ ਦਾ ਭਾਵ ਲੈਣਾ ਚਾਹੀਦਾ ਹੈ । ਸੋਚੋ ਭਲਾ, ਕਦੀ ਮਨ ਵੀ ਗਜ਼ ਹੋਇਆ ਹੈ ਅਤੇ ਜਿਹਬਾ ਕੈਂਚੀ ? ਕੀ ਇਸ ਨਾਲ ਜਮਾਂ ਦੀ ਫਾਹੀ ਕੱਟੀ ਜਾ ਸਕਦੀ ਹੈ ? ਪ੍ਰੋਫੈਸਰ ਸਾਹਿਬ ਨੇ ਇਸ ਸਬਦ ਦੀ ਲੰਮੀ ਚੌੜੀ ਵਿਆਖਿਆ 'ਦਰਪਣ' ਦੀ ਪੰਜਵੀਂ ਪੋਥੀ ਵਿਚ 728 ਤੋਂ 741 ਪੰਨੇ ਤੱਕ ਕਰਨ ਦਾ ਜੋ ਕਮਾਲ ਕੀਤਾ ਹੈ, ਉਸ ਨੂੰ 'ਬਾਦੀ ਬਿਰਤੀ' ਤੋਂ ਉੱਪਰ ਉਠ ਕੇ ਵਾਚਿਆਂ ਸੁਹਿਰਦ ਪਾਠਕ ਦਾ ਸਿਰ, ਪ੍ਰੋਫੈਸਰ ਸਾਹਿਬ ਦੀ ਯੋਗਤਾ ਤੇ ਗੁਰੂ-ਸ਼ਰਧਾ ਮੋਹਰੇ ਆਪ ਮੁਹਾਰਾ ਝੁਕ ਜਾਂਦਾ ਹੈ । (ਵਿਸਥਾਰ ਦੇ ਡਰੋਂ ਇਹ ਸਾਰਾ ਵੇਰਵਾ ਏਥੇ ਦੇਣੋਂ ਸੰਕੋਚ ਕੀਤਾ ਗਿਆ ਹੈ ।)

ਨੋਟ —1. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮ ਦੇਵ ਜੀ ਦੇ ਕੁਲ 61 ਚੋਂ ਕੇਵਲ 10 ਸ਼ਬਦ ਹਨ, ਜਿਨ੍ਹਾਂ ਦੇ ਅਰਥ ਕਰਨ ਵਿਚ ਟੀਕਾਕਾਰ ਸੱਜਣ ਭੁਲੇਖਾ ਖਾ ਜਾਂਦੇ ਹਨ । ਇਹ ਅਨੋਖੀ ਦਲੀਲ ਹੈ ਕਿ ਇਹਨਾਂ 10 ਸ਼ਬਦਾਂ ਨੂੰ ਨਾ ਸਮਝ ਸੱਕਣ ਦੇ ਕਾਰਣ ਅਸੀਂ ਇਹ ਫੈਸਲਾ ਕਰ ਲਈਏ ਕਿ ਬਾਕੀ ਦੇ 51 ਸ਼ਬਦ ਭਗਤ ਨਾਮ ਦੇਵ ਜੀ ਦੇ ਹਨ ਹੀ ਨਹੀਂ ।' (ਸਾਹਿਬ ਸਿੰਘ, 'ਦਰਪਣ' ਪੋਥੀ ਪੰਜਵੀ ਪੰਨਾ—740)

ਨੋਟ— 2. ਹੈਰਾਨੀ ਦੀ ਗੱਲ ਹੈ ਕਿ ਗੁਰੂ ਪਾਤਸ਼ਾਹ ਜਿਨ੍ਹਾਂ ਭਗਤਾਂ ਦੀ ਇਉਂ ਉਸਤਤਿ ਕਰਦੇ ਹਨ, ਅਸੀਂ ਉਨ੍ਹਾਂ ਬਾਰੇ ਸੰਕੇ ਪੈਦਾ ਕਰਦੇ ਹਾਂ :—

ੳ) ਨਾਮਾ, ਜੈ ਦੇਉ, ਕੰਬੀਰ, ਤ੍ਰਿਲੋਚਨ, ਅਉਜਾਤਿ ਰਵਿਦਾਸ ਚਮਿਆਰੁ ਚਮਈਆ ॥ ਜੋ ਜੋ ਮਿਲੈ ਸਾਧ ਜਨ ਸੰਗਤਿ, ਧਨੁ ਧੰਨਾ ਜਟੁ, ਸੈਣ ਮਿਲਿਆ ਹਰਿ ਦਈਆ ॥ਮ: 4॥

ਅ) ਸਾਧ ਸੰਗਿ ਨਾਨਕ ਬੁਧਿ ਪਾਈ, ਹਰਿ ਕੀਰਤਨੁ ਆਧਾਰੋ ॥
ਨਾਮ ਦੇਉ, ਤ੍ਰਿਲੋਚਨ ਕਬੀਰ ਦਾਸਰੋ, ਮੁਕਤਿ ਭਇਓ ਚੰਮਿਆਰੋ ॥
(ਮ: 5, ਪੰਨਾ 493)

ਨੋਟ :—3. ਭਗਤ ਨਾਮਦੇਵ ਜੀ ਆਪਣੀ ਬਾਣੀ ਵਿਚ ਘੱਟ ਘੱਟ ਰਵਿ ਰਹੇ ਰਾਮ, ਬੀਠਲ, ਨਾਰਾਇਣ ਤੇ ਹਰੀ ਦਾ ਜ਼ਿਕਰ ਤਾਂ ਕਰਦੇ ਹਨ ਪਰ ਕਿਤੇ ਵੀ "ਠਾਕੁਰ" ਜਾਂ "ਠਾਕੁਰ ਦੁਆਰੇ" ਦੀ ਪੂਜਾ ਦਾ ਜ਼ਿਕਰ ਨਹੀਂ ਮਿਲਦਾ।

ਨੋਟ :—4. ਸਿੱਖ ਗੁਰੂ ਸਾਹਿਬਾਨ ਦੇ ਉਦਾਰ ਤੇ ਵਿਸ਼ਾਲ ਨਜ਼ਰੀਏ ਦੇ ਐਨ ਪ੍ਰਤਿਕੂਲ, ਪ੍ਰੋਫੈਸਰ ਸਾਹਿਬ ਸਿੰਘ ਦੇ ਗੁਰਬਾਣੀ ਸਿਧਾਂਤਾਂ ਵਿਰੁੱਧ "ਤੂਫ਼ਾਨਿ ਕਮ-ਜ਼ਰਫੀ" ਖੜਾ ਕਰਨ ਵਾਲੇ ਸਾਡੇ ਨਵੇਂ "ਖੋਜੀ ਜੀ", ਗੁਰੂ, ਸਤਿਨਾਮ ਸਾਧ ਸੰਗਿ, ਆਦਿ ਸ਼ਬਦਾਂ ਦੀ ਵਰਤੋਂ ਨੂੰ ਗੁਰੂ ਕਾਲ ਨਾਲ ਹੀ ਜੋੜਨ ਉਤੇ ਤੁਲੇ ਹੋਏ ਹਨ। ਉਹ ਸਕਿਰਪਾ ਦੱਸਣ ਕਿ ਗੁਰਬਾਣੀ ਦੀਆਂ ਇਨ੍ਹਾਂ ਪਦਾਂ ਜਾਂ ਤੁਕਾਂ ਨੂੰ ਉਹ ਵਿਸ਼ੇਸ਼ ਵਿਅਕਤੀ ਤੇ ਦੇਸ਼ ਕਾਲ ਨਾਲ ਕਿਵੇਂ ਜੋੜਨਗੇ :—

i) ਮੂਲ ਮੰਤ੍ਰ ਅਥਵਾ ਮੰਗਲਾ ਚਰਨ ਦੇ ਅੰਤ ਵਿਚ ਬਿਆਨੀ ਵਿਧੀ "ਗੁਰ ਪ੍ਰਸਾਦਿ" (ਗੁਰੂ ਦੀ ਕਿਰਪਾ ਦੁਆਰਾ) ਵਿਚ ਆਇਆ ਪਦ—'ਗੁਰ' ਹੈ, ਏਥੇ ਗੁਰੂ ਜੀ ਨੇ "ਨਾਨਕ ਪ੍ਰਸਾਦਿ" ਤੱਕ ਲਿਖਣਾ ਵੀ ਯੋਗ ਨਹੀਂ ਜਾਤਾ। "ਗੁਰ" ਸੰਸਕ੍ਰਿਤ ਸ਼ਬਦ ਹੈ, ਗ੍ਰੀ ਧਾਤੂ ਤੋਂ। ਇਹੀ ਨਹੀਂ, ਸਗੋਂ ਬਾਣੀ ਵਿਚ "ਗੁਰੂ" ਦੀ ਪਰਿਭਾਸ਼ਾ ਕਰਨ ਵੇਲੇ ਅਤਿ ਦੀ ਵਿਆਪਕਤਾ, ਉਦਾਰਤਾ ਤੇ ਵਿਸ਼ਾਲਤਾ ਵਰਤੀ ਹੈ ਜਿਵੇਂ :—

ਸਤਿਪੁਰਖੁ ਜਿਨਿ ਜਾਨਿਆ, ਸਤਿਗੁਰੁ ਤਿਸ ਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ, ਨਾਨਕ ਹਰ ਗੁਨ ਗਾਉ। (ਸੁਖਮਨੀ)

ii. ਹਰਿ ਜੁਗਿ ਜੁਗਿ ਭਗਤ ਉਪਾਇਆ, ਪੈਜ ਰਖਦਾ ਆਇਆ ਰਾਮ ਰਾਜੇ (ਇਨ੍ਹਾਂ ਭਗਤਾਂ ਦੇ ਆਵੱਸ਼ ਗੁਰੂ ਵੀ ਹੋਣਗੇ)

iii. ਸੁਖੁ ਰਾਜੇ ਹਰੀ ਚੰਦ ਘਰਿ, ਨਾਰਿ ਸੁ ਤਾਰਾ ਲੋਚਨ ਰਾਨੀ ॥
ਸਾਧ ਸੰਗਤਿ ਮਿਲਿ ਗਾਵਦੇ, ਰਾਤੀ ਜਾਇ ਸੁਣੇ ਗੁਰਬਾਨੀ... (ਭਾ: ਗੁਰਦਾਸ)
ਸਾਧ ਸੰਗਤਿ ਆਰਾਧਿਆ, ਜੋੜੀ ਜੁੜੀ ਖੜਾਉ ਪੁਰਾਣੀ।

iv. ਸੋ ਸਤਿਗੁਰੂ, ਜਿਸੁ ਹਿਰਦੈ ਹਰਿ ਨਾਉ ॥ (ਜਿਸ ਹਿਰਦੇ ਵਿਚ ਵੀ ਹਰੀ ਨਾਮ ਵਸਦਾ ਹੈ, ਓਸ ਰਿਦੇ ਵਾਲਾ ਵਿਅਕਤੀ ਗੁਰੂ-ਪਦ ਅਧਿਕਾਰੀ ਹੈ।)

3. ਏਸੇ ਤਰ੍ਹਾਂ, ਪ੍ਰੋਫੈਸਰ ਸਾਹਿਬ ਦਾ, ਭੂਤ-ਕਾਲ ਤੇ ਵਰਤਮਾਨ-ਕਾਲ ਦੇ ਸੈਂਕੜੇ ਵਿਦਵਾਨਾਂ ਵਾਂਗ, ਇਹ ਦ੍ਰਿੜ ਵਿਸ਼ਵਾਸ ਤੇ ਨਿਰਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਿਨ੍ਹਾਂ 15 ਭਗਤਾਂ ਦੀ ਬਾਣੀ ਅੰਕਿਤ ਹੈ, ਉਹ ਸਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬਾਕੀ ਗੁਰੂ ਸਾਹਿਬਾਨ ਦੇ ਸਮਕਾਲੀ ਨਹੀਂ ਸਨ; ਜਿਵੇਂ ਕਿ—ਭਗਤ ਜੈ ਦੇਵ ਜੀ ਦਾ ਜਨਮ ਸੰਨ 1170, ਸ਼ੇਖ ਫਰੀਦ ਦਾ ਸੰਨ 1173 ਅਤੇ ਭਗਤ ਨਾਮਦੇਵ ਦਾ ਜਨਮ ਸੰਨ 1260 ਵਿਚ ਹੋਇਆ; ਪ੍ਰੰਤੂ, ਹੁਣ ਆਪਣੇ ਮਤਲਬ ਦੀਆਂ ਲਿਖਤਾਂ ਦੇ ਹਵਾਲੇ ਦੇ ਕੇ ਅਤੇ ਮਨ-ਮਰਜ਼ੀ ਦੇ ਅਰਥ ਕੱਢ ਕੇ, ਚਲੇ ਆ ਰਹੇ ਦਰੁਸਤ ਵਿਸ਼ਵਾਸ ਤੇ ਇਤਿਹਾਸ ਨੂੰ ਉੱਥਲ ਪੁੱਥਲ ਕੀਤਾ ਜਾ ਰਿਹਾ ਹੈ। ਆਪਣੇ ਵੀਚਾਰਾਂ ਦੀ ਪੁਸ਼ਟੀ

ਲਈ ਤੇ ਗੁਰਬਾਣੀ ਦੇ ਗਲਤ ਅਰਥ ਕਰਨੋਂ ਵੀ ਸੰਕੋਚ ਨਹੀਂ ਕੀਤਾ ਜਾਂਦਾ। ਕੁਝ ਭਗਤਾਂ ਦੇ ਜੀਵਨ-ਕਾਲ ਦੀ, ਗੁਰਬਾਣੀ ਵਿਚੋਂ ਪ੍ਰਾਪਤ ਹੁੰਦੀ ਗਵਾਹੀ ਨੂੰ ਤੋੜ ਮਰੋੜ ਕੇ, ਆਪਣੀ ਖੋਜ ਨੂੰ, ਖੋਜ ਦੀ ਖਾਤਰ, ਸਾਰਥਕ ਬਣਾਉਣਾ, ਕਿਸੇ ਵਿਦਵਾਨ ਨੂੰ ਸੋਭਾ ਨਹੀਂ ਦਿੰਦਾ। ਇਸ ਸੰਬੰਧ ਵਿਚ ਕੁਝ ਉਦਾਹਰਣਾਂ ਪੇਸ਼ ਹਨ :—

ਜਦ ਕਬੀਰ ਜੀ ਸ੍ਰੀ ਗੁਰੂ ਗ੍ਰੰਥ ਜੀ ਦੇ ਪੰਨਾ 856 ਉਤੇ—

ੳ) ਜੈ ਦੇਉ ਨਾਮਾ, ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ ॥

ਦਾ ਜ਼ਿਕਰ ਕਰਦੇ ਹਨ ਤਾਂ ਇਸ ਦਾ ਸਪਸ਼ਟ ਭਾਵ ਹੈ ਕਿ ਇਹ ਭਗਤ ਆਪਣੀ ਜੀਵਨ-ਯਾਤਰਾ ਸੰਪੂਰਨ ਕਰਕੇ ਪੁੱਗ ਚੁੱਕੇ ਹਨ। ਕਬੀਰ ਜੀ, ਆਪਣੇ ਹੀ ਇਕ ਸਲੋਕ ਵਿਚ ਇਸ ਸੱਚ ਨੂੰ ਇਉਂ ਪ੍ਰਗਟਾਉਂਦੇ ਹਨ :—

"ਕਬੀਰ ਗਰਬੁ ਨ ਕੀਜੀਐ, ਰੰਕੁ ਨ ਹਸੀਐ ਕੋਇ ॥
ਅਜਹੁ ਸੁ ਨਾਉ ਸਮੁੰਦ੍ਰ ਮਹਿ, ਕਿਆ ਜਾਨਉ ਕਿਆ ਹੋਇ ॥ (ਪੰਨਾ 1366)

ਅ) ਭਗਤ ਰਵਿਦਾਸ ਜੀ :—

"ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ ਸੈਨੁ ਤਰੈ" (ਪੰਨਾ 1106)

ਭਗਤ ਰਵਿਦਾਸ ਜੀ, ਇੱਕੋ ਗੁਰੂ; 'ਸੁਵਾਮੀ ਰਾਮਾ ਨੰਦ' ਦੇ ਸ਼ਿਸ਼ ਹੋਣ ਕਾਰਨ, ਬੇਸ਼ਕ ਕੁਝ ਸਮਾਂ ਕਬੀਰ ਜੀ ਦੇ ਸਮਕਾਲੀ ਵੀ ਰਹੇ, ਪ੍ਰੰਤੂ ਉਨ੍ਹਾਂ ਅਤੇ ਭਗਤ ਤ੍ਰਿਲੋਚਨ ਤੇ ਨਾਮਦੇਵ ਆਦਿ ਦੇ "ਤਰ" ਜਾਣ ਦੀ ਗੱਲ, ਉਨ੍ਹਾਂ ਦੀ ਸਫਲ ਜੀਵਨ-ਯਾਤਰਾ ਸੰਪੂਰਨ ਹੋਣ ਉਤੇ ਹੀ ਆਖੀ ਜਾ ਸਕਦੀ ਹੈ। "ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ" ਦੇ ਲੇਖਕ ਭਗਤ ਰਵਿਦਾਸ ਜੀ ਦੀ ਲੰਮੀ ਖੋਜ ਪੜਤਾਲ ਉਪਰੰਤ ਸਿੱਟੇ ਵਜੋਂ ਲਿਖਦੇ ਹਨ ਕਿ :—

ਭਗਤ ਰਵਿਦਾਸ ਜੀ ਦਾ ਕਬੀਰ ਜੀ ਦੇ ਸਮਕਾਲੀ ਹੋਣਾ, ਮੀਰਾਂ ਬਾਈ ਦਾ ਮੇਲ ਅਤੇ ਰਚਨਾਂ ਵਿਚ ਫਾਰਸੀ ਸ਼ਬਦਾਵਲੀ ਦੱਸਦੀ ਹੈ ਕਿ ਰਵਿਦਾਸ ਜੀ ਪੰਦਰਾਂ ਸੌ ਸੰਮਤ ਦੇ ਅੰਤਮ ਵਰ੍ਹਿਆਂ ਵਿਚ ਜੀਵਤ ਸਨ। ਪਰ ਗੁਰੂ ਨਾਨਕ ਦੇਵ ਜੀ ਦਾ ਸਮਾਂ (ਸ੍ਰੀ ਗੁਰੂ ਨਾਨਕ ਦੇਵ ਤਾਂ ਸੰਮਤ 1526 ਵਿਚ ਪ੍ਰਗਟ ਹੋਏ ਸਨ) ਫੇਰ, 15ਵੀਂ ਸਦੀ ਦਾ ਅੰਤਲਾ ਸਮਾਂ ਗੁਰੂ ਜੀ ਨਾਲ ਕਿਵੇਂ ਜੁੜਿਆ ? ਗੁਰੂ ਜੀ ਸੰਮਤ 1596 ਨੂੰ ਜੋਤੀ ਜੋਤ ਸਮਾਏ। ਨਾਲ ਹੀ ਆਪ ਜੀ ਡਾ. ਯੋਗਿੰਦਰ ਸਿੰਘ ਦੀ ਖੋਜ ਦੇ ਆਧਾਰ ਉਤੇ ਇਹ ਵੀ ਲਿਖਦੇ ਹਨ :—

"ਮੀਰਾਂ ਦਾ ਸਮਾਂ ਵਿਦਵਾਨਾਂ ਨੇ 1560-1603 ਮਾਨਾ ਹੈ। ਰੈਦਾਸ (ਰਵਿਦਾਸ) ਮੀਰਾਂ ਕੇ ਲਗਭਗ 50-60 ਵਰਸ ਕੇ ਜਯੇਸਠ ਹੋ ਕਰ ਹੀ ਮੀਰਾਂ ਕੇ ਗੁਰੂ ਤਥਾ ਸਮਕਾਲੀ ਹੋ ਸਕਤੇ ਹੈਂ।" (ਪੰਨਾ 178)

**ਪਰਖ :**—ਭਗਤ ਰਵਿਦਾਸ ਜੀ, ਸੰਮਤ 1500 ਦੇ ਅੰਤ ਵਿਚ ਜੇ 60 ਸਾਲਾਂ ਦੇ ਹੋਣ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸੰਮਤ 1526 (ਬਾਦਸ਼ਾਹ ਇਬਰਾਹੀਮ ਲੋਧੀ-

ਕਾਲ) ਸਮੇਂ ਉਨ੍ਹਾਂ ਦੀ ਆਯੂ 60 + 26 = 86 ਸਾਲ ਦੇ ਕਰੀਬ ਬਣਦੀ ਹੈ। ਇਸ ਤਰ੍ਹਾਂ 28 ਕੁ ਸਾਲ ਦੀ ਆਯੂ ਵਿਚ ਗੁਰੂ ਜੀ ਪਹਿਲੀ ਉਦਾਸੀ ਧਾਰਨ ਸਮੇਂ, ਉਨ੍ਹਾਂ ਦੀ ਆਯੂ 114 ਸਾਲ ਬਣ ਜਾਂਦੀ ਹੈ ਜੋ ਵਾਸਤਵਿਕ ਨਹੀਂ। ਐਸੀ ਸੂਰਤ ਵਿਚ ਗੁਰੂ ਜੀ ਤੇ ਭਗਤ ਰਵਿਦਾਸ ਦੀ ਮਿਲਣੀ ਹੋਣਾ ਅਸੰਭਵ ਹੈ।

(ੲ) ਵਿਸਥਾਰ ਤੋਂ ਡਰਦਿਆਂ ਅਸੀਂ ਹੇਠਾਂ ਕੇਵਲ ਇਕ ਗਵਾਹੀ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਦਿੰਦੇ ਹਾਂ, ਜੋ ਕੇਵਲ ਹੋ ਚੁੱਕੇ ਭਗਤਾਂ ਆਦਿ ਦੇ ਉਧਰਣ ਦਾ ਹੀ ਹਵਾਲਾ ਦੇਂਦੇ ਹਨ, ਕਿਸੇ ਵੀ ਜੀਉਂਦੇ ਜਾਂ ਸਮਕਾਲੀ ਭਗਤ ਦਾ ਨਹੀਂ :—

'ਸੁਣਿ ਸਾਖੀ ਮਨ ! ਜਪਿ ਪਿਆਰ ॥ ਅਜਾਮਲੁ ਉਧਰਿਆ ਕਹਿ ਏਕ ਬਾਰ ॥
ਬਾਲਮੀਕੈ ਹੋਆ ਸਾਧ ਸੰਗੁ ॥ ਧ੍ਰੂ ਕਉ ਮਿਲਿਆ ਹਰਿ ਨਿਸੰਗ ॥
ਤੇਰਿਆ ਸੰਤਾਂ ਜਾਚਉ ਚਰਨ ਰੇਨ ॥ ਲੇ ਮਸਤਕਿ ਲਾਵਉ,
ਕਰਿ ਕ੍ਰਿਪਾ ਦੇਨ ॥੧ ਰਹਾਉ ॥

ਸੰਤ ਕੌਣ ?

"ਸੁਣਿ ਸਾਖੀ ਮਨ ! ਜਪਿ ਪਿਆਰ ॥ ਅਜਾਮਲੁ ਉਧਰਿਆ ਕਹਿ ਏਕ ਬਾਰ ॥
ਬਾਲਮੀਕੈ ਹੋਆ ਸਾਧ ਸੰਗੁ ॥ ਧ੍ਰੂ ਕਉ ਮਿਲਿਆ ਹਰਿ ਨਿਸੰਗ ॥
ਗਨਿਕਾ ਉਧਰੀ ਹਰਿ ਕਹੈ ਤੋਤ ॥ ਗਜਇੰਦ੍ਰ ਧਿਆਇਓ ਹਰਿ ਕੀਓ ਮੋਖ,
ਬਿਪ੍ਰ ਸੁਦਾਮੇ ਦਾਲਦੁ ਭੰਗ ॥ ਰੇ ਮਨ ! ਤੂ ਭੀ ਭਜੁ ਗੋਬਿੰਦ ॥
ਬਧਿਕੁ ਉਧਾਰਿਓ ਖਮਿ ਪ੍ਰਹਾਰਿ ॥ ਕੁਬਿਜਾ ਉਧਰੀ ਅੰਗੁਸਟ ਧਾਰ ॥
ਬਿਦਰੁ ਉਧਾਰਿਓ ਦਾਸਤ ਭਾਇ ॥ ਰੇ ਮਨ ! ਤੂ ਭੀ ਹਰਿ ਧਿਆਇ ॥
ਪ੍ਰਹਲਾਦ ਰਖੀ ਹਰਿ ਪੈਜ ਆਪ ॥ ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ ॥
ਧੰਨੈ ਸੇਵਿਆ ਬਾਲ ਬੁਧਿ ॥ ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ॥
ਬੇਣੀ ਕਉ ਗੁਰਿ ਕੀਓ ਪ੍ਰਗਾਸੁ ॥ ਰੇ ਮਨ ! ਤੂ ਭੀ ਹੋਹਿ ਦਾਸੁ ॥੫॥
ਜੈਦੇਵ ਤਿਆਗਿਓ ਅਹੰਮੇਵ ॥ ਨਾਈ ਉਧਰਿਓ ਸੈਨੁ ਸੇਵ ॥—
ਕਬੀਰਿ ਧਿਆਇਓ ਏਕ ਰੰਗ ॥ ਨਾਮਦੇਵ ਹਰਿ ਜੀਉ ਬਸਹਿ ਸੰਗਿ ॥
ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਬਿੰਦ ਰੂਪ ॥ (ਪੰ. 1192)

ਵੀਚਾਰ :—ਉਪ੍ਰੋਕਤ ਸ਼ਬਦ ਵਿੱਚ ਬਹੁਤ ਸਾਰੇ ਨੁਕਤੇ ਨੋਟ ਕਰਨ ਯੋਗ ਹਨ; ਜਿਵੇਂ ਬਾਲਮੀਕ ਵੇਲੇ ਵੀ ਸਾਧੂ ਜਨ (ਅਥਵਾ ਗੁਰੂ) ਸਨ; ਜਿਨ੍ਹਾਂ ਦੀ ਸੰਗਤ ਦੁਆਰਾ ਉਹ ਤਰ ਗਿਆ, ਤ੍ਰਿਲੋਚਨ ਨੂੰ ਗੁਰੂ ਦੁਆਰਾ ਸਿੱਧੀ ਪ੍ਰਾਪਤ ਹੋਈ ਤੇ ਬੇਣੀ ਨੂੰ ਗਿਆਨ ਪ੍ਰਾਪਤ ਹੋਇਆ ! ਇਹ ਗੁਰੂ ਸਨ : ਜਿਨ੍ਹਾਂ ਨੇ "ਸਤਿਪੁਰਖ ਨੂੰ ਜਾਨਿਆ ਤੇ ਰਿਦੇ ਵਸਾਇਆ ਆਦਿ ਆਦਿ ॥

'ਗੁਰੂ" ਪਦ ਨੂੰ ਵਰਤਮਾਨ ਦੇਸ਼ ਕਾਲ ਜਾਂ ਸ਼ਖਸੀਅਤ ਨਾਲ ਜੋੜ ਕੇ ਮਹਦੂਦ ਕਿਵੇਂ ਕੀਤਾ ਜਾ ਸਕਦਾ ਹੈ ?

(ਸ) ਸਾਖੀ ਪ੍ਰਚੱਲਤ ਹੈ ਕਿ ਪੰਚਮ ਪਾਤਸ਼ਾਹ ਨੇ ਜਦ ਸੱਤੇ ਬਲਵੰਡ ਨੂੰ ਕੀਰਤਨ ਭੇਟ ਵਜੋਂ ਅਰਦਾਸ ਕਰਾਈ ਤਾਂ ਪਹਿਲੇ ਗੁਰੂ ਸਾਹਿਬਾਨ ਦਾ ਤਾਂ ਟਕਾ ਸੀ, ਪ੍ਰੰਤੂ ਆਪਣਾ ਅੱਧਾ ਟਕਾ। ਜਦ ਸਿੱਖਾਂ ਵਲੋਂ ਇਸ ਅੱਧਾ ਟਕਾ ਅਰਦਾਸ ਦਾ ਕਾਰਨ ਪੁੱਛਿਆ ਗਿਆ ਤਾਂ ਸਤਿਗੁਰਾਂ ਨੇ ਨਿਮਰ ਭਾਵ ਫੁਰਮਾਇਆ "ਮੇਰਾ ਜੀਵਨ-ਸਫਰ ਅਜੇ ਜਾਰੀ ਹੈ ਜਦਕਿ ਪਹਿਲੇ ਗੁਰੂ ਸਾਹਿਬਾਨ ਸਫਰ ਪੂਰਾ ਕਰ ਚੁੱਕੇ ਹਨ।"

(ਹ) ਇਸ ਸਬੰਧ ਵਿਚ ਇਹ ਵਾਰਤਾ ਵੀ ਬੜੀ ਦਿਲਚਸਪ ਤੇ ਭਾਵ-ਪੂਰਤ ਹੈ :

ਇਕ ਭਲ਼ਾ ਦਰਵੇਸ ਜਦ ਰੋਜ ਗਦ਼ਾ ਲਈ ਨਗਰ ਵਿਚ ਜਾਂਦਾ ਤਾਂ ਇਕ ਜੋਬਨ-ਮਤੀ ਵੇਸਵਾ ਮਖੌਲ ਵਜੋਂ ਹਮੇਸ਼ਾ ਉਸ ਨੂੰ ਪੁੱਛਦੀ ਕਿ "ਸਾਈਂ ਬਾਬਾ ! ਤੇਰੀ ਦਾੜੀ ਸੁੱਚੀ ਹੈ ਜਾਂ ਮੇਰੀ ਕੁੱਤੀ ਦੀ ਪੂੱਛ ? ਫਕੀਰ ਉੱਤਰ ਦੇਂਦਾ ਹੈ, "ਬੇਟੀ, ਦੱਸਾਂਗਾਂ"। ਜਦ ਉਸ ਫਕੀਰ ਦਾ ਅੰਤ ਨੇੜੇ ਆਇਆ ਤਾਂ ਉਸ ਨੇ ਮੁਰੀਦ ਭੇਜ ਕੇ ਉਸ ਵੇਸਵਾ ਨੂੰ ਬੁਲਾ ਭੇਜਿਆ ਅਤੇ ਕਿਹਾ, "ਪੁੱਤਰੀ ! ਮੇਰੀ ਦਾੜ੍ਹੀ ਤੇਰੀ ਕੁੱਤੀ ਦੀ ਪੁੱਛ ਨਾਲੋਂ ਸੁੱਚੀ ਹੈ।" ਵੇਸਵਾ ਨੇ ਪਸ਼ੇਮਾਨੀ ਵਿਚ ਪੁੱਛਿਆ ਕਿ ਇਹ ਉੱਤਰ ਉਨ੍ਹਾਂ ਨੇ ਪਹਿਲੇ ਦਿਨ ਹੀ ਕਿਉਂ ਨਾ ਦੇ ਦਿੱਤਾ ? ਫਕੀਰ ਨੇ ਕਿਹਾ; "ਉਸ ਵੇਲੇ ਇਸ ਪ੍ਰਕਾਰ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ ਸੀ। ਖੋਟੇ ਤੇ ਬਾਂਦਰ ਮਨ ਦਾ ਵਸਾਹ ਕੋਈ ਨਹੀਂ ਕਿ ਕਦ ਡੋਲ ਜਾਵੇ। ਹੁਣ ਮੈਂ ਅੰਤਲੇ ਸਵਾਸਾਂ ਉੱਤੇ ਹਾਂ। ਇਸ ਦੇ ਡੋਲਣ ਤੇ ਮੈਨੂੰ ਕੁਮਾਰਗ-ਗਾਮੀ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।"

(4) ਸ੍ਰੀ ਗੁਰੂ ਨਾਨਕ ਦੇਵ ਜੀ ਦੇ "ਨਿਰਮਲ" ਤੇ "ਨਿਰਾਲੇ" ਪੰਥ ਦੀ ਇਸ ਅਦੁੱਤੀ ਸਿਫਤ ਦੇ ਵੀ ਪ੍ਰੋਫੈਸਰ ਸਾਹਿਬ ਦਿਲੋਂ ਜਾਨੋਂ ਕਾਇਲ ਸਨ ਕਿ ਗੁਰੂ ਜੀ ਦਾ ਮਤ ਸੱਚ ਧਰਮ, ਨਾਮ-ਧਰਮ ਉਤਨਾ ਹੀ ਉਦਾਰ, ਵਿਸ਼ਾਲ, ਅਸੰਪ੍ਰਦਾਇਕ, ਸਰਬ-ਸਾਂਝੀ ਸਰਬ-ਦੇਸੀ ਤੇ ਸਰਬ-ਕਾਲੀ ਹੈ, ਜਿੰਨਾਂ ਉਹਨਾਂ ਦਾ "ਪਾਰਬ੍ਰਹਮ ਪਰਮੇਸਰ।" ਏਸੇ ਲਈ ਨਾ ਕੋਈ ਵੈਰੀ ਹੈ ਨਾ ਕੋਈ ਬੇਗਾਨਾ। ਸਾਰੇ ਮਿੱਤਰ ਹੀ ਮਿੱਤਰ ਤੇ ਸਾਜਨ ਹਨ।

ਗੁਰੂ ਸਾਹਿਬਾਨ ਦੀ ਦੈਵੀ ਦ੍ਰਿਸ਼ਟੀ ਵਿਚ ਸਾਰੇ ਰਸਤੇ ਹੀ ਮੁਬਾਰਕ ਹਨ, ਬਸ਼ਰਤੇ ਕਿ ਉਹ ਰੱਬ ਵਲ ਜਾਂਦੇ ਹੋਣ।

ਭਾਈ ਨੰਦ ਲਾਲ ਜੀ "ਗੋਯਾ" ਨੇ ਇਸ ਸੱਚ ਨੂੰ ਸਮਝਿਆ, ਕਮਾਇਆ ਅਤੇ ਕੁਲ ਲੋਕਾਈ ਨੂੰ ਕੂਕ ਸੁਣਾਇਆ :—

"ਨ ਗੋਇਮਤ ਕਿ ਸੂਏ ਦੈਰ ਯਾ ਹਰਮ ਮੇ-ਰੌ।
ਹਰ ਤਰਫ ਮੇਰਵੀ, ਜਾਨਬਿ ਖੁਦਾ ਮੇ ਬਾਸ਼।

(ਭਾਵ :—ਐ ਬੰਦੇ ! ਮੈਂ ਤੈਨੂੰ ਇਹ ਨਹੀਂ ਆਖਦਾ ਕਿ ਮੰਦਰ ਵੱਲ ਜਾ ਜਾਂ ਮਸਜਦ ਵਲ, ਤੂੰ ਜਿਧਰ ਵੀ ਜਾਣਾ ਹੈ ਬੇਸ਼ਕ ਜਾ, ਪਰ ਸ਼ਰਤ ਇਹ ਹੈ ਕਿ "ਰੱਬ" ਵੱਲ ਜਾਵੀਂ।)

ਤੀਜੇ ਗੁਰਦੇਵ ਦੀ ਪ੍ਰਭੂ-ਹਜ਼ੂਰੀ ਵਿਚ ਕੀਤੀ ਇਕ ਅਰਦਾਸ ਤਾਂ ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਹੋਰ ਵੀ ਅਦੁੱਤੀ ਹੈ :—

(ਹੇ ਪ੍ਰਭੂ) "ਜਗਤੁ ਜਲੰਦਾ ਰਖਿ ਲੈ, ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ, ਤਿਤੈ ਲੇਹੁ ਉਬਾਰਿ ॥ (ਪੰਨਾ 853)

ਪ੍ਰੋ. ਸਾਹਿਬ ਸਿੰਘ ਨੂੰ ਗੁਰਬਾਣੀ ਤੋਂ ਪ੍ਰਾਪਤ ਸੁਗਿਆਨ ਇਹ ਸੱਚ ਪਰਪੱਕਤਾ ਨਾਲ ਦ੍ਰਿੜ੍ਹ ਕਰਾਉਂਦਾ ਹੈ ਕਿ ਸਿੱਖ ਧਰਮ ਅਥਵਾ ਗੁਰੂ ਬਾਬੇ ਦੇ "ਗਾਡੀ ਰਾਹ" ਦੀ ਇਹ ਵੱਡੀ ਵਿਸ਼ੇਸ਼ਤਾ ਹੈ ਕਿ ਇਹ ਸਰਬਤ ਨਾਲ ਇਕ ਸਮਾਨ ਗੁਣਾਂ ਦੀ ਸਾਂਝ ਪਾਉਂਦਾ ਅਤੇ ਔਗੁਣਾਂ ਤੇ ਅਉਗੁਣ ਆਰਿਆਂ ਦਾ ਤਿਆਗ ਕਰਦਾ ਹੈ :—

"ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ" (ਪੰਨਾ 766)

"ਮੋਦੀ ਬਾਬੇ" ਨੇ ਤਾਂ ਚੋਰਾਂ, ਡਾਕੂਆਂ, ਠੱਗਾਂ ਤੇ ਰਾਖਸ਼ਾਂ ਨਾਲ ਵੀ ਸਾਂਝ ਪਾਈ, ਪ੍ਰਭੂ ਭਗਤਾਂ ਅਤੇ ਹੋਰ ਭਲੇ ਪੁਰਸ਼ਾਂ ਨਾਲ ਨ ਪਾਉਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਜੋ ਵੀ ਆਇਆ ਬਾਬੇ ਦੇ ਇਕ ਓਅੰਕਾਰੀ ਉਪਦੇਸ਼ ਨਿਮਰਤਾ ਤੇ ਪਿਆਰ ਤੋਂ ਪ੍ਰਭਾਵਤ ਹੋਇਆ। ਇਹਨਾਂ ਗੁਣਾਂ ਕਰਕੇ ਹੀ ਤਾਂ ਸਤਿਵਾਦੀ ਪੰਚਮ ਗੁਰਦੇਵ "ਸਤਿਗੁਰ ਨਾਨਕ" ਨੂੰ ਸਭ ਤੋਂ ਵੱਡਾ ਕਰਕੇ ਬਿਆਨਦੇ ਤੇ ਸਨਮਾਨਦੇ ਹਨ। ਸਤਿਗੁਰੂ ਜੀ, ਨਾ ਤਾਂ ਹਰੇਕ ਨੂੰ ਆਪਣੇ "ਵਾੜੇ ਦੀਆਂ ਭੇਡਾਂ" ਬਣਾਉਣ ਵਿਚ ਵਿਸ਼ਵਾਸ ਰੱਖਦੇ ਹਨ, ਅਤੇ ਨਾ ਹੀ ਅੱਲਾਹ ਦਾ ਵਾਹਿਦ ਰਸੂਲ ਹੋਣ ਦਾ ਦਾਅਵਾ ਕਰਦੇ ਹਨ। ਉਨ੍ਹਾਂ ਦੀ ਉਦਾਰਤਾ ਦਾ ਅਦੁੱਤੀ ਨਾਅਰਾ ਹੈ :—

ਜੋ ਇਕ ਅਕਾਲ ਮੰਨੇ, ਨੇ ਮੰਨ ਮੈਨੂੰ ਮੰਨੇ

ਨਿਰਦਾਵਾ-ਸਰੂਪ ਸਤਿਗੁਰਾਂ ਦੇ ਆਗਮਨ ਤੋਂ ਪਹਿਲੇ ਜੁਗਾਂ ਵਿਚ ਜੋ ਸੰਬੰਧਤ ਗੁਰੂਆਂ ਤੇ ਸਾਧ ਸੰਗਤ ਦੀ ਬਰਕਤ ਨਾਲ ਤਰੇ, ਉਨ੍ਹਾਂ ਦਾ ਜ਼ਿਕਰ, ਜਿਹਾ ਕਿ ਅਸਾਂ ਸ੍ਰੀ ਗੁਰੂ ਅਰਜੁਨ ਦੇਵ ਜੀ ਦੇ "ਸੁਣਿ ਸਾਖੀ ਮਨ ! ਜਪਿ ਪਿਆਰ।" ਵਾਲੇ ਸ਼ਬਦ ਵਿਚ ਵੇਖਿਆ ਹੈ, ਆਪ ਜੀ ਵੱਡੇ ਮਾਣ ਸਤਿਕਾਰ ਨਾਲ ਕਰਦੇ ਹਨ। ਅਖੌਤੀ ਅਛੂਤਾਂ, ਸ਼ੂਦਰਾਂ ਤੇ ਸੂਫੀ ਮੁਸਲਮਾਨਾਂ ਦੇ ਕਲਾਮ ਨੂੰ ਗੁਰਬਾਣੀ ਤੁਲ ਆਦਰ ਤੇ ਅਸਥਾਨ ਦਿੰਦੇ ਹਨ। ਉਹ ਆਪਣੇ ਨਾਲ ਈਮਾਨਦਾਰਾਨਾ ਮਤ-ਭੇਦ ਰੱਖਣ ਵਾਲਿਆਂ ਨੂੰ ਕਾਫਰ ਨਹੀਂ ਗਰਦਾਨਦੇ। ਹਾਂ ਪ੍ਰਮਾਤਮਾ ਦੇ ਵਿਰੋਧ ਵਿਚ ਖਲੋਣ ਵਾਲਿਆਂ ਨੂੰ ਮਨਮੁੱਖ (ਮਨ ਮਗਰ ਤੁਰਨ ਵਾਲੇ) ਆਵੱਸ਼ ਆਖਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜ਼ਫਰਨਾਮੇ ਵਿਚ, ਪਹਿਲਾਂ ਹੋ ਗੁਜ਼ਰੇ ਸ਼ੇਖ ਸਾਅਦੀ ਅਤੇ ਸ਼ਾਹ ਨਾਮੇ ਦੇ ਕਵੀ ਲਿਖਾਰੀ ਫਿਰਦੌਸੀ ਦਾ, ਪ੍ਰਸੰਸਾ ਸਹਿਤ ਪ੍ਰਮਾਣ ਦੇਣੋਂ ਕਿਸੇ ਪ੍ਰਕਾਰ ਦਾ ਸੰਕੋਚ ਨਹੀਂ ਕਰਦੇ ਜਿਵੇਂ :—

(ੳ) ਚੂ ਦਸਤ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ,
ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ। (ਗੁਲਿਸਤਾਂ, ਪੰਨਾ ਨੰ. 23 ਸਾਅਦੀ)

ਜ਼ਫਰਨਾਮੇ ਵਿਚ ਇਹ ਸ਼ੇਅਰ ਮਾਮੂਲੀ ਫ਼ਰਕ ਨਾਲ ਇਉਂ ਅੰਕਿਤ ਹੈ :

ਚੂ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ,
ਹਲਾਲਅਸਤ ਬੁਰਦਨ ਬਸ਼ਮਸ਼ੀਰ ਦਸਤ। (ਸ਼ੇਅਰ 27)

(ਅਰਥ ਭਾਵ: ਜਦ ਕੰਮ ਸਾਰਿਆਂ ਹੀਲਿਆ ਤੋਂ ਅੱਗੇ ਲੰਘ ਗਿਆ ਹੋਵੇ ਤਾਂ ਤਲਵਾਰ ਚੁੱਕਣੀ (ਸ਼ਕਤੀ ਦੀ ਵਰਤੋਂ ਕਰਨੀ) ਜਾਇਜ਼ ਹੈ।]

(ਅ) ਚਿਹ ਖੁਸ਼ ਗੁਫ਼ਤ ਫ਼ਿਰਦੌਸੀਏ ਖੁਸ਼ਜ਼ੁਬਾਂ:
ਸ਼ਤਾਬੀ ਬਵੱਦ ਕਾਰਿ ਅਹਰਮਨਾ। (ਜ਼ਫਰਨਾਮਾ ਸ਼ੇਅਰ ਨੰ: 27)

(ਭਾਵਅਰਥ :—ਖੁਸ਼ ਜ਼ਬਾਨ ਫ਼ਿਰਦੌਸੀ ਨੇ ਕਿੰਨਾ ਸੋਹਣਾ ਕਿਹਾ ਹੈ ਕਿ ਕਾਹਲੀ ਕਰਨਾ ਸ਼ੈਤਾਨ ਦਾ ਕੰਮ ਹੈ।)

(ਨੋਟ :—ਉਪ੍ਰੋਕਤ ਸੰਖਿਪਤ ਵੀਚਾਰ ਪ੍ਰੋ. ਸਾਹਿਬ ਸਿੰਘ ਦੀ ਵੀਚਾਰ-ਧਾਰਾ ਦੇ ਮੰਡਨ ਤੇ ਉਨ੍ਹਾਂ ਦੇ ਵਿਰੋਧੀਆਂ ਦੇ ਖੰਡਨ ਵਿੱਚ ਹਨ।)

## 5. ਗੁਰੂ-ਬਾਣੀ ਪੰਜਵੇਂ ਸਤਿਗੁਰੂ ਜੀ ਪਾਸ ਕਿਵੇਂ ਪੁੱਜੀ ?

ਪ੍ਰੋਫੈਸਰ ਸਾਹਿਬ ਨੇ "ਬਾਣੀ" ਦੀ ਅੰਦਰਲੀ ਗਵਾਹੀ ਦੇ ਆਧਾਰ ਉਤੇ, "ਦੋ ਤੇ ਦੋ ਚਾਰ" ਵਾਂਗ, ਇਹ ਸਿੱਧ ਕੀਤਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਾਰੀ ਬਾਣੀ ਸ੍ਰੀ ਗੁਰੂ ਅੰਗਦ ਦੇਵ ਜੀ ਪਾਸ ਮੌਜੂਦ ਸੀ, ਅਤੇ ਏਸੇ ਤਰ੍ਹਾਂ ਬਾਕੀ ਪਹਿਲੇ ਤਿੰਨਾਂ ਹੀ ਗੁਰੂ ਸਾਹਿਬਾਨ ਦੀ। ਸੰਖੇਪ ਵਿਚ ਕੁਝ ਅਕੱਟ ਸਬੂਤ ਤੇ ਹਵਾਲੇ ਪੇਸ਼ ਹਨ :—

ੳ) ਪੁਰਾਤਨ ਜਨਮ ਸਾਖੀ ਦੀ ਸਾਖੀ ਨੰਬਰ 57..."ਤਿਤ ਮਹਲਿ ਜੋ ਸ਼ਬਦ ਹੋਆ, ਸੋ ਪੋਥੀ ਗੁਰੂ ਅੰਗਦ ਜੋਗ ਮਿਲੀ।" ਇਹ ਪੋਥੀ, ਬਾਣੀ ਦਾ ਹੀ ਸੰਗ੍ਰਹਿ ਸੀ, ਜੋ ਆਦਿ ਗੁਰੂ ਜੀ ਆਪਣੇ ਪਾਸ ਅੰਕਿਤ ਕਰ ਕੇ ਸਾਂਭਦੇ ਰਹੇ। ਦੂਜੇ, ਇਹੀ ਤਾਂ ਉਸ 'ਜੋਤ' ਦਾ ਜ਼ਾਹਰੀ ਪ੍ਰਗਟਾ ਤੇ ਸਰੂਪ ਸੀ, ਜੋ ਗੁਰੂ ਬਾਬੇ ਨੇ ਗੁਰੂ ਅੰਗਦ ਦੇਵ ਜੀ ਵਿਚ ਰੱਖ ਕੇ ਅੱਗੇ ਤੋਰੀ। ਹਵਾਲੇ :

ਅ) ਮ: ੧ :— ਭੁਖਿਆ ਭੁਖ ਨ ਉਤਰੀ, ਜੇ ਬੰਨਾ ਪੁਰੀਆ ਭਾਰ ॥ (ਜਪੁਜੀ)
ਮ:-੨ :-ਭੁਖਿਆ ਭੁਖ ਨ ਉਤਰੈ, ਗਲੀ ਭੁਖ ਨ ਜਾਇ ॥ (ਮਾਝ ਦੀ ਵਾਰ)

ੲ) ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ ॥ (ਮ. ੧, ਵਾਰ ਆਸਾ) (ਪੰ. 474)
ਚਾਕਰੁ ਲਗੈ ਚਾਕਰੀ, ਨਾਲੇ ਗਾਰਬੁ ਵਾਦੁ ॥ (ਮ: '੧' ਵਾਰ ਆਸਾ) (ਪੰ. 474)

ਪਹਿਲੇ ਤੇ ਤੀਜੇ ਸਤਿਗੁਰੂ ਸਾਹਿਬਾਨ ਦੀ ਬਾਣੀ ਵਿਚ ਮੇਲ :—

ੳ) ਮ. ੧ :—ਹਮ ਘਰਿ ਸਾਚਾ ਸੋਹਿਲੜਾ,... (ਪੰ 436, ਰਾਗ ਆਸਾ)
ਮ. ੩ :—ਹਮ ਘਰੇ ਸਾਚਾ ਸੋਹਿਲਾ (ਪੰ. 439, ਰਾਗ ਆਸਾ)

ਅ) ਮ. ੧ :—ਵਰੁ ਪਾਇਅੜਾ ਬਾਲੜੀਏ, ਆਸਾ ਮਨਸਾ ਪੂਰੀ ਰਾਮ (ਸੂਹੀ)
ਮ. ੩ :-ਪਿਰ ਪਾਇੜਾ ਬਾਲੜੀਏ, ਅਨਦਿਨੁ ਸਹਜੇ ਮਾਤੀ ਰਾਮ। (ਸੂਹੀ)

ਏਸੇ ਤਰ੍ਹਾਂ, ਪਹਿਲੇ ਪੰਜਾਂ ਗੁਰੂ ਸਾਹਿਬਾਨ ਦੀ ਬਾਣੀ ਵਿਚ ਕਈਆਂ ਪੱਖਾਂ ਤੋਂ ਵੱਡੀ ਸਾਂਝ ਹੈ, ਜੋ ਰੱਬ ਸਬੱਬੀ ਆਖੀ ਤੇ ਮੰਨੀ ਨਹੀਂ ਜਾ ਸਕਦੀ। ਇਹ ਸਾਂਝ ਨਿਰਸੰਦੇਹ ਇਹ ਸਿੱਧ ਕਰਦੀ ਹੈ ਕਿ ਗੁਰੂ ਸਾਹਿਬਾਨ ਵਲੋਂ ਇਹ ਅੰਮ੍ਰਿਤ ਬਾਣੀ ਕਿਵੇਂ ਸਾਂਭੀ ਜਾਂਦੀ ਰਹੀ, ਅਤੇ ਆਖਰ, ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ, ਪ੍ਰਮਾਣਿਕਤਾ ਪ੍ਰਾਪਤ ਕਰਕੇ, ਜੁੱਗੋ ਜੁੱਗ ਅਟੱਲ, "ਆਦਿ ਬੀੜ" ਵਿਚ ਸੰਕਲਨ ਹੋ ਕੇ, ਸੁਰੱਖਸ਼ਤ ਹੋਈ।

## 6. ਭਗਤ ਬਾਣੀ ਕਦ ਤੇ ਕਿਵੇਂ ਇਕੱਤਰ ਹੋਈ :—

ਪ੍ਰੋਫੈਸਰ ਸਾਹਿਬ ਸਿੰਘ-ਜੁੱਗ ਤੋਂ ਪਹਿਲਾਂ ਇਹ ਤਿੰਨ ਵੀਚਾਰ ਧਾਰਾਵਾਂ ਪ੍ਰਚੱਲਤ ਸਨ :—

ੳ) ਭਗਤ ਰੂਹਾਂ ਆਪਣੀ ਆਪਣੀ ਬਾਣੀ ਅੰਕਿਤ ਕਰਾਉਣ ਲਈ ਆਪ ਹਾਜ਼ਰ ਹੋਈਆਂ ਅਤੇ "ਸੂਰਜ ਪ੍ਰਕਾਸ਼" (ਭਾਈ ਸੰਤੋਖ ਸਿੰਘ) ਅਨੁਸਾਰ ਭਾਈ ਗੁਰਦਾਸ ਦਾ ਸੰਸਾ ਨਵਿਰਤ ਕਰਨ ਲਈ, ਸ੍ਰੀ ਗੁਰੂ ਅਰਜੁਨ ਦੇਵ ਜੀ ਨੇ, ਉਨ੍ਹਾਂ ਨੂੰ ਹੋ ਚੁੱਕੇ ਭਗਤਾਂ ਦੇ ਦਰਸ਼ਨ ਵੀ ਕਰਾਏ।

**ਪਰਖ** :—ਇਹ ਵੀਚਾਰ ਨਾ ਇਤਿਹਾਸ ਆਧਾਰਤ ਹੈ, ਨਾਂ ਹੀ ਵਿਗਿਆਨਕ, ਕੇਵਲ ਰੋਚਕਤਾ, ਸ਼ਰਧਾ ਤੇ ਜਜ਼ਬਾਤ ਦੀ ਉਪਜ ਹੈ।

ਅ) ਪ੍ਰਿ: ਧਰਮਾਨੰਤ ਸਿੰਘ, ਪੰਡਿਤ ਤਾਰਾ ਸਿੰਘ ਆਦਿਕ ਵਿਦਵਾਨਾਂ ਦੀ ਮਨੌਤ ਹੈ ਕਿ ਭਗਤਾਂ ਦੇ ਵੀਚਾਰ-ਭਾਵਾਂ ਨੂੰ, ਉਨ੍ਹਾਂ ਦੇ ਨਾਵਾਂ ਉਤੇ, ਸ੍ਰੀ ਗੁਰੂ ਜੀ ਨੇ ਆਪ ਹੀ ਰੱਚ ਲਿਆ।

**ਪਰਖ** :—ਐਸੀ ਰਵਸ਼, ਸਹਾਫ਼ਤੀ ਈਮਾਨਦਾਰੀ ਦੇ ਪ੍ਰਤਿਕੂਲ ਹੈ। ਸਤਿਗੁਰਾਂ ਦੇ ਸੰਬੰਧ ਵਿਚ ਅਜਿਹੀ ਅਨੁਚਿੱਤ ਗੱਲ ਸੋਚੀ ਵੀ ਨਹੀਂ ਜਾ ਸਕਦੀ। ਦੂਜੇ, ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਕੁਝ ਕੁ ਭਗਤਾਂ ਦੀ ਸ਼ਾਮਿਲ ਬਾਣੀ ਇਸ ਵੀਚਾਰ-ਧਾਰਾ ਦਾ ਖੰਡਨ ਕਰਦੀ ਹੈ।

ੲ) ਗਿਆਨੀ ਗਿਆਨ ਸਿੰਘ "ਤਵਾਰੀਖ ਗੁਰੂ ਖਾਲਸਾ" ਵਿਚ ਲਿਖਦੇ ਹਨ :—

"ਪ੍ਰਤੇਕ ਰਾਗ ਦੇ ਅੰਤ ਵਿਚ ਜੋ ਭਗਤਾਂ ਦੀ ਬਾਣੀ ਗੁਰੂ ਲਿਖਾਉਂਦੇ ਰਹੇ, ਏਸ ਵਿਚ ਦੋ ਮੱਤ ਹਨ। ਕਈ ਆਖਦੇ ਹਨ ਕਿ ਭਗਤ ਆਪ ਬੈਕੰਠ ਵਿਚੋਂ ਆ ਕੇ ਲਿਖਾਉਂਦੇ ਤੇ ਉਨ੍ਹਾਂ ਦਾ ਦਰਸ਼ਨ ਭੀ ਭਾਈ ਗੁਰਦਾਸ ਨੂੰ, ਉਸ ਦੇ ਸੰਸੇ ਦੂਰ ਕਰਨ ਵਾਸਤੇ, ਕਰਾਇਆ ਗਿਆ ਸੀ। ਕਈ ਆਖਦੇ ਹਨ ਕਿ ਭਗਤਾਂ ਦੀ ਬਾਣੀ, ਜਿਹੜੀ ਜਿਹੜੀ ਗੁਰੂ ਜੀ ਨੂੰ ਪਸੰਦ ਆਈ, ਉਨ੍ਹਾਂ ਦੀਆਂ ਪੋਥੀਆਂ ਤੋਂ ਲਿਖਾਈ ਹੈ। ਸੋ, ਇਹ ਬਾਤ ਉਨ੍ਹਾਂ ਪੋਥੀਆਂ ਤੋਂ ਭੀ ਸਾਬਤ ਹੁੰਦੀ ਹੈ, ਜੋ ਗੁਰੂ ਜੀ (ਬਾਬਾ) ਮੋਹਨ ਪਾਸੋਂ ਲਿਆਏ ਸਨ; ਕਿਉਂਕਿ ਉਨ੍ਹਾਂ ਵਿਚ ਭਗਤ ਬਾਣੀ ਹੈ।

**ਪਰਖ** :—ਗਿਆਨੀ ਗਿਆਨ ਸਿੰਘ ਦੀ ਉਪ੍ਰੋਕਤ ਲਿਖਤ, ਘੱਟ ਤੋਂ ਘੱਟ, ਸੂਰਜ ਪ੍ਰਕਾਸ਼" ਅਤੇ "ਗੁਰ ਬਿਲਾਸ" ਦੀ ਉਸ ਲਿਖਤ ਦਾ ਖੰਡਨ ਕਰਦੀ ਹੈ, ਜਿਸ ਮੁਤਾਬਿਕ ਭਗਤਾਂ ਨੇ ਬੈਕੁੰਠ ਤੋਂ ਹਾਜ਼ਰ ਹੋ ਕੇ ਆਪ ਆਪਣੀ ਬਾਣੀ ਲਿਖਵਾਈ।

ਸ) ਬਾਣੀ ਦੀ ਅੰਦਰਲੀ ਅਕੱਟ ਗਵਾਹੀ ਦੇ ਆਧਾਰ ਉਤੇ ਇਹ ਨਿਰਣਾਇਕ ਗੱਲ ਕਰਨੀ ਪ੍ਰੋ: ਸਾਹਿਬ ਸਿੰਘ ਦੇ ਹੀ ਹਿੱਸੇ ਆਈ ਹੈ ਕਿ ਭਗਤਾਂ ਦੀ ਬਾਣੀ, ਵਿਸ਼ੇਸ਼ ਕਰਕੇ, ਸ੍ਰੀ ਗੁਰੂ ਨਾਨਕ ਦੇਵ ਨੇ ਆਪ ਇਕੱਤਰ ਕੀਤੀ, ਕਰਾਈ ਅਤੇ ਦੂਜੇ ਗੁਰੂ ਜੀ ਨੂੰ ਬਖਸ਼ਣ ਹਿੱਤ, ਆਪਣੀ ਬਾਣੀ ਨਾਲ ਸੰਭਾਲ ਰੱਖੀ। ਅਸੀਂ ਉਨ੍ਹਾਂ ਦੀ ਲੰਮੀ ਚੌੜੀ ਖੋਜ ਵਿਚੋਂ, ਕੇਵਲ ਸ਼ੇਖ ਫਰੀਦ ਦੀ ਬਾਣੀ ਸਬੂਤ ਵਜੋਂ ਪੇਸ਼ ਕਰਦੇ ਹਾਂ :

**ਪਰਖ** :—ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ੇਖ ਫਰੀਦ ਜੀ ਦੇ 4 ਸ਼ਬਦ ਹਨ ਅਤੇ 130 ਸਲੋਕ। ਸਲੋਕਾਂ ਵਿਚ 18 ਸਲੋਕ ਗੁਰੂ ਸਾਹਿਬਾਨ ਦੇ ਹਨ, ਅਤੇ ਬਾਕੀ 112 ਫਰੀਦ

ਜੀ ਦੇ । 18 ਸਲੋਕਾਂ ਵਿਚੋਂ 5 ਪਹਿਲੀ ਪਾਤਸ਼ਾਹੀ, 4 ਤੀਜੀ ਪਾਤਸ਼ਾਹੀ, ਇਕ ਚੌਥੀ ਪਾਤਸ਼ਾਹੀ ਅਤੇ 8 ਪੰਜਵੀਂ ਪਾਤਸ਼ਾਹੀ ਦੇ ਹਨ। ਗੁਰੂ ਸਾਹਿਬਾਨ ਆਪਣੇ ਇਨ੍ਹਾਂ ਸਲੋਕਾਂ ਵਿਚ, ਸੋਧ-ਬਖਸ਼ੂ ਟਿਪਣੀ ਕਰਦੇ ਹਨ; ਜਿਵੇਂ :

ੳ) ਪਹਿਲੇ ਪਹਿਰੈ ਫੁਲੜਾ, ਫਲੁ ਭੀ ਪਛਾ ਰਾਤਿ ॥ (ਫਰੀਦ 112)
"ਜੋ ਜਾਗੰਨਿ ਲਹੰਨਿ ਸੇ, ਸਾਈ ਕੰਨੋ ਦਾਤਿ ॥"

ਆਦਿ ਗੁਰੂ ਜੀ :-"ਦਾਤੀ ਸਾਹਿਬ ਸੰਦੀਆ, ਕਿਆ ਚਲੈ ਤਿਸੁ ਨਾਲਿ ॥
ਇਕ ਜਾਗੰਦੇ ਨ ਲਹੰਨਿ, ਇਕਨਾ ਸੁਤਿਆ ਦੇਇ ਉਠਾਲਿ ।" (113)

ਗੁਰੂ ਜੀ, ਫਰੀਦ ਜੀ ਦੀ ਰਚਨਾ ਉਤੇ ਟਿਪਣੀ ਕਰਦੇ ਹੋਏ ਸਮੱਸਤ ਸੰਸਾਰ ਨੂੰ, ਸਦਾ ਲਈ ਸਾਵਧਾਨ ਕਰਦੇ ਹਨ ਕਿ ਜਾਗਣਾ ਮੁਬਾਰਿਕ ਹੈ, ਪ੍ਰੰਤੂ ਜਾਗਣ ਤੋਂ ਪੈਦਾ ਹੋਣ ਵਾਲੀ ਹਉਮੈ ਤੋਂ ਬਚਨ ਲਈ ਦਾਤੇ ਦਾ ਕਰਮ ਵੀ ਨਾਲ ਸ਼ਾਮਿਲ ਕਰਨਾ ਜ਼ਰੂਰੀ ਹੈ। ਦਾਤ ਉਸ ਦੀ ਬਖਸ਼ਿਸ਼ ਹੈ, ਕੇਵਲ ਆਪਣੇ ਪੁਰਸ਼ਾਰਥ ਦਾ ਫਲ ਨਹੀਂ। ਪੁਰਸ਼ਾਰਥ ਕਰਨਾ ਹੈ।

(ਅ) ਫ਼ਰੀਦ ਜੀ ਦਾ ਸੂਹੀ ਰਾਗ ਵਿਚ ਸ਼ਬਦ ਹੈ :
"ਬੇੜਾ ਬੰਧਿ ਨ ਸਕਿਓ, ਬੰਧਨ ਕੀ ਵੇਲਾ ॥
ਭਰਿ ਸਰਵਰੁ ਜਬ ਊਛਲੈ, ਤਬ ਤਰਣੁ ਦੁਹੇਲਾ ॥...(ਪੰ. 794)

ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰੀਦ ਨੂੰ ਇਉਂ ਸੋਧ ਤੇ ਧਰਵਾਸ ਦੇਂਦੇ ਹਨ ।—
"ਜਪ ਤਪ ਕਾ ਬੰਧੁ ਬੇੜੁਲਾ, ਜਿਤੁ ਲੰਘਹਿ ਵਹੇਲਾ ।"
ਨਾ ਸਰਵਰੁ ਨਾ ਊਛਲੈ, ਐਸਾ ਪੰਥੁ ਸੁਹੇਲਾ ॥ (ਸੂਹੀ ਪੰ. 729)

## ਕੁੱਝ ਨਵੀਂ ਛਿੜੀ ਚਰਚਾ ਬਾਰੇ :

ਹੁਣ ਤੱਕ ਵਿਦਵਾਨਾਂ, ਸਿੱਖ ਸੰਪ੍ਰਦਾਵਾਂ ਤੇ ਆਮ ਮਨੌਤ ਦੀ ਵੱਡੀ ਬਹੁਲਤਾ ਇਸ ਗਲ ਦੇ ਹੱਕ ਵਿਚ ਰਹੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ੇਖ ਫ਼ਰੀਦ ਦੇ ਨਾਮ ਉੱਤੇ ਸ਼ਾਮਿਲ ਬਾਣੀ ਸ਼ੇਖ ਫਰੀਦ, ਸ਼ਕਰਗੰਜ ਦੀ ਰਚਨਾ ਹੈ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਆਪਣੇ ਸਮਕਾਲੀ, ਸ਼ੇਖ ਇਬਰਾਹੀਮ ਪਾਸੋਂ ਪ੍ਰਾਪਤ ਕੀਤੀ। ਪ੍ਰੋ: ਪਿਆਰਾ ਸਿੰਘ ਪਦਮ ਤੇ ਪ੍ਰੋ: ਸਾਹਿਬ ਸਿੰਘ ਇਸ ਵੀਚਾਰ ਦੇ ਵੱਡੇ ਹਾਮੀ ਹਨ। ਇਨ੍ਹਾਂ ਤੋਂ ਇਲਾਵਾ ਭਾਈ ਕਾਨ੍ਹ ਸਿੰਘ ਨਾਭਾ "ਮਹਾਂ-ਕੋਸ਼" ਵਿਚ ਕਿਤੇ ਵੀ, ਬਾਬਾ ਸ਼ੇਖ ਫਰੀਦ ਨੂੰ, ਸ਼ੇਖ ਫ਼ਰੀਦ ਤੇ ਸਾਨੀ ਨਾਲ, ਖਲਤ ਮਲਤ ਨਹੀਂ ਕਰਦੇ। ਪ੍ਰੰਤੂ, "ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ" ਦੇ ਲੇਖਕ ਮਹਾਂਕੋਸ਼ ਦੇ ਹਵਾਲੇ ਨੂੰ ਕਾਂਟ ਛਾਂਟ ਕਰਕੇ ਆਪਣੇ ਹੱਕ ਵਿਚ ਪੇਸ਼ ਕਰਦੇ ਅਤੇ ਭੁਲੇਖਾ ਪਾਉਣ ਦਾ ਅਯੋਗ ਜਤਨ ਕਰਦੇ ਹਨ। ਗੁਰੂ ਜੀ ਦੀ ਸ਼ੇਖ ਬ੍ਰਹਮ ਨਾਲ ਮੁਲਾਕਾਤ ਹੋਣ ਬਾਰੇ ਤਾਂ ਕਿਸੇ ਨੂੰ ਕੋਈ ਕਿੰਤੂ ਨਹੀਂ। ਸਵਾਲ ਤਾਂ ਇਹ ਹੈ ਕਿ ਪਾਵਨ ਬੀੜ ਵਿਚ ਦਰਜ ਬਾਣੀ ਸ਼ੇਖ ਫਰੀਦ ਦੀ ਹੈ ਜਾਂ ਸ਼ੇਖ ਬ੍ਰਹਮ ਦੀ, ਜੋ ਯਾਰਵੇਂ ਥਾਂ ਗੱਦੀ ਉਤੇ ਸਨ। ਮਹਾਂਕੋਸ਼ ਵਿਚੋਂ ਲਏ ਹਵਾਲੇ ਵਿੱਚ ਗਿ: ਗੁਰਦਿੱਤ ਸਿੰਘ ਵਲੋਂ ਜਾਣ ਬੁਝ ਕੇ ਕੀਤੀ ਘਾਟ ਵਾਧ ਇਸ ਪ੍ਰਕਾਰ ਹੈ। ਹਵਾਲੇ ਵਾਲੀ ਇਬਾਰਤ ਹੈ :—

"ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ "ਸ਼ੇਖ ਬ੍ਰਹਮ" (ਸ਼ੇਖ ਇਬ੍ਰਾਹੀਮ ਜੀ) ਨਾਲ (ਜਿਨ੍ਹਾਂ ਦੇ ਨਾਮ ਫਰੀਦ ਸਾਨੀ, ਬਲਰਾਜਾ, ਸਾਲਿਸ ਫ਼ਰੀਦ ਆਦਿਕ ਹਨ) ਦੋ ਵਾਰ ਹੋਈ। ਪੁਰਾਣੀਆਂ ਸਾਖੀਆਂ ਅਤੇ "ਨਾਨਕ ਪ੍ਰਕਾਸ਼" ਵਿਚ ਭੀ 'ਸ਼ੇਖ ਬ੍ਰਹਮ' ਹੀ ਨਾਮ ਆਉਂਦਾ ਹੈ :—

"ਸ਼ੇਖ ਫਰੀਦ ਪਟਨ ਹੈ ਜਹਿੰਵਾ। ਸ਼ੇਖ ਬ੍ਰਹਮ ਤਬ ਬਸਈ ਤਹਿੰਵਾ।
ਤਿਹ ਕੇ ਮਿਲਨ ਹੇਤ ਗਤਿਦਾਈ, ਦੋਇ ਕੋਸ ਪਰ ਬੈਠੇ ਜਾਈ।"

(ਨਾਨਕ ਪ੍ਰਕਾਸ਼ ਉਤਰਾ ਅਨਿਆਇ 33)

"ਫਰੀਦ ਸਾਨੀ ਦਾ ਦੇਹਾਂਤ ਸੰਮਤ 1610 ਵਿਚ ਹੋਇਆ ਹੈ, ਇਸ ਲਈ ਗੁਰੂ ਨਾਨਕ ਸਵਾਮੀ ਦੇ ਸਮਕਾਲੀ ਸਨ। ਸ਼ੇਖ ਫਰੀਦ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।"

**ਪਰਖ ਪੜਚੋਲ** :—ਵਿਪੱਖੀ ਸੱਜਣ ਦੀ ਦੀਦਾ ਦਲੇਰੀ ਵੇਖੋ ਕਿ ਉਹ ਪੁਸਤਕ, "ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ" (ਭਾਗ ਪਹਿਲਾ) ਵਿੱਚ, ਭਾਈ ਸੰਤੋਖ ਸਿੰਘ ਜੀ ਵੱਲੋਂ "ਨਾਨਕ ਪ੍ਰਕਾਸ਼" ਦੇ ਪਾਠ "ਜਹਿੰਵਾ" ਨੂੰ "ਰਹਿੰਦਾ" ਵਿਚ ਬਦਲ ਕੇ ਇਹ ਸਿੱਧ ਕਰਨ ਦੀ ਚੁਸਤੀ ਕਰਦੇ ਹਨ ਕਿ "ਸ਼ੇਖ ਫਰੀਦ ਤੇ ਸ਼ੇਖ ਬ੍ਰਹਮ" ਇਕ ਵਿਅਕਤੀ ਦੇ ਨਾਮ ਹਨ। ਉਹ ਇਸ ਬਦਲੀ ਦੁਆਰਾ ਇਹ ਦਸਣਾ ਚਾਹੁੰਦੇ ਹਨ ਕਿ "ਜਿਥੇ ਸ਼ੇਖ ਫਰੀਦ ਰਹਿੰਦਾ ਹੈ", ਜਦ ਕਿ ਸ਼ੇਖ ਫਰੀਦ ਨੂੰ ਸੁਰਗਵਾਸ ਹੋਇਆਂ ਢਾਈ ਕੁ ਸੌ ਸਾਲ ਹੋ ਚੁੱਕੇ ਸਨ। ਮਹਾਨਕੋਸ਼ ਅਨੁਸਾਰ "ਜਹਿੰਵਾ" ਦਾ ਅਰਥ ਹੈ : "ਜਿੱਥੇ, ਜਿਸ ਅਸਥਾਨ ਮੇਂ।" ਸੋ, ਦਰੁਸਤ ਅਰਥ ਹਨ—"ਜਿਥੇ ਸ਼ੇਖ ਫਰੀਦ ਦਾ ਪਟਨ ਹੈ (ਜੋ ਇਸ ਦਾ ਬਾਨੀ ਸੀ) ਅਤੇ ਜਿਥੇ ਅਜ ਕਲ ਸ਼ੇਖ ਬ੍ਰਹਮ ਵਸਦਾ ਹੈ।" (ਦੋਹਾ ਨਾਵਾਂ ਵਿਚ ਅੰਤਰ ਨੋਟ ਕਰਨ ਜੋਗ ਹੈ)

ਦੂਜੇ, ਭਾਈ ਕਾਨ੍ਹ ਸਿੰਘ ਸਪਸ਼ਟ ਲਿਖ ਰਹੇ ਹਨ ਕਿ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਸ਼ੇਖ ਫਰੀਦ ਦੀ ਹੈ, ਨਾ ਕਿ ਸ਼ੇਖ ਬ੍ਰਹਮ ਦੀ। ਸੋ ਵਿਪੱਖੀ ਜੀ, ਬਿਨਾ ਸੋਚੇ ਸਮਝੇ ਉਹ ਪ੍ਰਮਾਣ ਦੇ ਰਹੇ ਹਨ ਜੋ ਉਨ੍ਹਾਂ ਦੇ ਹੱਕ ਵਿਚ ਨਹੀਂ ਜਾਂਦਾ; ਸਗੋਂ, ਸੌ ਫੀਸਦੀ ਵਿਰੁਧ ਜਾਂਦਾ ਹੈ, ਅਤੇ ਉਹ ਆਪ ਫੈਲਾਏ ਜਾਲ ਵਿਚ ਫਸ ਜਾਂਦੇ ਹਨ। ਉਨ੍ਹਾਂ ਨਾਲ ਤਾਂ 'ਖੁਦ ਆਪ ਅਪਨੇ ਦਾਮ ਮੇ ਸਯਾਦ ਫਸ ਗਿਆ।' ਵਾਲੀ ਹੋਣੀ ਵਰਤੀ ਹੈ।

## ਕੌਣ ਕਿਸ ਉੱਤੇ ਟਿਪਣੀ ਕਰਦਾ ਹੈ :

ਇਸ ਹਕੀਕਤ ਤੋਂ ਕੋਈ ਵੀ ਬਹੋਸ਼ ਤੇ ਈਮਾਨਦਾਰ ਵਿਦਵਾਨ ਲਿਖਾਰੀ ਜਾਂ ਸੁਹਿਰਦ ਪਾਠੀ ਇਨਕਾਰ ਨਹੀਂ ਕਰ ਸਕਦਾ ਕਿ ਸ਼ੇਖ ਫਰੀਦ ਦੇ ਸਲੋਕਾਂ ਵਿਚ ਗੁਰੂ ਸਾਹਿਬਾਨ ਵਲੋਂ ਉਚਾਰੇ ਸਲੋਕ ਟਿੱਪਣੀ ਵਜੋਂ ਹਨ। ਨੋਟ ਕਰਨ ਵਾਲੀ ਵਿਸ਼ੇਸ਼ ਗਲ ਇਹ ਹੈ ਕਿ ਫਰੀਦ ਜੀ ਦਾ ਸਲੋਕ ਪਹਿਲਾਂ ਅੰਕਿਤ ਹੈ, ਅਤੇ ਗੁਰੂ ਜੀ ਦਾ, ਉਸ ਨਾਲ ਸੰਬੰਧਤ ਸਲੋਕ, ਐਨ ਬਾਅਦ ਵਿਚ ਜਿਸ ਤੋਂ ਸੂਰਜ ਵੱਤ ਰੋਸ਼ਨ ਹੋ ਜਾਂਦਾ ਹੈ ਕਿ

ਸ਼ੇਖ ਫਰੀਦ ਵਲੋਂ ਪਹਿਲਾਂ ਪ੍ਰਗਟਾਏ ਵੀਚਾਰਾਂ ਉੱਤੇ ਗੁਰੂ ਜੀ ਬਾਅਦ ਵਿੱਚ ਟਿਪਣੀ (Comments) ਕਰ ਰਹੇ ਹਨ । ਇਹ ਪੱਖ ਪ੍ਰੋ: ਸਾਹਿਬ ਸਿੰਘ ਜੀ ਦਾ ਹੈ, ਜਿਸ ਨੂੰ ਜਜ਼ਬਾਤੀ ਖਿੱਚ ਧੂਹ ਕਰਕੇ, ਤੇ ਅਸਲ ਲਿਖਤਾਂ ਬਦਲਾ ਕੇ ਖੰਡਨ ਨਹੀਂ ਕੀਤਾ ਜਾ ਸਕਦਾ । ਆਖਰ, ਇਕ ਗੱਲ ਹੀ ਹੋ ਸਕਦੀ ਹੈ । ਜਾਂ ਤਾਂ ਗੁਰੂ ਜੀ ਪਾਸ ਫ਼ਰੀਦ ਦੀ ਬਾਣੀ ਸੀ ਅਤੇ ਉਨ੍ਹਾਂ ਨੇ ਉਸ ਉਤੇ ਟਿਪਣੀ ਕੀਤੀ, ਅਤੇ ਜਾਂ, ਵਿਪੱਖੀ ਸੱਜਣ ਦੇ ਕਥਨ ਅਨੁਸਾਰ, ਸ਼ੇਖ ਇਬ੍ਰਾਹੀਮ ਪਾਸ ਗੁਰੂ ਜੀ ਦੀ ਬਾਣੀ ਸੀ, ਜਿਸ ਤੋਂ ਉਹ ਪ੍ਰਭਾਵਤ ਵੀ ਸੀ; ਪ੍ਰੰਤੂ, ਫਿਰ ਵੀ ਉਸ ਨੇ "ਵਾਟ ਦੱਸਣ" ਵਾਲੇ ਗੁਰੂ ਜੀ ਦ ਸਲੋਕਾਂ ਉੱਤੇ ਨੁਕਤਾ ਚੀਨੀ ਕੀਤੀ, ਅਤੇ ਇਕ ਤਰ੍ਹਾਂ, ਉਨ੍ਹਾਂ ਨੂੰ ਗਲਤ ਕਰਾਰ ਦੇ ਕੇ ਸੋਧਿਆ, ਅਤੇ ਇਉਂ ਕੀਤਾ ਵੀ, ਆਪਣੇ ਸਲੋਕ ਨੂੰ ਗੁਰੂ ਜੀ ਦੇ ਸਲੋਕ ਤੋਂ ਪਹਿਲਾਂ ਲਿਖ ਕੇ ? ਐਸੀ ਸੂਰਤ ਵਿਚ ਅਫਜ਼ਲ, ਵੱਡਾ ਕੌਣ ਹੋਇਆ ? ਗੁਰੂ ਜੀ ਜਾਂ ਫ਼ਰੀਦ ਸਾਨੀ ?

ਗਜ਼ਬ ਸਾਂਈ ਦਾ, ਸਿੱਧੀ ਤੇ ਸਪੱਸ਼ਟ ਗਲ ਨੂੰ ਦਿਮਾਗੀ ਉਕਤੀਆਂ ਜੁਗਤੀਆਂ ਨਾਲ ਪੁੱਠਾ ਗੇੜ ਦਿੱਤਾ ਜਾ ਰਿਹਾ ਹੈ ਅਤੇ "ਸਭ ਤੋਂ ਵੱਡੇ ਗੁਰੂ ਨਾਨਕ ਦੇਵ ਜੀ" ਨੂੰ ਸ਼ੇਖ ਇਬ੍ਰਾਹੀਮ ਪਾਸੋਂ ਨੁਕਤਾ ਚੀਨੀ ਕਰਵਾ ਕੇ, ਅਤੇ ਸਤਿਗੁਰਾਂ ਵਲੋਂ ਪ੍ਰਗਟਾਏ ਸਿਧਾਂਤ ਦਾ ਵਿਰੋਧ ਕਰਾਕੇ, ਛੁਟਿਆਇਆ ਜਾ ਰਿਹਾ ਹੈ । ਅਜਿਹਾ ਅਨਰਥ ਮਾਰਨ ਵਾਲੇ ਮਿੱਤਰਾਂ ਦੀ ਹੋਂਦ ਵਿੱਚ ਗੁਰੂ-ਪੰਥ ਨੂੰ ਦੁਸ਼ਮਨਾਂ ਦੀ ਕੀ ਲੋੜ ਹੈ ? ਇਹੀ ਨਹੀਂ, ਪ੍ਰੋਫੈਸਰ ਸਾਹਿਬ ਦਾ ਐਸਾ ਬੇਥਵਾ ਵਿਰੋਧ ਕਰਨ ਵਾਲਿਆਂ ਨੂੰ, ਵੱਡੇ ਖਿਤਾਬਾਂ ਤੇ ਬਖਸ਼ਿਸ਼ਾਂ ਨਾਲ ਨਿਵਾਜਿਆ ਜਾ ਰਿਹਾ ਹੈ । ਵਾਹ ਰੇ, ਮੇਰੇ ਦੂਲੇ ਪੰਥਾ ! ਅੰਮ੍ਰਿਤ ਤੇ ਧੁਰ ਕੀ ਬਾਣੀ ਦੇ ਵਾਰਸਾ !

ਅਸੀਂ ਪਿੱਛੇ ਦਸ ਆਏ ਹਾਂ ਕਿ ਜਿਵੇਂ ਪ੍ਰੋ. ਸਾਹਿਬ ਸਿੰਘ ਜੀ ਦੇ ਵਿਰੋਧੀ ਸੱਜਣ, ਭਾਈ ਕਾਨ੍ਹ ਸਿੰਘ ਨਾਭਾ ਦੇ "ਮਹਾਂਕੋਸ਼" ਵਿਚ ਆਈ ਲਿਖਤ ਨੂੰ ਬਦਲ ਕੇ, ਭਾਈ ਸਾਹਿਬ ਦੇ ਮਨਸ਼ੇ ਦੇ ਵਿਰੁਧ ਅਰਥ ਵੀ ਕੱਢ ਰਹੇ ਹਨ, ਅਤੇ ਫੇਰ ਦੁਬਾਰਾ ਆਪਣੀ ਪੁਸਤਕ ਦੇ ਪੰਨਾ 399 ਉਤੇ 'ਨਾਭਾ' ਜੀ ਦਾ ਨਾਂ ਆਪਣੇ ਪੱਖ ਵਿਚ ਪੇਸ਼ ਕਰਦੇ ਹਨ.. "ਭਾਈ ਕਾਨ੍ਹ ਸਿੰਘ ਜੀ, ਭਾਈ ਵੀਰ ਸਿੰਘ, ਪ੍ਰਿੰ: ਤੇਜਾ ਸਿੰਘ ਜੀ ਦਾ ਸਿਖ ਸਾਹਿਤ ਦੇ ਲਿਖਾਰੀਆਂ ਵਿੱਚ ਕੋਈ ਨਿਗੂਣਾ ਸਥਾਨ ਨਹੀਂ।" ਭਲਾ, ਜੇ ਭਾਈ ਕਾਨ੍ਹ ਸਿੰਘ ਦੀ ਲਿਖਤ ਹੀ ਆਪ ਦੇ ਵਿਰੁਧ ਜਾਵੇ, ਜਿਹਾ ਕਿ ਅਸੀਂ ਪਿਛੇ ਸਾਬਤ ਕੀਤਾ ਹੈ, ਤਾਂ ਫ਼ਿਰ ਵਿਪੱਖੀ ਦੇ ਹਵਾਲਿਆਂ ਤੇ ਦਾਅਵਿਆਂ ਦੇ ਹਵਾ-ਮਹਿਲ ਦਾ ਕੀ ਬਣੂ ?

ਸ਼ੇਖ ਫ਼ਰੀਦ ਜੀ ਦਾ ਜਨਮ ਸੰਨ 1173 ਵਿੱਚ ਹੋਇਆ । 1973 ਵਿੱਚ ਉਨ੍ਹਾਂ ਦਾ 8 ਸੌ ਸਾਲਾ ਮਨਾਇਆ ਗਿਆ । "ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ 1975 ਵਿੱਚ ਉਨ੍ਹਾਂ ਬਾਰੇ ਇਕ ਯਾਦਗਾਰੀ ਪੁਸਤਕ ਛਾਪੀ, ਜਿਸ ਵਿੱਚ ਹੇਠ ਲਿਖੇ ਲਗਭਗ ਸਾਰੇ ਵਿਦਵਾਨ ਲਿਖਾਰੀਆਂ ਨੇ ਆਪਣੇ ਲੇਖਾਂ ਵਿੱਚ ਮੰਨਿਆ ਹੈ ਕਿ ਸ਼ੇਖ ਫ਼ਰੀਦ (ਸ਼ਕਰ-ਗੰਜ) ਵਿਦਵਾਨ ਸੂਫ਼ੀ ਕਵੀ ਸਨ ਅਤੇ ਬਾਣੀ ਦੇ ਰਚੈਤਾ ਵੀ :—

1. ਡਾ. ਰਾਮ ਚੰਦ ਪਾਲ, ਵੀ.ਸੀ. (ਪੰ. ਯੂਨੀਵਰਸਿਟੀ)
2. ਡਾ. ਸੁਰਿੰਦਰ ਸਿੰਘ ਕੋਹਲੀ (ਸੰਪਾਦਕ)

3. ਡਾ. ਜੀਤ ਸਿੰਘ ਸੀਤਲ, 4. ਡਾ. ਸਾਧੂ ਰਾਮ ਸ਼ਾਰਦਾ

5. ਡਾ. ਦੀਵਾਨ ਸਿੰਘ ਟ੍ਰਿਪਲ ਐਮ.ਏ. 6. ਡਾ. ਮਨਮੋਹਨ ਸਿੰਘ

7. ਡਾ. ਤ੍ਰਿਲੋਚਨ ਸਿੰਘ 8. ਪ੍ਰੋ. ਰਾਮ ਸਿੰਘ

9. ਡਾ. ਤਾਰਨ ਸਿੰਘ 10. ਡਾ. ਕਰਤਾਰ ਸਿੰਘ ਸੂਰੀ

11. ਡਾ. ਅਤਰ ਸਿੰਘ 12. ਡਾ. ਦਲੀਪ ਸਿੰਘ "ਦੀਪ",

13. ਡਾ. ਰਤਨ ਸਿੰਘ ਜੱਗੀ 14. ਡਾ. ਪ੍ਰੇਮ ਪ੍ਰਕਾਸ਼ ਸਿੰਘ

15. ਡਾ. ਗੁਰਚਰਨ ਸਿੰਘ 16. ਡਾ. ਹਰਨਾਮ ਸਿੰਘ "ਸ਼ਾਨ"

ਫੇਰ ਵੀ ਜੇ ਕੋਈ "ਵਿਅਕਤੀ" "ਫ਼ਰੀਦ ਖਾਣੀ" ਦੇ ਸਹੀ ਰਚੈਤਾ ਬਾਰੇ ਭੁਲੇਖਾ ਪਾਉਣ ਲਈ ਹੱਠ ਕਰੀ, ਤੇ ਸੱਚ ਦੇ ਸੂਰਜ ਨੂੰ ਕੁਨਾਲੀ ਹੇਠ ਛੁਪਾਉਣ ਦਾ ਜਤਨ ਕਰੀ ਜਾਵੇ, ਤਾਂ ਉਸ ਦਾ ਕੀ ਇਲਾਜ ? ਸਤਿਗੁਰੂ ਹੀ ਸੁਮੱਤ ਬਖਸ਼ੇ !

## ਖਲੀਕ ਅਹਿਮਦ ਨਜ਼ਾਮੀ ਦੀ ਗਵਾਹੀ :

ਆਓ ਹੁਣ ਖਲੀਕ ਅਹਿਮਦ ਨਜ਼ਾਮੀ, ਸਾਬਿਕਾ ਵਾਈਸ ਚੈਂਸਲਰ, ਅਲੀਗੜ੍ਹ ਯੂਨੀਵਰਸਿਟੀ, ਜੋ ਇਸ ਸੂਫੀ ਸਿਲਸਿਲੇ ਦੇ ਵਿਦਵਾਨ ਉਤਰਾਧਿਕਾਰੀ ਹਨ, ਦੀਆਂ ਲਿਖਤਾਂ ਬਾਰੇ ਵੀਚਾਰ ਕਰੀਏ। ਪ੍ਰੋ: ਸਾਹਿਬ ਉਤੇ ਵੱਡੀ ਬੇਫਿਕਰੀ ਨਾਲ ਅਸਭਯਤ ਰੁੱਖੀ ਤੋਂ ਰੁੱਖੀ ਸ਼ਬਦਾਵਲੀ ਵਿਚ, ਨੁਕਤਾ ਚੀਨੀ ਕਰਨ ਵਾਲੇ ਵਿਪੱਖੀ ਨੇ ਸ਼ੇਖ ਫਰੀਦ ਸੰਬੰਧੀ ਲਿਖੇ ਅਧਿਆਏ ਵਿਚ ਘੱਟ ਤੋਂ ਘੱਟ ਸਤ ਵੇਰਾਂ "ਨਜ਼ਾਮੀ" ਦੀ ਲਿਖਤ ਨੂੰ ਆਪਣੇ ਪੱਖ ਵਿਚ ਪੇਸ਼ ਕੀਤਾ ਹੈ ਕਿ ਮਸਊਦ ਆਪਣੇ ਆਪ ਨੂੰ ਫਰੀਦ ਨਹੀਂ ਸਨ ਕਹਾਉਂਦੇ ਅਤੇ ਨਾ ਹੀ ਉਨ੍ਹਾਂ ਕੋਈ ਕਲਾਮ ਰਚਿਆ ਹੈ; ਆਦਿ, ਆਦਿ।"

ਭਲਾ ਜੇ, ਖਲੀਕ ਨਜ਼ਾਮੀ ਹੀ ਅੰਗਰੇਜ਼ੀ ਵਿਚ, ਸ਼ੇਖ ਫਰੀਦ ਬਾਰੇ ਲਿਖੀ ਪੁਸਤਕ ਨੂੰ, ਮਜ਼ੀਦ ਖੋਜ ਦੀ ਬਿਨਾਅ ਉਤੇ, ਇਕ ਈਮਾਨਦਾਰ ਸੱਚੇ ਇਤਿਹਾਸਕਾਰ ਹੋਣ ਦੇ ਨਾਤੇ, ਏਸੇ ਪੁਸਤਕ ਦੀ ਦੂਜੀ ਐਡੀਸ਼ਨ ਵਿਚ ਇਸ ਭਾਵ ਦੀ ਸੋਧ ਸੁਧਾਈ ਕਰ ਦੇਣ ਕਿ ਹਜ਼ਰਤ ਬਾਬਾ ਸ਼ੇਖ ਫਰੀਦ ਬਾਰੇ ਉਨ੍ਹਾਂ ਦੇ ਪਹਿਲੇ ਵੀਚਾਰ ਕਿ ਉਨ੍ਹਾਂ ਨੇ ਕੋਈ ਕਲਾਮ ਨਹੀਂ ਰਚਿਆ ਆਦਿ, ਗਲਤ ਹਨ, ਤਾਂ ਫੇਰ ਵਿਪੱਖੀ ਜੀ ਦਾ, ਖਲੀਕ ਨਜ਼ਾਮੀ ਦੀਆਂ ਦਲੀਲਾਂ ਜਾਂ ਲਿਖਤਾਂ ਉਤੇ ਉਸਾਰੇ ਸ਼ੀਸ਼-ਮਹਲ ਦਾ ਕੀ ਬਣੂੰ ? ਏਸੇ ਲਈ, ਪ੍ਰੋ: ਸਾਹਿਬ ਸਿੰਘ ਨੇ ਗੁਰਮੱਤ ਤੇ ਗੁਰ-ਇਤਿਹਾਸ ਦਾ ਨਿਰਣਾ ਕਰਨ ਲਈ 'ਧੁਰ ਕੀ ਬਾਣੀ' ਨੂੰ ਕਸਵੱਟੀ ਬਣਾਇਆ ਹੈ। ਗੁਰਬਾਣੀ ਦੀ ਗਵਾਹੀ ਸਦਾ ਅਖੰਡ ਤੇ ਅੱਕਟ ਹੈ। ਚੇਤੇ ਰਹੇ ! **Histoty is not a philosophy, but a pageant.**

ਹੁਣ, ਅਸੀਂ ਅੱਗੇ ਖਲੀਕ ਨਜ਼ਾਮੀ ਦੀ ਉਸ ਪਤ੍ਰਕਾ ਦੀ ਨਕਲ ਦਿੰਦੇ ਹਾਂ ਜਿਸ ਵਿਚ ਉਸ ਨੇ ਸ਼ੇਖ ਫਰੀਦ ਬਾਰੇ ਹੋਈ ਭੁਲ ਨੂੰ, ਮਰਦਾਂ ਵਾਂਗ, ਮੰਨਿਆ ਤੇ ਸੋਧ ਸੁਧਾਈ ਕੀਤੀ ਹੈ।

Professor Khaliq Ahmed Nizami

Nizam Vila
Sir Syed Road
Aligarh-202001
March 27, 1989

My Dear Dr. Gurcharan Singh,

Thank you very much for your kind letter dated 7th March, 1989. I have to apologize for this delay in acknowleging it.

In the Second edition of my book—Life and Times of Shaikh Frid Gang-i-Shakar, I have revised my earlier assessment and I have definitely stated that the Bani ascribed to Baba Frid is absolutely authentic & reliable I intend to write a very detailed article on this theme. An assessment of Baba Frid's thought available in different sources, has led me to this conclusion. I am busy these days in some other projects But I hope to deal with this problem in the next volume 'Tarikh-i-Mashaikh-i-Chist', now in preparation.

I am very happy to know that Urdu translation of the Holy Sri Guru Granth Sahib has been undertaken by the Urdu Academy of Delhi I remember having drawn the attention of my lamented friend Dr Ganda Singh, to the need of making Urdu translation of Sri Guru Granth Sahib, available to the Urdu readers I mentioned it to Vice Chancellor, Samundri also. So, it is fulfilment of a long cherished desire of mine. I congratulate you for it.

If you have not got a copy of the second edition of my Baba Frid. please let me know. I will ask the publsiher to send a complimentary copy to you.

With personal regards,
K. A. Nizami

Prof Gurcharan Singh,
General Secretary,
Baba Frid Memorial Society,
B-B Model Town, Patiala-147001

ਪ੍ਰੋ. ਅਹਿਮਦ ਖਲੀਕ ਨਜ਼ਾਮੀ, ਵਾਈਸ ਚੈਂਸਲਰ, ਮੁਸਲਮ ਯੂ. ਅਲੀਗੜ੍ਹ, ਪ੍ਰੋਫੈਸਰ ਗੁਰਚਰਨ ਸਿੰਘ, ਜਨਰਲ ਸਕੱਤਰ, ਬਾਬਾ ਫਰੀਦ ਮੈਮੋਰੀਅਲ ਸੋਸਾਇਟੀ (ਛੋਟੇ ਭਰਾ ਪ੍ਰੋ. ਗੁਰਬਚਨ ਸਿੰਘ ਤਾਲਿਬ) ਦੇ ਪੱਤਰ ਮਿਤੀ 7.3.1989 ਦੇ ਉੱਤਰ ਵਿਚ 27.3.89 ਨੂੰ ਲਿਖਦੇ ਹਨ ਕਿ ਉਨ੍ਹਾਂ ਨੇ ਮਜ਼ੀਦ (ਵਧੇਰੇ) ਖੋਜ ਦੇ ਆਧਾਰ ਉਤੇ, ਪੁਸਤਕ 'ਜੀਵਨ ਸ਼ੇਖ ਫਰੀਦ, ਸ਼ਕਰਿ ਗੰਗ' ਬਾਰੇ ਪਹਿਲਾਂ ਪ੍ਰਗਟਾਈ ਰਾਏ, ਪੁਸਤਕ ਦੀ ਦੂਜੀ ਛਾਪ ਵਿਚ ਬਦਲ ਦਿੱਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਬਾਣੀ ਬਾਬਾ ਫਰੀਦ, ਸ਼ਕਰਿ ਗੰਜ ਦੀ ਹੈ, ਫਰੀਦ ਸਾਨੀ (ਇਬ੍ਰਹੀਮ) ਦੀ ਨਹੀਂ ਇਤਿਆਦਿਕ।

ਸੱਚ ਦੇ ਮੁਤਲਾਸ਼ੀ ਤੇ ਈਮਾਨਦਾਰ ਵਿਦਵਾਨਾਂ ਦੀ ਵੱਡੀ ਸਿਫਤ ਹੀ ਇਹ ਹੈ ਕਿ ਉਹ ਸੱਚ ਦਾ ਪ੍ਰਗਟਾਵਾ ਕਰਨ ਵੇਲੇ ਫੋਕੇ ਵਕਾਰ ਨੂੰ, ਵਿੱਚ ਰੁਕਾਵਟ ਨਹੀਂ ਬਣਨ ਦਿੰਦੇ। ਹੁਣ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਤਿਹਾਸ' ਦੇ ਲਿਖਾਰੀ ਨੂੰ ਚਾਹੀਦਾ ਹੈ ਕਿ ਉਹ ਵੀ ਆਪਣੀ ਭੁਲ ਨੂੰ ਮੰਨ ਲੈਣ ਅਤੇ ਪ੍ਰੋ. ਸਾਹਿਬ ਸਿੰਘ ਦੀ ਖੋਜ ਦੀ ਦਾਦ ਦੇਣ। ਗੁਰੂ ਸਾਹਿਬਾਨ ਦੀ ਵਡਿਆਈ, ਉਨ੍ਹਾਂ ਦੀ ਉਦਾਰਤਾ, ਵਿਸ਼ਾਲਤਾ; ਨਿਮ੍ਰਤਾ ਅਤੇ ਪਿਆਰ ਵੀਚਾਰ ਨਾਲ ਸਭ ਨੂੰ ਜਿੱਤ ਲੈਣ ਵਾਲੀ ਬਿਰਤੀ ਵਿਚ ਹੈ। ਜਿਵੇਂ ਨਜ਼ਾਮੀ ਜੀ ਨੇ ਆਪਣੀ ਭੁੱਲ ਸੋਧ ਲਈ ਹੈ, ਤਿਵੇਂ ਜੇ ਗਿਆਨੀ ਜੀ* ਵੀ ਸੋਧ ਲੈਣ ਅਤੇ ਝੂਠੀ ਪ੍ਰਭਤਾ ਲਈ ਭੋਲੇ ਸਿੱਖਾਂ ਦੇ ਜਜ਼ਬਾਤ ਨਾਲ ਨਾ ਖੇਡਣ ਤਾਂ ਭਲੀ ਕਾਰ ਹੋਵੇਗੀ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ, ਗੁਰੂ ਜੀ 'ਜ਼ਾਹਰ ਪੀਰ ਜਗਤ ਗੁਰ ਬਾਬਾ' ਹੈ। ਉਨ੍ਹਾਂ ਦੀ ਵੱਡੀ ਵਡਿਆਈ ਸਦੀਵ ਕਾਲ ਲਈ 'ਚਾਰੇ ਚੱਕ ਤੇ ਨੌਖੰਡ ਪ੍ਰਿਥਵੀ ਤਾਰਨ' ਵਾਲੀ ਪਰਮ ਪਹੁੰਚ ਤੇ ਇਕ ਓਅੰਕਾਰੀ' ਪੈਗਾਮ ਵਿਚ ਹੈ, ਕੇਵਲ ਕੁਝ ਕੁ ਭਗਤਾਂ ਨੂੰ ਪ੍ਰਭਾਵਤ ਕਰਨ ਵਿਚ ਹੀ ਨਹੀਂ'।

ਵਿਪੱਖੀ ਸੱਜਣ ਜੀ, ਪ੍ਰੋ. ਸਾਹਿਬ ਸਿੰਘ ਜੀ ਵਲੋਂ ਤੇ ਭਗਤ ਬਾਣੀ ਸੰਬੰਧੀ ਪ੍ਰਗਟਾਏ ਵੀਚਾਰਾਂ ਨੂੰ ਬਹੁਤ ਵਧਾ ਚੜ੍ਹਾ ਤੇ ਮਰੋੜ ਤਰੋੜ ਕੇ ਪੇਸ਼ ਕਰਦੇ ਹਨ ਅਤੇ ਉਨ੍ਹਾਂ ਉਤੇ ਨਿਰਮੂਲ ਦੋਸ਼ ਥਪਦੇ ਹਨ ਕਿ ਉਹ ਗੁਰੂ ਜੀ ਨੂੰ ਭਗਤ-ਬਾਣੀ ਦੇ ਨਕਲਚੀਏ ਸਿੱਧ ਕਰਦੇ ਹਨ। ਉਨ੍ਹਾਂ ਨੇ ਖਿਆਲ ਤੇ ਲਫਜ਼ ਕਬੀਰ ਜੀ ਤੋਂ ਲਏ ਹਨ (ਆਦਿਕ, ਆਦਿਕ) ਦੈਵੀ ਗੁਣਾਂ ਦੀ ਸਾਂਝ ਦੇ ਆਧਾਰ ਉਤੇ 'ਪ੍ਰਭਾਵਤ' ਹੋਣਾ ਮਹਾਨ ਗੁਣ ਹੈ, ਹਿਰਦੇ ਦੀ ਸਰਲਤਾ ਤੇ ਉਦਾਰਤਾ ਹੈ; ਪਰ ਵਿਪੱਖੀ ਇਸ ਲਫਜ਼ ਨੂੰ ਬਾਰ-ਬਾਰ ਉਛਾਲਦੇ ਅਤੇ ਇਸ ਤੋਂ ਆਪਣੇ ਮਤਲਬ ਦੇ ਅਰਥ ਕੱਢ ਕੇ, ਪ੍ਰੋ: ਸਾਹਿਬ ਸਿੰਘ ਨੂੰ ਛੁਟਿਆਉਣ ਦਾ ਕੋਝਾ ਜਤਨ ਕਰਦੇ ਹਨ। ਕੀ ਗੁਰੂ ਜੀ, ਪਾਵਨ ਬੀੜ ਵਿਚ ਭਗਤਾਂ ਦੀ ਬਾਣੀ ਸ਼ਾਮਿਲ ਕਰਕੇ, ਆਪਣੇ ਪ੍ਰਭਾਵਤ ਹੋਣ ਦਾ ਸਬੂਤ ਨਹੀਂ ਦਿੰਦੇ ? ਅਸੀਂ ਸ੍ਰੀ ਦਸਮੇਸ਼ ਜੀ ਦੀ ਉਦਾਹਰਣ ਦੇ ਕੇ ਅਤੇ ਸ਼ੇਖ ਫਰੀਦ ਦੀ ਬਾਣੀ ਬਾਰੇ ਸੰਖੇਪ ਵੀਚਾਰ ਕਰਕੇ ਇਹ ਨੁਕਤੇ ਸਪਸ਼ਟ ਕਰ ਆਏ ਹਾਂ। ਇਸ ਲੇਖ ਵਿਚ ਸੀਮਤ ਤੌਰ ਉਤੇ ਹੀ ਚਰਚਾ ਹੋ ਸਕਦੀ ਹੈ।

**ਪ੍ਰਗਟ ਭਈ ਸਗਲ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥**

(ਪੰ. 611)

---

*ਗਿਆਨੀ ਗੁਰਦਿੱਤ ਸਿੰਘ, ਲੇਖਕ; ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ''

ਪ੍ਰੋ. ਸਾਹਿਬ ਸਿੰਘ ਨੇ ਜੀਵਨ ਪ੍ਰਯੰਤ ਪੂਰੀ ਪੂਰੀ ਸ਼ਰਧਾ, ਸਿਦਕ ਤੇ ਨਿਮ੍ਰਤਾ ਪੂਰਬਕ ਜੋ ਸਹਿਤ ਗੁਰੂ ਸਾਹਿਬਾਨ, ਗੁਰਬਾਣੀ ਤੇ ਗੁਰਮੱਤ ਨੂੰ ਉਚਿਆਉਣ ਵਿਚ ਸ਼ਰਧਾ ਤੇ ਸਿਦਕ ਈਮਾਨਦਾਰਾਨਾਂ ਘਾਲ ਘਾਲੀ ਹੈ, ਉਹ ਹਰ ਹੱਕ ਪ੍ਰਸਤ ਦੇ ਧੰਨਵਾਦਿ ਦੀ ਪਾਤਰ ਹੈ। ਜੇ ਕੋਈ ਅਨਮਤੀ, ਦੋਖੀ ਜਾਂ ਅਨਜਾਣ ਵਿਅਕਤੀ ਭਗਤ ਕਬੀਰ ਆਦਿ ਨੂੰ ਸਤਿਗੁਰਾਂ ਦਾ ਗੁਰੂ ਕਹਿਣ ਦੀ ਭੁਲ ਕਰਦਾ ਹੈ, ਕੋਸ਼ਾਂ ਜਾਂ ਐਨਸਾਈਕਲੋਪੀਡੀਆ ਵਿਚ ਬੇ-ਬੁਨਿਆਦ ਐਂਟਰੀ ਕਰਵਾ ਦਿੰਦਾ ਹੈ, ਤਾਂ ਉਸ ਦਾ ਖੰਡਨ ਕਰਨਾ ਜੋਗ ਹੈ, ਜਿਵੇਂ ਕਿ ਸਿਖ ਵਿਦਵਾਨ ਕਰਦੇ ਆਏ ਹਨ। ਅਜੇਹੀਆਂ ਭੁੱਲਾਂ ਨੂੰ ਪ੍ਰੋਫ਼ੈਸਰ ਸਾਹਿਬ ਦੇ ਸਿਰ ਥੱਪਣ ਦਾ ਬੋਝਾ ਜਤਨ ਕਰਨਾ, ਨਿੰਦਨੀਯ ਹੈ। ਚੰਗਾ ਹੁੰਦਾ "ਖੋਜੀ" ਸੱਜਣ ਉਨ੍ਹਾਂ ਦੀ ਹਯਾਤੀ ਵਿਚ, ਉਨ੍ਹਾਂ ਵਿਰੁੱਧ ਇਹ ਊਜ ਲਾਉਂਦੇ, ਅਤੇ ਪ੍ਰੋਫ਼ੈਸਰ ਜੀ ਇਨਾਂ ਦਾ ਠੋਕਵਾਂ ਉੱਤਰ ਦਿੰਦੇ। ਉਦਾਹਰਣ ਵਜੋਂ: ਨੁਕਤਾਚੀਨ ਸੱਜਣ ਆਪਣੀ ਪੁਸਤਕ (ਪੰ. 502) ਉਤੇ ਲਿਖਦੇ ਹਨ ਕਿ "ਪ੍ਰੋ. ਸਾਹਿਬ ਅਨੁਸਾਰ, ਭਗਤ ਕਬੀਰ ਜੀ ਦੀ ਸਾਰੀ ਬਾਨੀ ਆਦਿ ਗੁਰੂ ਜੀ ਲਿਖ ਕੇ ਲਿਆਏ। "ਸਾਰੀ ਬਾਨੀ" ਤੋਂ ਪ੍ਰੋ. ਸਾਹਿਬ ਦਾ ਭਾਵ ਹੈ, 'ਉਹ ਸਾਰੀ ਬਾਨੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਸ਼ੋਭਤ ਹੈ, ਉਹ ਲਿਆਏ। ਪ੍ਰੰਤੂ ਵਿਰੋਧੀ ਸੱਜਣ ਨੇ ਮੁਖਾਲਫ਼ਤ ਕਰਨ ਹਿਤ, ਇਸ ਦੇ ਅਰਥ ਕਰ ਲਏ ਹਨ ਕਿ ਸਾਰੀ ਦਾ ਮਤਲਬ ਹੈ, "ਉਹ ਬਾਨੀ ਵੀ ਜੋ ਪਾਵਨ ਬੀੜ ਵਿਚ ਨਹੀਂ ਚੜ੍ਹਾਈ ਗਈ", ਅਤੇ ਇਸ ਕਾਰਨ ਪ੍ਰੋ. ਸਾਹਿਬ ਦੀ ਲਿਖਤ ਦਾ ਮਖੌਲ ਉਡਾਇਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰੂ, ਗੁਰਬਾਣੀ ਪ੍ਰਮਾਣਾਂ ਅਨੁਸਾਰ ਕੇਵਲ ਤੇ ਕੇਵਲ ਅਕਾਲ ਪੁਰਖ ਵਾਹਿਗੁਰੂ ਸੀ, ਜਿਵੇਂ:

**ਪ੍ਰਸ਼ਨ** :—"ਤੇਰਾ ਕਵਣੁ ਗੁਰੂ, ਕਿਸ ਕਾ ਤੂ ਚੇਲਾ।"

**ਉੱਤਰ** :—ਸ਼ਬਦ ਗੁਰੂ, ਸੁਰਤਿ ਧੁਨਿ ਚੇਲਾ। (ਸਿਧ ਗੋਸ਼ਟਿ, ਪੰ. 942)

ਅ) ਅਪਰੰਪਰ ਪਾਰਬ੍ਰਹਮ ਪਰਮੇਸਰ, ਨਾਨਕ ਗੁਰ ਮਿਲਿਆ ਸੋਈ ਜੀਉ ॥
(ਮਹਿਲਾ, ੧, ਪੰ. 599)

ੲ) ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ॥
(ਮ: 1, ਪੰ. 1043)

ਭਾਈ ਗੁਰਦਾਸ ਜੀ ਨੇ 20ਵੀਂ ਵਾਰ ਦੀ ਪਹਿਲੀ ਪਉੜੀ ਵਿਚ ਉਪ੍ਰੋਕਤ ਤੱਥ ਦੀ ਜੋ ਵਿਆਖਿਆ ਕੀਤੀ ਹੈ, ਉਹ ਇਸ ਬਾਰੇ ਕੋਈ ਭਰਮ ਭੁਲੇਖਾ ਨਹੀਂ ਰਹਿਣ ਦਿੰਦੀ :—

ਸਤਿਗੁਰ ਨਾਨਕ ਦੇਉ, ਆਪੁ (ਨਿਰੰਕਾਰ ਨੇ) ਉਪਾਇਆ ॥
ਗੁਰ ਅੰਗਦੁ ਗੁਰਸਿਖ, ਬਬਾਣੇ ਆਇਆ ॥
ਗੁਰਸਿਖ ਹੈ ਗੁਰ ਅਮਰੁ, ਸਤਿਗੁਰ ਭਾਇਆ ॥
ਰਾਮਦਾਸੁ ਗੁਰਸਿਖੁ, ਗੁਰ ਸਦਵਾਇਆ ॥

ਗੁਰ ਅਰਜੁਨੁ ਗੁਰਸਿਖੁ, ਪਰਗਟੀ ਆਇਆ ॥
ਗੁਰ ਸਿਖੁ ਹਰਿ ਗੋਬਿੰਦ, ਨ ਲੂਕੈ ਲੁਕਾਇਆ ॥

ਭਾਈ ਸਾਹਿਬ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਿਸੇ ਵਿਅਕਤੀ ਦਾ ਸਿਖ ਹੋਣਾ ਨਹੀਂ ਦੱਸਿਆ, ਜਦ ਕਿ ਬਾਕੀ ਗੁਰੂ ਜੀ ਦਾ ਸਿੱਖ ਹੋਣਾ ਬਿਆਨਿਆ ਹੈ। ਇਹ ਨੁਕਤਾ ਨੋਟ ਕਰਨਯੋਗ ਹੈ ਕਿ ਭਗਤ ਕਬੀਰ ਨੇ ਗੁਰੂ ਸਾਹਿਬਾਨ ਵਲੋਂ ਪ੍ਰਵਾਨੀ ਬਾਨੀ ਵਿਚ ਕਿਤੇ ਇਸ਼ਾਰੇ ਮਾਤ੍ਰ ਵੀ ਜ਼ਿਕਰ ਨਹੀਂ ਕੀਤਾ ਕਿ ਗੁਰੂ ਜੀ ਉਸ ਤੋਂ ਦੀਖਸ਼ਤ ਹੋਏ ਅਤੇ ਨਾ ਹੀ ਗੁਰੂ ਨਾਨਕ ਬਾਨੀ ਵਿਚ ਕਿਸੇ ਭਗਤ ਨਾਲ ਮੇਲ ਹੋਣ ਦਾ ਵਿਰਤਾਂਤ ਹੈ। ਗੁਰੂ ਜੀ ਦਾ, ਭਗਤ ਕਬੀਰ ਨੂੰ ਗੁਰੂ ਧਾਰਨ ਦਾ ਸ਼ੋਸ਼ਾ ਨਵਾਂ ਨਹੀਂ, ਜੋ ਪਹਿਲੀ ਵਾਰ ਪ੍ਰੋ. ਸਾਹਿਬ ਸਿੰਘ ਜੀ ਦੇ ਵਿਰੋਧੀ ਜੀ, ਬੜੇ ਤਮਤਰਾਕ ਨਾਲ ਇਸ ਦਾ ਖੰਡਨ ਕਰ ਰਹੇ ਹਨ। ਸਿੱਖ ਵਿਦਵਾਨ ਤੇ ਸਿਖ ਜਥੇਬੰਦੀਆਂ ਇਸ ਦਾ, ਸਮੇਂ ਸਮੇਂ, ਜ਼ੋਰਦਾਰ ਖੰਡਨ ਕਰ ਚੁਕੀਆਂ ਹਨ।

## 9

## ਪ੍ਰੋ: ਸਾਹਿਬ ਸਿੰਘ ਦੀ ਗੁਰਬਾਣੀ ਟੀਕਾਕਾਰੀ ਲਈ ਵਿਆਕਰਣਕ ਪਹੁੰਚ :—

ਇਕ ਸਮਾਂ ਸੀ ਜਦ 'ਬਾਨੀ' ਦੇ ਪੰਜ ਪੰਜ, ਸੱਤ ਸੱਤ ਅਰਥ ਕਰਨ ਨੂੰ ਪੰਡਿਤਾਈ ਮੰਨਿਆ ਜਾਂਦਾ ਸੀ। ਅਰਥ ਵਿਆਖਿਆ ਵਿਚ ਲਗਾਂ-ਮਾਤਰਾਂ ਨੂੰ ਉੱਕਾ ਹੀ ਨਜ਼ਰ-ਅੰਦਾਜ਼ ਕਰ ਕੇ, ਮਨ-ਮਰਜ਼ੀ ਦੇ ਅਰਥ ਕਰ ਲਏ ਜਾਂਦੇ ਸਨ। ਗੁਰਬਾਣੀ ਦੇ ਸ਼ੁੱਧ ਪਾਠ ਤੇ ਸਹੀ ਅਰਥ ਵਿਆਖਿਆ ਬਾਰੇ ਭਾਈ ਕਾਨ੍ਹ ਸਿੰਘ ਨਾਭਾ, 'ਗੁਰਮੱਤ ਮਾਰਤੰਡ' ਦੇ ਪੰਨਾ 392 ਉਤੇ, ਫੁੱਟ ਨੋਟ' ਵਿਚ ਲਿਖਦੇ ਹਨ :

'ਬਾਨੀ ਸ਼ੁੱਧ ਉਹੀ ਪੜ੍ਹ ਸਕਦਾ ਹੈ ਜਿਸ ਨੂੰ ਅਰਥ-ਬੋਧ ਹੋਵੇ। ਹਰੇਕ ਸਿੱਖ ਨੂੰ ਗੁਰਬਾਣੀ ਦਾ ਗਿਆਤਾ ਹੋਣਾ ਚਾਹੀਏ। ਅਸ਼ੁੱਧ ਪਾਠ ਦਾ ਇਹ ਕਾਰਣ ਭੀ ਹੈ ਕਿ ਪੁਰਾਣੇ ਗਿਆਨੀਆਂ ਦੀ ਟਕਸਾਲ ਜਾਂਦੀ ਰਹੀ ਹੈ, ਅਤੇ ਹੁਣ ਦੇ ਗ੍ਰੰਥੀ 'ਗੁਰਬਾਣੀ ਦੇ ਵਿਆਕਰਣ' ਤੋਂ ਅਗਿਆਤ ਖੁਦ ਗੁਰਬਾਣੀ ਦਾ ਸ਼ੁੱਧ ਪਾਠ ਨਹੀਂ ਕਰ ਸਕਦੇ...।"

ਪਹਿਲੇ ਪਹਿਲ ਪ੍ਰਿੰ: ਤੇਜਾ ਸਿੰਘ ਨੇ 'ਗੁਰਬਾਣੀ ਵਿਚ ਆਈਆਂ ਲਗਾਂ-ਮਾਤਰਾਂ' ਨਾਮ ਦਾ ਇਕ ਕਿਤਾਬਚਾ ਲਿਖ ਕੇ ਸਿੱਧ ਕੀਤਾ ਸੀ ਕਿ 'ਬਾਨੀ' ਵਿਚ ਆਈਆਂ ਲਗਾਂ-ਮਾਤਰਾਂ ਅਰਥ-ਭਰਪੂਰ ਤੇ ਨੇਮ-ਬੱਧ ਹਨ। ਆਪ ਜੀ 'ਸ਼ਬਦਾਰਥ' ਦੀ ਪਹਿਲੀ ਪੋਥੀ ਦੀ ਭੂਮਕਾ ਵਿਚ ਲਿਖਦੇ ਹਨ :—'ਬਾਨੀ ਦੇ ਸਮਝਣ ਵਿਚ ਸੌਖ ਪੈਦਾ ਕਰਨ ਲਈ ਇਸ ਦੀ ਲਿਖਤ, ਖਾਸ, ਕਰਕੇ "ਸ਼ਬਦਾਂਤਿਕ ਲਗਾਂ ਮਾਤਰਾਂ" ਦੇ ਕੁਝ ਨੇਮ ਦੇਣੇ ਜ਼ਰੂਰੀ ਹਨ। ਇਨ੍ਹਾਂ ਨੇਮਾਂ ਦਾ ਪੂਰਾ ਪਤਾ ਗੁਰੂ ਮਹਾਰਾਜ ਤੋਂ ਬਿਨਾਂ ਕਿਸੇ ਨੂੰ ਨਹੀਂ ਹੋ ਸਕਦਾ, ਪਰ ਬਾਨੀ ਨੂੰ ਅਭਿਆਸ ਨਾਲ ਪੜ੍ਹਨ ਨਾਲ, ਗੁਰੂ ਜੀ ਦੀ ਬੇਅੰਤ ਵਿਦਵਤਾ ਦੇ ਵਹਾਉ ਦੇ ਪਿੱਛੇ ਪਿੱਛੇ ਚੱਲ ਕੇ ਕੁਝ ਕੁ ਥਹੁ ਲਗਾਣਾ ਸੰਭਵ ਹੈ ਕਿ ਇਹ ਵਹਾਉ ਕਿਸ ਪਾਸੇ ਚਲਦਾ ਹੈ। ਬਾਨੀ ਬੇਨਿਯਮੀ ਨਹੀਂ ਲਿਖੀ ਹੋਈ, ਕਿਸੇ ਨ ਕਿਸੇ ਤਰੀਕੇ ਨਾਲ ਲਿਖੀ ਹੈ। ਉਹ

ਤਰੀਕਾ ਸਦੀਆਂ ਦੀ ਅਣਗਹਿਲੀ ਪਿੱਛੋਂ ਲੱਭਣਾ ਬਹੁਤ ਮੁਸ਼ਕਲ ਹੋ ਗਿਆ ਹੈ, ਪਰ ਫਿਰ ਵੀ ਸਾਰਾ ਜਤਨ ਨਿਰਾਰਥ ਨਹੀਂ ਜਾਂਦਾ । ਕੁਝ ਨ ਕੁਝ ਪੱਲੇ ਪੈ ਹੀ ਜਾਂਦਾ ਹੈ; ਨਹੀਂ ਤਾਂ ਟੀਕੇ ਕਰਨੇ ਜਾਂ ਕਥਾ ਵਖਿਆਨ ਦੁਆਰਾ ਬਾਣੀ ਦੇ ਪਾਠ ਜਾਂ ਭਾਵ ਬਾਬਤ ਕੁਝ ਵੀ ਕਹਿਣਾ ਨਹੀਂ ਬਣਦਾ। (ਪੰਨਾ—ਅ)

ਪ੍ਰੋ. ਸਾਹਿਬ ਸਿੰਘ ਨੇ, ਗੁਰਬਾਣੀ ਦੀ ਇਸ ਟੀਕਾਕਾਰੀ ਨੂੰ, "ਗੁਰਬਾਣੀ ਵਿਆਕਰਣ" ਨਾਂ ਦੀ 448 ਪੰਨੇ ਦੀ ਪੁਸਤਕ ਲਿਖ ਕੇ, ਸਰਅੰਜਾਮ ਦਿੱਤਾ। ਸ੍ਰੀ ਦਰਬਾਰ ਸਾਹਿਬ ਕਮੇਟੀ (ਸ਼੍ਰੋ. ਗੁ. ਪ੍ਰ. ਕਮੇਟੀ) ਨੇ ਪ੍ਰੋ. ਸਾਹਿਬ ਨੂੰ, ਆਪਣੇ ਵੱਲੋਂ ਐਲਾਨਿਆਂ; ਇਕ ਹਜ਼ਾਰ ਰੁਪੈ ਦਾ ਇਨਾਮ ਦੇ ਕੇ ਸਨਮਾਨਿਆ ਅਤੇ ਇਸ ਤਰ੍ਹਾਂ ਕਰਕੇ ਗੁਰਬਾਣੀ ਲਿਖਣ ਸ਼ੈਲੀ ਵਿੱਚਲੇ ਵਿਆਕਰਣਕ ਅਥਵਾ ਬੋਲੀ ਦੇ ਨੇਮਾਂ ਨੂੰ ਪ੍ਰਵਾਨਿਆ । ਅੱਜ ਇਹ ਗੁਰਬਾਣੀ ਵਿਆਕਰਣ ਨੌਵੀਂ ਵੇਰ ਛੱਪ ਕੇ ਸੰਗਤਾਂ ਦੇ ਹੱਥੀਂ ਪਹੁੰਚ ਚੁੱਕਾ ਹੈ।

ਪ੍ਰੋ. ਸਾਹਿਬ ਸਿੰਘ ਨੇ ਗੁਰਬਾਣੀ ਸਮਝਣ ਵਿੱਚ "ਗੁਰਬਾਣੀ ਵਿਆਕਰਣ" ਦੀ ਮਹੱਤਤਾ ਨੂੰ, ਨੌਵੀਂ ਛਾਪ ਦੇ ਪੰਨਾ 16-17 ਉੱਤੇ ਇਉਂ ਦਰਸਾਇਆ ਹੈ :—

"ਹਿੰਦੂ ਸੱਜਣ, ਵੇਦਾਂ ਨੂੰ "ਅਕਾਸ਼ ਬਾਣੀ" ਮੰਨਦੇ ਚਲੇ ਆ ਰਹੇ ਹਨ, ਪਰ ਕਦੇ ਕਿਸੇ ਵਿਦਵਾਨ ਨੇ ਇਹ ਇਤਰਾਜ਼ ਨਹੀਂ ਕੀਤਾ ਕਿ ਇਸ "ਅਕਾਸ਼ ਬਾਣੀ" ਦਾ ਵਿਆਕਰਣ ਨਹੀਂ ਹੋ ਸਕਦਾ, ਜਾਂ ਨਹੀਂ ਹੋਣਾ ਚਾਹੀਦਾ । ਸਗੋਂ; ਇਸ "ਅਕਾਸ਼ ਬਾਣੀ" ਨੂੰ ਸਦਾ ਠੀਕ ਤਰ੍ਹਾਂ ਸਮਝਣ ਲਈ ਜਿੱਥੇ ਵੱਡੇ ਵੱਡੇ ਮਹਾਂਰਿਸ਼ੀ ਵੇਦਾਂ ਦੇ ਅਰਥ ਲਿਖਦੇ ਰਹੇ, ਉਥੇ ਉਨ੍ਹਾਂ ਨੇ ਵੇਦਾਂ ਦੀ ਸੰਸਕ੍ਰਿਤ ਦਾ ਵਿਆਕਰਣ ਵੀ ਬਣਾ ਦਿੱਤਾ ।"

"ਜੇ ਪੁਰਾਤਨ ਰਿਸ਼ੀ ਇਹ ਖਿਆਲ ਕਰਦੇ ਕਿ ਵੇਦਾਂ ਦਾ ਵਿਆਕਰਣ ਲਿਖਣਾ "ਅਕਾਸ਼ ਬਾਣੀ" ਦੀ ਨਰਾਦਰੀ ਹੈ, ਤਾਂ ਅੱਜ ਉਨ੍ਹਾਂ ਵੇਦਾਂ ਨੂੰ ਸਮਝਣਾ ਅਸੰਭਵ ਹੁੰਦਾ । ਬੋਲੀ ਸਦਾ ਬਦਲਦੀ ਆਈ ਹੈ । ਅੱਜ ਦੀ ਪੰਜਾਬੀ ਉਹ ਨਹੀਂ ਜੋ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਉਸ ਪੰਜਾਬੀ ਬੋਲੀ ਵਿਚ ਉਚਾਰਣ ਕੀਤੀ ਗਈ ਹੈ, ਜੋ ਉਸ ਵੇਲੇ ਪ੍ਰਚਲਤ ਸੀ । ਤਦੋਂ ਦਾ ਕੋਸ਼, ਅੱਜ ਦੇ ਕੋਸ਼ ਨਾਲੋਂ ਕੁਝ ਵੱਖਰਾ ਸੀ, ਤਦੋਂ ਦਾ ਵਿਆਕਰਣ ਭੀ ਅੱਜ ਦੇ ਵਿਆਕਰਣ ਨਾਲੋਂ ਵਿਲੱਖਣ ਸੀ ।"

"ਗੁਰਬਾਣੀ ਦਾ ਵਿਆਕਰਣ ਲਿਖਣ ਦਾ ਉੱਦਮ ਕਰਨ ਵਾਲਿਆਂ ਵਿਰੁੱਧ ਇਤਰਾਜ਼ ਕੀਤਾ ਤੇ ਆਖਿਆ ਜਾਂਦਾ ਹੈ ਕਿ ਗੁਰਬਾਣੀ ਅਗਾਧ ਹੈ, ਇਸ ਦਾ ਥਾਹ ਕੋਈ ਨਹੀਂ ਪਾ ਸਕਦਾ । ਇਸ ਦਾ ਵਿਆਕਰਣ ਲਿਖਣਾ ਇਉਂ ਹੈ, ਜਿਵੇਂ ਸਮੁੰਦਰ ਨੂੰ ਕੁੱਜੇ ਵਿੱਚ ਪਾਉਣ ਦਾ ਜਤਨ ਕਰਨਾ। ਇਹ ਇਤਰਾਜ਼ ਕਰਨ ਵਾਲੇ ਸਜਣਾਂ ਸੰਗ ਇਹ ਸੂਚਨਾ ਕਰ ਦੇਣੀ ਕਾਫੀ ਹੈ ਕਿ "ਬਾਣੀ" ਦੇ ਦੋ ਰੂਪ ਹਨ—"ਵਰਣਾਤਮਕ" ਜਾਂ "ਉਚਾਰਨਾਤਮਕ" ਰੂਪ ਅਤੇ "ਭਾਵਾਤਮਕ" ਰੂਪ । ਇਤਿਹਾਸ ਵਿੱਚ ਕਈ ਥਾਈਂ ਲਿਖਿਆ ਮਿਲਦਾ ਹੈ ਕਿ ਜਦ ਕਦੇ ਗੁਰੂ ਨਾਨਕ ਦੇਵ ਜੀ ਕਿਸੇ ਪਿਆਰ ਆਦਿਕ ਦੇ ਵਲਵਲੇ ਵਿਚ ਜੁੜਦੇ

ਸਨ ਤਾਂ ਭਾਈ ਮਰਦਾਨੇ ਨੂੰ ਕਹਿੰਦੇ ਸਨ—"ਮਰਦਾਨਿਆ ! ਵਜਾ ਰਬਾਬ' ਬਾਣੀ ਆਈ ਏ।" ਫੇਰ, ਉਹ ਬਾਣੀ ਕਦੇ ਫ਼ਾਰਸੀ ਅੱਖਰਾਂ ਦੀ ਪੋਸ਼ਾਕ ਵਿਚ, ਕਦੀ ਸਹਸਕ੍ਰਿਤੀ ਦੇ ਵੇਸ ਵਿਚ ਅਤੇ ਕਦੇ ਠੇਠ ਪੰਜਾਬੀ ਵਿੱਚ ਪ੍ਰਗਟ ਹੁੰਦੀ ਸੀ। ਬਾਹਰਲਾ ਰੂਪ ਭਾਵੇਂ ਕੋਈ ਹੁੰਦਾ ਸੀ, ਧੁਰ ਅੰਦਰ ਜਜ਼ਬਾ ਇੱਕੋ ਹੀ ਸੀ, ਧੁਰ ਅੰਦਰਲੀ ਬਾਣੀ ਇਕ ਹੁੰਦੀ ਸੀ। ਉਸੇ ਧੁਰ ਅੰਦਰਲੀ, ਉਸੇ "ਗੁਪਤੀ ਬਾਣੀ", ਕੇਵਲ ਉਸੇ ਰੱਬੀ ਵਲਵਲੇ ਬਾਬਤ ਹੀ ਸਾਹਿਬ ਲਿਖਦੇ ਹਨ :—

ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮਖਿ ਹੋਇ ॥
ਇਹ ਬਾਣੀ ਮਹਾਂ ਪੁਰਖ ਕੀ, ਨਿਜ ਘਰਿ ਵਾਸਾ ਹੋਇ ॥ (ਮ. 1, ਪੰ, 935)

...ਪਰ, ਇਹ ਡੂੰਘਾਈ ਤੇ ਅਗਾਧਤਾ ਕੇਵਲ "ਭਾਵਾਤਮਕ" ਬਾਣੀ ਵਾਸਤੇ ਹੈ, ਕੇਵਲ ਅੰਦਰਲੇ ਉੱਚੇ ਜਜ਼ਬੇ ਵਾਸਤੇ ਹੈ। ਵਿਆਕਰਣ ਦਾ ਸੰਬੰਧ "ਵਰਣਾਤਮਕ ਰੂਪ" ਨਾਲ ਹੈ। ਬੋਲੀ ਨਾਲ ਹੈ।"

"ਗੁਰਬਾਣੀ ਵਿਆਕਰਣ" ਵਿਚੋਂ ਇਹ ਲੰਬੀ, ਪਰ ਜ਼ਰੂਰੀ, ਟੂਕ ਦੇਣ ਉਪ੍ਰੰਤ ਅਸੀਂ ਹੇਠਾਂ ਗੁਰਬਾਣੀ ਲਿਖਤ ਦੇ ਕੁਝ ਐਸੇ ਹਵਾਲੇ ਦਿੰਦੇ ਹਾਂ, ਜੋ, ਦੋ ਤੇ ਦੋ ਚਾਰ ਵਾਂਗ ਵਿਆਕਰਣਕ ਨੇਮਾਂ ਦੀ ਹੋਂਦ ਤੇ ਲੋੜ ਨੂੰ ਪ੍ਰਗਟਾਉਂਦੇ ਹਨ। ਵੇਖੋ, ਇਕੋ ਤਰ੍ਹਾਂ ਦੇ ਸ਼ਬਦਾਂ ਵਿੱਚ ਪਰਸਪਰ ਅੰਤਰ :—

1) ਜਨ "ਨਾਨਕਿ" ਅਤੁਟੁ ਧਨੁ ਪਾਇਆ...। (ਭੂਤ ਕਾਲ)
   ਜਨ "ਨਾਨਕ" ਕੇ ਪ੍ਰਭੂ, ਆਇ ਮਿਲੁ। ਮ: 5, ਪੰ. 13 5 (ਸੰਬੰਧਕੀ)
2) "ਘਰ" ਮਹਿ "ਘਰੁ" ਦੇਖਾਇ ਦੇਇ, ਸੋ ਸਤਿਗੁਰੁ ਪੁਰਖੁ ਸੁਜਾਣੁ। ਪੰ. 1290
3) ਜਿਉ ਜਲੁ, ਜਲ ਮਹਿ, ਪੈਸਿ ਨ ਨਿਕਸੈ...॥ (ਕਬੀਰ ਜੀ, ਪੰ. 692)
4) ਭਿਸਤੁ (ਪੁਲਿੰਗ), ਨਜੀਕਿ ਰਾਖੁ ਰਹਮਾਨਾ ॥ (ਕਬੀਰ ਜੀ, ਪੰ. 1161)
   ਉਨ ਭੀ ਭਿਸਤਿ (ਇਸਤ੍ਰੀ ਲਿੰਗ), ਘਨੇਰੀ ਪਾਈ ॥ (ਕਬੀਰ ਜੀ, ਪੰ. 1161)
5) ਗੁਣ ਕਾਮਣ (ਟੂਨੇ) ਕਾਮਣਿ (ਇਸਤ੍ਰੀ) ਕਰੈ, ਤਉ ਪਿਆਰੇ ਕਉ ਪਾਵੈ ॥
   (ਪੰ. 235)
6) ਆਹਰ (ਬਹੁਵਚਨ) ਸਭ ਕਰਦਾ ਫਿਰੈ ਆਹਰੁ (ਇਕ ਵਚਨ) ਇਕੁ ਨ ਹੋਇ ॥
   ਨਾਨਕ, ਜਿਤੁ ਆਹਰਿ (ਇਕ ਵਚਨ ਕਰਣ ਕਾਰਕ) ਜਗ ਉਧਰੈ,
   ਵਿਰਲਾ ਬੂਝੈ ਕੋਇ ॥ (ਪੰ. 935)
7) ਕਾਮ ਕਰੋਧ ਅਰੁ ਲੋਭ ਮੋਹ, ਬਿਨਸਿ ਜਾਇ ਅਹੰਮੇਵ ॥ (ਸੁਖਮਨੀ, ਸਲੋਕ 6 ਅਸਟ)
   ਨਾਨਕ, ਪ੍ਰਭ ਸਰਣਾਗਤੀ, ਕਰਿ ਪ੍ਰਸਾਦੁ (ਕਿਰਪਾ) ਗੁਰਦੇਵ।

ਨੋਟ :—ਇਸ ਉਪ੍ਰੰਤ ਅਸਟਪਦੀ ਵਿੱਚ 37 ਵੇਰ ਪ੍ਰਸਾਦਿ ਦਾ ਪ੍ਰਯੋਗ ਹੈ, ਪਰ ਉਹ ਕਰਣ ਕਾਰਕ ਵਿੱਚ ਹੈ, ਅਤੇ ਅਰਥ ਹਨ :—ਕਿਰਪਾ ਦੁਆਰਾ : ਜਹ "ਪ੍ਰਸਾਦਿ" (ਕਿਰਪਾ ਦੁਆਰਾ) ਛਤੀਹ ਅੰਮ੍ਰਿਤ ਖਾਹਿ ॥ (ਸੁਖਮਨੀ, ਸਲੋਕ 6 ਅਸਟ.)

ਸਾਹਿਬ ਗੁਰੂ ਅਰਜੁਨ ਦੇਵ ਜੀ ਦਾ ਕਮਾਲ ਤੇ ਉਪਕਾਰ ਇਹ ਹੈ ਕਿ ਉੱਪਰ, ਵੰਨਗੀ

ਮਾਤਰ, ਅਤਿ ਸੰਖੇਪ ਵਿਚ, ਗੁਰਬਾਣੀ-ਵਿਆਕਰਣਕ ਦੇ ਨੇਮਾਂ ਅਨੁਸਾਰ ਲਗਾਂ ਮਾਤਰਾਂ ਦਾ ਦਿੱਤਾ ਸਾਰਥਕ ਬਿਉਰਾ ਤੇ ਪ੍ਰਯੋਗ, ਸ੍ਰੀ ਗੁਰੂ ਗ੍ਰੰਥ ਦੀ ਬਾਣੀ-ਲਿਖਤ ਵਿਚ ਇਕਸਾਰ ਨਿਭਦਾ ਹੈ। ਇਕ ਨਿੱਜੀ ਤਜਰਬਾ ਸਨਿਮਰ ਪੇਸ਼ ਕਰਦਾ ਹਾਂ :—

8) ਲੇਖਕ ਵਰ੍ਹਿਆਂ ਬੱਧੀ ਪ੍ਰਚੱਲਤ ਸਟੀਕਾਂ ਦੀ ਰੌਸ਼ਨੀ ਵਿਚ, "ਜਪੁਜੀ" ਦੀ ਇਸ ਤੁੱਕ : "ਪੰਚਾਂ ਕਾ ਗੁਰੁ ਏਕੁ ਧਿਆਨੁ" ਦੇ ਅਸ਼ੁੱਧ ਅਰਥ ਕਰਦਾ ਰਿਹਾ; ਜਿਵੇਂ "ਕਿ ਪੰਚਾਂ (ਸ੍ਰੇਸ਼ਟ ਪੁਰਸ਼ਾਂ) ਦਾ ਇਕ ਗੁਰੂ ਵਿਚ ਧਿਆਨ ਹੁੰਦਾ ਹੈ।" ਪਰ, ਜਦ, ਪ੍ਰੋ: ਸਾਹਿਬ ਸਿੰਘ ਦਾ ਸਦਕਾ, "ਗੁਰਬਾਣੀ ਵਿਆਕਰਣ" ਦਾ ਬੋਧ ਹੋਇਆ ਤਾਂ ਪਤਾ ਲੱਗਾ ਕਿ ਇਸ ਤੁਕ ਦੇ ਅਰਥ ਹਨ : ਪੰਚਾਂ ਦਾ "ਇਕ ਧਿਆਨ" ਗੁਰੂ ਹੁੰਦਾ ਹੈ। ਇਹ ਕਿਵੇਂ ? ਇਸ ਦਾ ਉੱਤਰ ਸ੍ਰੀ ਗੁਰੂ ਨਾਨਕ ਦੇਵ ਜੀ ਹੋਰਥੇ ਇਉ ਦਿੰਦੇ ਹਨ :—

"ਧੁਨਿ ਮਹਿ ਧਿਆਨੁ, ਧਿਆਨ ਮਹਿ ਜਾਣਿਆ
ਗੁਰਮੁਖਿ ਅਕਥ ਕਹਾਨੀ। (ਮ: ਪਹਿਲਾ, ਪੰ. 879)

"ਸ਼ਬਦਾਰਥ" ਪੋਥੀ ਵਿਚ ਪ੍ਰਿੰਸੀਪਲ ਤੇਜਾ ਸਿੰਘ ਜੀ ਨੇ "ਧਿਆਨ ਗੁਰੂ" ਦੇ ਨੁਕਤੇ ਨੂੰ ਇਉਂ ਖੋਲ੍ਹਿਆ ਹੈ :—"ਏਥੇ ਇਕ ਅਮਲੀ ਤਰੀਕਾ, ਮੇਲ ਦਾ ਦੱਸਦੇ ਹਨ— "ਗੁਰ-ਸ਼ਬਦ ਦੀ ਐਸੀ ਅਕਹਿ ਗੱਲ ਹੈ ਕਿ ਸ਼ਬਦ ਦੀ ਧੁਨ ਉਠਾਂਦਿਆਂ ਹੀ ਧਿਆਨ ਲੱਗ ਜਾਂਦਾ ਹੈ ਅਤੇ ਧਿਆਨ ਲੱਗਦਿਆਂ ਹੀ ਹਰੀ ਦਾ ਗਿਆਨ ਹੋ ਜਾਂਦਾ ਹੈ। ਭਾਵ, ਹੋਰਨਾਂ ਸਾਧਨਾਂ ਵਿਚ ਉਚਾਰਣ, ਧਿਆਨ ਅਤੇ ਗਿਆਨ ਦੀ ਤਿੰਨ ਵੱਖੋ ਵੱਖ ਅਵਸਥਾਂ ਹਨ, ਜੋ ਵਰ੍ਹਿਆਂ ਬੱਧੀ ਮਿਹਨਤ ਕਰਨ ਨਾਲ ਪ੍ਰਾਪਤ ਹੁੰਦੀਆਂ ਹਨ, ਪਰ ਗੁਰ ਸ਼ਬਦ ਦੀ ਕਮਾਈ ਨਾਲ ਤਿੰਨੇ ਅਵਸਥਾਂ ਇਕ ਵਾਰੀ ਮਿਲ ਜਾਂਦੀਆਂ ਹਨ।"

ਨੋਟ :—ਧਿਆਨ ਦੇ ਦੋਵੇਂ ਰੂਪ ਧਿਆਨੁ ਤੇ ਧਿਆਨ ਗੁਰਬਾਣੀ ਵਿਆਕਰਣ ਦੇ ਨੇਮਾਂ ਅਨੁਸਾਰ ਸ਼ੁੱਧ ਹਨ। ਇਸ ਲਈ ਵੇਖੋ : ਗੁਰਬਾਣੀ ਵਿਆਕਰਣ ਜਾਂ ਪੁਸਤਕ—ਜਵਾਬ-ਉਲ-ਜਵਾਬ।

9) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ "ਸਦੁ" (ਸੁੰਦਰ ਜੀ) ਨੇ ਵਰ੍ਹਿਆਂ-ਬੱਧੀ ਪੰਥ ਨੂੰ ਮੁਸ਼ਕਲ ਵਿਚ ਪਾ ਛੱਡਿਆ; ਪ੍ਰੰਤੂ ਜਦ ਪ੍ਰੋ: ਸਾਹਿਬ ਸਿੰਘ ਨੇ ਗੁਰਬਾਣੀ-ਵਿਆਕਰਣ ਦੇ ਨੇਮਾਂ ਅਨੁਸਾਰ ਇਸ ਦੇ ਅਰਥ ਗੁਰਮੱਤ ਅਨੁਕੂਲ ਕਰ ਦਿੱਤੇ, ਤਾਂ ਸਦਾ ਲਈ ਮੁਸ਼ਕਲ ਹੱਲ ਹੋ ਗਈ।

ਪ੍ਰੋ: ਪ੍ਰੀਤਮ ਸਿੰਘ ਜੀ ਪ੍ਰੋ. ਸਾਹਿਬ ਸਿੰਘ ਜੀ ਦੀ 'ਜੀਵਨ ਕਹਾਣੀ' ਦੇ ਪੰਨਾ 20 ਤੇ 24 ਉੱਤੇ ਲਿਖਦੇ ਹਨ :

ਗੁਰਬਾਣੀ ਵਿਆਕਰਣ ਦੇ ਛਪਣ ਉਤੇ 13 ਸਤੰਬਰ, 1939 ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪ੍ਰਬੰਧਕ ਕਮੇਟੀ ਨੇ ਇਨ੍ਹਾਂ (ਪ੍ਰੋ: ਸਾਹਿਬ ਸਿੰਘ) ਨੂੰ ਇਕ ਹਜ਼ਾਰ ਰੁਪਏ ਇਨਾਮ ਦਿੱਤਾ। ਇਸ ਵਿਆਕਰਣ ਵਿਚ ਜਿਸ ਤਰ੍ਹਾਂ ਸਾਰੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਗਿਣਤੀ ਦੇ ਨੇਮਾਂ ਅੰਦਰ ਬੰਨ੍ਹਿਆ ਹੋਇਆ ਸਾਬਤ ਕੀਤਾ ਹੈ ਤੇ ਜਿਸ

ਯੋਗਤਾ ਨਾਲ ਹਰ ਨੇਮ ਦੀ ਪੁਸ਼ਟੀ ਲਈ ਉਦਾਹਰਨ ਪੇਸ਼ ਕੀਤੇ ਗਏ ਹਨ, ਉਸਨੂੰ ਮੁੱਖ ਰੱਖ ਕੇ ਇਨ੍ਹਾਂ ਨੂੰ ਗੁਰੂ ਗ੍ਰੰਥ ਦਾ ਪਾਣਿਨੀ ਕਹਿਣਾ ਅਯੋਗ ਨਹੀਂ ਹੋਵੇਗਾ। ਇਹ ਵਿਆਕਰਣ ਇਨ੍ਹਾਂ ਨੇ ਨਿਰਾ ਲਿਖ ਕੇ ਹੀ ਨਹੀਂ ਰੱਖ ਛੱਡਿਆ, ਸਗੋਂ ਇਸ ਨੂੰ ਆਪਣੀਆਂ ਸਾਰੀਆਂ ਟੀਕਾਵਾਂ ਦਾ ਆਧਾਰ ਬਣਾਇਆ ਹੈ। ਕੋਈ ਸਮਾਂ ਸੀ ਜਦੋਂ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਅੰਤਲੇ ਔਂਕੜ ਤੇ ਸਿਹਾਰੀਆਂ ਨੂੰ ਬਿਲਕੁਲ ਫਾਲਤੂ ਸਮਝਿਆ ਜਾਂਦਾ ਸੀ, ਪਰ ਗੁਰਬਾਣੀ ਵਿਆਕਰਣ ਤੇ ਉਸ ਦੇ ਆਧਾਰ ਉੱਤੇ ਕੀਤੇ ਗਏ ਸਟੀਕਾਂ ਦੇ ਛਪਣ ਤੋਂ ਉਪ੍ਰੰਤ ਬੜੇ ਘੱਟ ਸੱਜਨ ਹਨ ਜਿਹੜੇ ਇਨ੍ਹਾਂ ਲਗਾਂ ਦੀ ਵਿਆਕਰਣਕ ਮਹੱਤਾ ਨੂੰ ਨਾ ਪਛਾਣਦੇ ਹੋਣ। ਇਸ ਦਾ ਇਕ ਵੱਡਾ ਫਲ ਇਹ ਹੋਇਆ ਹੈ ਕਿ ਬਾਣੀ ਦੇ ਅਰਥਾਂ ਵਿਚ ਕਾਫ਼ੀ ਹੱਦ ਤੱਕ ਸਮਾਨਤਾ ਆਉਣ ਲੱਗ ਪਈ ਹੈ।

'ਗੁਰਬਾਣੀ ਵਿਆਕਰਣ' ਇਕ ਭਰਪੂਰ ਰਚਨਾ ਹੈ। ਭਾਸ਼ਾ ਵਿਕਾਸ ਤੇ ਹਰ ਸੰਬੰਧਤ ਵਿਸ਼ਿਆਂ ਬਾਰੇ ਬੜੀ ਵਾਕਫ਼ੀ ਦਿੱਤੀ ਹੈ। ਆਪਣੇ ਅਧਿਐਨ ਨੂੰ ਵਿਗਿਆਨਿਕ ਤੇ ਆਲੋਚਨਾਤਮਿਕ ਬਣਾਉਣ ਲਈ ਬ੍ਰਜ, ਅਵਧੀ, ਖੜੀ, ਰਾਜਸਥਾਨੀ, ਮਰਹੱਟੀ, ਅਪਭ੍ਰੰਸ਼, ਪ੍ਰਾਕ੍ਰਿਤ ਵਿਚੋਂ ਉਦਾਹਰਣਾਂ ਦੇ ਕੇ ਆਪਣੇ ਪੱਖ ਨੂੰ ਸਿੱਧ ਕੀਤਾ ਹੈ।

"ਹੁਣ ਤੱਕ ਜਿਨ੍ਹਾਂ ਵਿਸ਼ਿਆਂ ਨੂੰ (ਪ੍ਰੋ: ਸਾਹਿਬ ਸਿਘ ਨੇ) ਅਪਣਾਇਆ ਹੈ, ਉਹ ਹਨ ਗੁਰਬਾਣੀ ਤੇ ਇਸ ਦਾ ਵਿਆਕਰਣ, ਸਿੱਖ ਧਰਮ ਤੇ ਇਤਿਹਾਸ ਆਦਿ।...... ਆਪ ਵਿਸ਼ੇਸ਼ ਕਰਕੇ ਧਰਮ ਦੇ ਲੇਖਕ ਹਨ, ਜਿਸ ਨੂੰ ਉਹ ਸਮਾਜ ਦੇ ਉੱਨਤ ਚੌਖਟੇ ਦੇ ਅਨੁਸਾਰੀ ਬਣਾ ਕੇ ਪੇਸ਼ ਕਰਦੇ ਹਨ। ਸਰੋਤ ਰਵਾਇਤ ਜਾਂ ਬਹੁਤਿਆਂ ਦੀ ਮਨੌਤ ਨੂੰ ਚੁੱਪ-ਚੁਪੀਤੇ ਪਰਵਾਨ ਕਰਨ ਦੀ ਥਾਂ ਆਪ ਬਹੁਤ ਮਸਲਿਆਂ ਨੂੰ ਸੁਤੰਤਰ ਤੇ ਮੌਲਿਕ ਦ੍ਰਿਸ਼ਟੀਕੋਣ ਤੇ ਦੇਖਣ ਦੇ ਆਦੀ ਹਨ। ਨਤੀਜੇ ਉੱਤੇ ਪਹੁੰਚਣ ਲਈ ਆਪ ਹਮੇਸ਼ਾਂ ਅੰਦਰੂਨੀ ਗਵਾਹੀ ਦੀ ਭਾਲ ਕਰਦੇ ਹਨ। ਇਹ ਇਨ੍ਹਾਂ ਦੀ ਨਿਖੜਵੀਂ ਵਿਸ਼ੇਸ਼ਤਾਈ ਹੈ।" ('ਪੰਜਾਬੀ ਦੁਨੀਆਂ' ਜੁਲਾਈ 1952 ਵਿਚੋਂ ਧੰਨਵਾਦ ਸਹਿਤ)

## ਅੰਤਮ ਸ਼ਬਦ

ਸੱਚ ਤਾਂ ਇਹ ਹੈ ਕਿ ਇਹ ਲੇਖਕ ਇਕ ਆਬ-ਜੂ (ਪਾਣੀ ਦੀ ਆਡ) ਹੈ, ਜਦ ਕਿ ਪ੍ਰੋਫੈਸਰ ਸਾਹਿਬ ਇਕ ਅਜ਼ੀਮ, ਗਹਿਰ ਗੰਭੀਰ ਜੀਵਨ-ਦਰਿਆ। ਇਤਨਾ ਕੁੱਝ ਕਰ ਗੁਜ਼ਰਨ ਦੇ ਬਾਅਦ ਵੀ, ਉਨ੍ਹਾਂ ਨੇ ਅੱਜ ਦੇ "ਸੁੰਢ ਦੀ ਗੰਢੀ" ਪ੍ਰਾਪਤ ਕਰਕੇ ਬਣੇ ਪੰਸਾਰੀ ਲਿਖਾਰੀਆਂ ਵਾਂਗ, ਨਾ ਹੀ ਤੜਾਂ ਮਾਰੀਆਂ ਹਨ ਅਤੇ ਨ ਹੀ ਕਿਸੇ ਵਿਰੋਧੀ ਲਈ, ਵਿਪੱਖੀਆਂ ਵਾਲੀ ਕੌੜੀ ਤੇ ਰੁੱਖੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਮੱਤ-ਭੇਦ ਰੱਖਣ ਵਾਲਿਆਂ ਲਈ ਆਪ ਜੀ ਨੇ "ਸੱਜਣ" ਸ਼ਬਦ ਦੀ ਵੱਡੀ ਬਹੁਤਾਤ ਵਿਚ ਵਰਤੋਂ ਕੀਤੀ ਹੈ। ਜਰਾ ਵਾਚੋ "ਗੁਰਬਾਣੀ-ਵਿਆਕਰਣ" ਪੰਨਾ 12 ਉਤੇ, ਉਨ੍ਹਾਂ ਵੱਲੋਂ ਧੰਨਵਾਦ ਵਜੋਂ ਕਹੇ ਨਿਮਰ ਤੇ ਨਿਰਦਾਵਾ-ਭਾਵ ਵਾਲੇ ਸ਼ਬਦ :—

"ਪੁਰਾਤਨ ਪੰਜਾਬੀ ਦਾ ਵਿਆਕਰਣ ਲਿਖਣਾ ਇਕ ਨਵਾਂ ਕੰਮ ਹੈ। ਹੋ ਸਕਦਾ ਹੈ ਕਿ ਇਸ ਪੁਸਤਕ ਵਿਚ ਕਈ ਊਣਤਾਈਆਂ ਹੋਣ। ਉਂਝ ਵੀ ਇਹੋ ਜਿਹੇ ਕੰਮ, ਨਿਰੇ

ਇਕ ਦੋ ਮਨੁੱਖਾਂ ਦੇ ਉੱਦਮ ਨਾਲ ਪੂਰਨ ਤੌਰ ਉੱਤੇ ਸਿਰੇ ਨਹੀਂ ਚੜ੍ਹ ਜਾਇਆ ਕਰਦੇ।''

''ਸੋ, ਪੰਥ ਦੇ ਵਿਦਵਾਨ ਸੱਜਣਾਂ ਦੀ ਸੇਵਾ ਵਿਚ ਆਪਣੀਆਂ ਉਣਤਾਈਆਂ ਸੰਬੰਧੀ ਖਿਮਾ ਦਾ ਜਾਚਕ ਹੁੰਦਿਆਂ ਹੋਇਆਂ, ਬੇਨਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਜੀ ਦਾ ਮੁਕੰਮਲ ਵਿਆਕਰਣ ਤਿਆਰ ਕਰਨਾ, ਇਕ ਜ਼ਰੂਰੀ ਕਾਰਜ ਤੇ ਆਪਣਾ ਪਰਮ ਧਰਮ ਜਾਣ ਕੇ ਵਧੀਕ ਹੰਭਲਾ ਮਾਰੀ ਜਾਣ, ਤਾਂ ਕਿ ਸਾਡੀ ਆਉਣ ਵਾਲੀ ਸੰਤਾਨ ਦੇ ਦਿਲਾਂ ਵਿਚ ਸਤਿਗੁਰੂ ਜੀ ਦੀ ਬਾਣੀ ਦਾ ਬੋਧ ਅਤੇ ਪਿਆਰ ਦਿਨੋ-ਦਿਨ ਵਧਦਾ ਜਾ ਸਕੇ।'' (ਦਾਸ—ਸਾਹਿਬ ਸਿੰਘ) 4-10-32)

ਪ੍ਰੋਫੈਸਰ ਸਾਹਿਬ ਸਿੰਘ ਜੀ ਦੇ ਨਿਮ੍ਰਤਾ ਤੇ ਨਿਰਮਾਨਤਾ-ਭਰਪੂਰ ਸ਼ਬਦ ਵਾਚ ਕੇ, ਇਕ ਪਾਸੇ ਉਨ੍ਹਾਂ ਲਈ ਦਿਲੀ ਸ਼ਰਧਾ ਨਾਲ, ਨੇਤਰਾਂ ਚੋਂ, ਅਥਰੂਆਂ ਦੀ ਝੜੀ ਲੱਗ ਰਹੀ ਹੈ, ਅਤੇ ਦੂਜੇ ਪਾਸੇ ਨਵੇਂ ਉਭਰੇ ਉਨ੍ਹਾਂ ਲਿਖਾਰੀਆਂ ਵਲ ਨਜ਼ਰ ਮਾਰ ਕੇ ਹਿਰਦਾ ਅਤਿ ਪੀੜਤ ਹੁੰਦਾ ਹੈ, ਜੋ ਐਸੀ ਨਾਯਾਬ ਸ਼ਖਸੀਅਤ ਦਾ ਅਤਿ ਰੁੱਖੀ, ਘਿਰਣਤ ਤੇ ਹੰਕਾਰੀ ਸ਼ਬਦਾਵਲੀ ਦੁਆਰਾ ਅੱਪਜੱਸ ਤੇ ਅਲਜ਼ਾਮ-ਤਰਾਸ਼ੀ ਕਰਨ ਵਿਚ ਪੇਸ਼ ਪੇਸ਼ ਹਨ। ਵਾਹਿਗੁਰੂ ਸਭ ਨੂੰ ਸੁਮੱਤ ਬਖਸ਼ੇ!

ਪ੍ਰੰਤੂ, ਯਾਦ ਰਹੇ! ਜਦ ਤੱਕ ਚੰਦ ਸਤਾਰੇ ਤੇ ਸ੍ਰਿਸ਼ਟੀ ਕਾਇਮ ਹੈ, ਅਤੇ ਹੱਕ ਦੇ ਮੁਤਲਾਸ਼ੀ ਤੇ ਗੁਰਬਾਣੀ ਦੇ ਲਾਲਾਂ ਜਵਾਹਰਾਂ ਨੂੰ ਸਮਝਣ ਅਤੇ ਕਦਰ ਕਰਨ ਵਾਲੇ ਗੁਰਮੁਖ ਜੌਹਰੀ ਜੀਉਂਦੇ ਹਨ, ਅਬਦੀ ਬਾਣੀ ਦੇ ਨਾਲ, ਸ਼ਰਧਾ ਭਾਵਨਾ ਤੇ ਸਿਦਕ ਨਾਲ ਜੁੜਿਆ ਪ੍ਰੋ. ਸਾਹਿਬ ਸਿੰਘ ਦਾ ਨਾਮ ਸਦਾ ਜ਼ਿੰਦਾ ਤੇ ਦ੍ਰਖਸ਼ਾਂ ਰਹੇਗਾ। ਸ਼ਾਇਰ ਦਾ ਹੱਕੀ ਨਾਅਰਾ ਹੈ:—

''ਜੀਂ ਸਦ ਸੁਖਨਿ ਮੁਰਸ਼ਦ, ਯਕ ਹਰਫ ਮਰਾ ਯਾਦਸਤ।
ਆਲਮ ਨ ਸ਼-ਵਦ ਵੀਰਾਨਾ, ਤਾਂ ਮੈ-ਖਾਨਾ ਆਬਾਦਸਤ।

(ਮੈਨੂੰ ਪੀਰ ਮੁਰਸ਼ਦ ਦੇ ਸੈਂਕੜੇ ਬੋਲਾਂ ਵਿਚੋਂ ਇਕ ਹਰਫ ''ਚੇਤੇ ਹੈ: ਦੁਨੀਆਂ ਉਤਨਾ ਚਿਰ ਵੀਰਾਨ ਨਹੀਂ ਹੋਵੇਗੀ, ਜਦ ਤਕ ਮਾਰਫਤ (ਨਾਮ) ਦੀ ਮਯ ਵੰਡਣ ਵਾਲਾ ਸ਼ਬਦ-ਰੂਪੀ ਮੈਖਾਨਾ ਆਬਾਦ ਹੈ, ਅਤੇ ਓਥੋਂ ਸ਼ਬਦ-ਬੋਧ ਦੇ ਪਿਆਲੇ ਭਰ ਕੇ ਵੰਡਣ ਵਾਲਾ ਪ੍ਰੋਫੈਸਰ ਸਾਹਿਬ ਸਿੰਘ ਵਰਗਾ ਸਾਕੀ।)

ਪ੍ਰਾਰਥਨਾ: ਇਹ ਸਾਲ 1991 ਪ੍ਰੋਫੈਸਰ ਸਾਹਿਬ ਦਾ ਸ਼ਤਾਬਦੀ ਵਰ੍ਹਾ ਹੈ। ਦੇਸ਼ ਪ੍ਰਦੇਸ਼ ਦੀਆਂ ਸੰਗਤਾਂ ਦੀ ਸੇਵਾ ਵਿਚ ਪ੍ਰਾਰਥਨਾ ਹੈ ਕਿ ਉਹ ਪ੍ਰੋਫੈਸਰ ਜੀ ਦੀ ਸਿਮਰਤੀ ਵਿਚ ਜੁੜਨ ਅਤੇ ਐਸੇ ਦਰਵੇਸ਼-ਵਿਦਵਾਨ ਲਈ ਕ੍ਰਿਤੱਗਯਤਾ ਦਾ ਪ੍ਰਗਟਾਵਾ ਕਰਨ।

— ਦਾਸ: ਹਰਿਭਜਨ ਸਿੰਘ

—o—

# ਸਮੱਸਿਆ: "ਸਿੱਖ ਰਹਿਤ-ਮਰਯਾਦਾ" ਨਿਰਧਾਰਤ ਕਰਨ ਦੀ

ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਇਆ "ਨਿਰਮਲ" ਤੇ "ਨਿਰਾਲਾ" ਪੰਥ ਪ੍ਰਭੂ ਦੀ ਇਕਾਈ, ਵਾਹਦਾਨੀਅਤ ਅਤੇ ਮਾਨਵ ਸਮਾਨਤਾ ਦਾ ਮਾਰਗ ਹੈ "ਸੱਚ ਧਰਮ" ਹੈ। ਗੁਰੂ ਜੀ ਦਾ ਨਾਅਰਾ ਹੈ :— "ਏਕੋ ਹੈ ਭਾਈ ਏਕੋ ਹੈ। ਸਾਹਿਬ ਮੇਰਾ ਏਕੋ ਹੈ।" (ਪੰ. 350) ਤੀਜੇ ਸਤਿਗੁਰੂ ਜੀ ਨੇ ਇਸ ਸੱਚ ਨੂੰ ਇਉਂ ਸਪਸ਼ਟ ਕੀਤਾ ਹੈ :—

"ਇਕਾ ਬਾਣੀ, ਇਕੁ ਗੁਰ, ਇਕੋ ਸ਼ਬਦੁ ਬੀਚਾਰਿ॥" ਬਹੁ-ਪੂਜਾ, ਵੱਖ ਵੱਖ ਰੀਤਾਂ ਰਸਮਾਂ ਅਤੇ ਵਖਰੇਵਿਆਂ ਵਾਲੇ ਵਰਤੋਂ ਵਿਹਾਰ ਦਾ ਇਸ ਅਦੁੱਤੀ ਤੇ ਸਰਬ-ਸਾਂਝੇ ਧਰਮ ਵਿੱਚ ਕਤਅਨ ਕੋਈ ਅਸਥਾਨ ਨਹੀਂ, ਅਤੇ ਇਹੀ ਹੈ ਰਾਜ਼ ਇਸ ਦੀ ਮਜ਼ਬੂਤੀ, ਦ੍ਰਿੜਤਾ, ਦਲੇਰੀ ਅਤੇ ਸਦਾ ਚੜ੍ਹਦੀ ਕਲਾ ਵਿੱਚ ਵਿਚਰਨ ਦਾ। ਸਮਾਂ ਗੁਜ਼ਰਨ ਨਾਲ਼ ਸਾਗਰ ਸਮਾਨ ਹਰ ਕੌਮ, ਮਜ਼ਹਬ ਅਥਵਾ ਮੱਤ-ਅਵਲੰਬੀਆਂ ਵਿੱਚ ਲਹਾ ਚੜ੍ਹਾ ਆਉਣੇ ਕੁਦਰਤੀ ਹਨ। ਅੱਲਾਮਾਂ ਇਕਬਾਲ ਨੇ ਇਸ ਲਹਾ, ਇੰਤਸ਼ਾਰ ਅਥਵਾ ਮਰਕਜ਼ ਤੋਂ ਦੂਰੀ ਨੂੰ ਕੌਮਾਂ ਦੀ ਮੌਤ ਦਾ ਕਾਰਨ ਕਰਕੇ ਕਬੂਲਿਆ ਹੈ ਅਤੇ ਕੇਂਦਰ ਨਾਲ ਜੁੜੇ ਰਹਿਣ ਨੂੰ ਸਾਹਿਬੀ ਤੇ ਖ਼ੁਦਾਈ ਕਰਕੇ ਉਹ ਲਿਖਦੇ ਹਨ :—

"ਕੌਮੋਂ ਕੇ ਲੀਏ ਮੌਤ ਹੈ : ਮਰਕਜ਼ ਸੇ ਜੁਦਾਈ,
ਹੋ ਸਾਹਿਬਿ ਮਰਕਜ਼, ਤੋਂ ਖ਼ੁਦੀ ਕਿਆ ਹੈ ? ਖ਼ੁਦਾਈ।"

ਸਿੱਖ ਕੌਮ ਵੀ ਗੁਰਬਾਣੀ-ਮਰਕਜ਼ ਦੀ ਇਸ ਦੂਰੀ ਦੀ ਮਾਰ ਤੋਂ ਬੱਚ ਨਹੀਂ ਸਕੀ। "ਸਿੰਘ ਸਭਾ ਸੁਧਾਰ ਲਹਿਰ" ਇਸ ਸੱਚ ਦਾ ਪ੍ਰਤੱਖ ਪ੍ਰਮਾਣ ਹੈ।

ਜਦ ਸਮਾਂ ਪਾ ਕੇ, ਸਿੱਖ-ਪੰਥ, ਫੇਰ, ਬਿਪਰਨ ਦੀਆਂ ਰੀਤਾਂ ਰਸਮਾਂ, ਕਰਮਾਂ ਕਾਂਡਾਂ, ਦੇਵੀ ਦੇਵਤਿਆਂ

ਆਦਿ ਦੀ ਬਹੁ ਪੂਜਾ, ਜਾਤਾਂ ਪਾਤਾਂ ਅਤੇ ਵਹਿਮਾਂ ਭਰਮਾਂ ਵਿੱਚ ਪੂਰੀ ਤਰ੍ਹਾਂ ਉਲਝ ਕੇ
ਆਪਣੀ ਪਹਿਚਾਣ ਗਵਾ ਬੈਠਾ, ਤਾਂ ਪ੍ਰੋ. ਗੁਰਮੁਖ ਸਿੰਘ ਤੇ ਗਿਆਨੀ ਦਿੱਤ ਸਿੰਘ ਆਦਿ
ਦੂਲੇ ਗੁਰ ਸਿੱਖਾਂ ਨੇ, ਕੌਮ ਨੂੰ ਹਲੂਣਿਆ ਅਤੇ "ਸਿੰਘ ਸਭਾ ਲਹਿਰ" ਦਾ ਮੁੱਢ ਬੰਨ੍ਹਿਆ।
ਉਪ੍ਰੰਤ, ਗੁਰਦੁਆਰਾ ਸੁਧਾਰ ਲਹਿਰ ਚੱਲੀ ਅਤੇ ਗੁਰਦੁਆਰਿਆਂ ਵਿੱਚ ਜੋ ਸਿੱਖੀ ਜੀਵਨ
ਦੇ ਸੋਮੇ ਹਨ, ਫੇਰ ਗੁਰਮਤਿ ਅਥਵਾ ਗੁਰਮਰਯਾਦਾ ਅਸਥਾਪਨ ਹੋਈ।

ਪੰਥ ਨੂੰ ਨਿਰੰਤਰ ਗੁਰਬਾਣੀ ਦੇ ਸੱਚ ਨਾਲ ਜੋੜੀ ਰੱਖਣ ਅਤੇ ਰਸਹੀਨ ਤੇ ਫੋਕਟ
ਰੀਤਾਂ ਰਸਮਾਂ ਦੇ ਇੰਤਸ਼ਾਰ ਵਖਰੇਵਿਆਂ ਤੋਂ ਬਚਾਈ ਰੱਖਣ ਲਈ ਸ਼੍ਰੋਮਣੀ ਕਮੇਟੀ ਨੇ
ਸਤੰਬਰ, 1931 ਨੂੰ ਇਕ "ਰਹੁ-ਰੀਤ ਸਬ-ਕਮੇਟੀ" ਬਣਾਈ ਜਿਸ ਦੇ ਸਮਾਗਮ 4-5
ਅਕਤੂਬਰ, 1931, 3 ਜਨਵਰੀ, 1932 ਤੇ 31 ਜਨਵਰੀ, 1932 ਨੂੰ ਸ੍ਰੀ ਅਕਾਲ ਤਖਤ
ਸਾਹਿਬ ਉੱਤੇ ਹੋਏ । "ਰਹੁ-ਰੀਤ" ਦਾ ਖਰੜਾ ਜਦ ਸ਼੍ਰੋਮਣੀ ਕਮੇਟੀ ਦੇ ਪੇਸ਼ ਹੋਇਆ
ਤਾਂ ਕਮੇਟੀ ਦੀ ਆਗਿਆ ਅਨੁਸਾਰ 8 ਮਈ, 1932 ਨੂੰ ਖਰੜੇ ਉੱਤੇ ਫਿਰ ਵੀਚਾਰ
ਹੋਈ । ਇਸ ਉਪ੍ਰੰਤ ਕਈ ਮੈਂਬਰਾਂ ਦੇ ਜ਼ੋਰ ਦੇਣ ਉੱਤੇ ਖਰੜੇ ਨੂੰ ਫੇਰ, 26 ਸਤੰਬਰ,
1932 ਨੂੰ ਵੀਚਾਰਿਆ ਤੇ ਘੋਖਿਆ ਗਿਆ । ਇਕ ਅਕਤੂਬਰ, 1932 ਨੂੰ
ਇਹ ਖਰੜਾ, ਸਬ-ਕਮੇਟੀ ਦੇ ਕਨਵੀਨਰ, ਪ੍ਰਿੰ. ਤੇਜਾ ਸਿੰਘ ਵਲੋਂ, ਸ਼੍ਰੋ. ਕਮੇਟੀ ਦੇ ਪੇਸ਼
ਕੀਤਾ ਗਿਆ, ਤਾਂ ਜੋ ਕਮੇਟੀ ਦਾ ਖਾਸ ਇਜਲਾਸ ਬੁਲਾ ਕੇ ਪ੍ਰਵਾਨਗੀ ਲਈ ਜਾਵੇ ।
ਆਖਰ ਇਹ ਕਾਰਜ 12-10-36 ਨੂੰ ਸੰਪੂਰਨ ਹੋਇਆ।

"ਰਹੁ-ਰੀਤ" ਦੇ ਖਰੜੇ ਦੀ ਸੋਧ ਸੁਧਾਈ ਆਦਿ ਵਿੱਚ ਭਾਗ ਲੈਣ ਜਾਂ ਰਾਵਾਂ
ਭੇਜਣ ਵਾਲੇ ਵਿਦਵਾਨਾਂ ਤੇ ਉੱਘੇ ਸਜਣਾਂ 'ਚੋਂ, ਕੁੱਝ ਕੁ ਦੇ ਵਰਨਣ ਯੋਗ ਨਾਮ ਇਸ
ਪ੍ਰਕਾਰ ਹਨ :—

1. ਗਿਆਨੀ ਠਾਕੁਰ ਸਿੰਘ, 2. ਸ਼ੇਰ ਸਿੰਘ, 3. ਅਕਾਲੀ ਕੌਰ ਸਿੰਘ,
4. ਸੰਤ ਸੰਗਤ ਸਿੰਘ, ਕਮਾਲੀਆ, 5. ਭਾਈ ਵੀਰ ਸਿੰਘ, 6. ਬਾਵਾ ਹਰਿ ਕ੍ਰਿਸ਼ਨ
ਸਿੰਘ ਪ੍ਰਿੰਸੀਪਲ, 7. ਗਿ. ਹਮੀਰ ਸਿੰਘ, 8. ਪ੍ਰੋ. ਜੋਧ ਸਿੰਘ, 9. ਭਾਈ ਰਣਧੀਰ
ਸਿੰਘ, 10. ਸੰਤ ਮਾਨ ਸਿੰਘ ਨਿਰਮਲੇ, 11. ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ,
12. ਮਾਸਟਰ ਤਾਰਾ ਸਿੰਘ, ਪ੍ਰਧਾਨ: ਸ਼੍ਰੋ. ਅ. ਦਲ 13. ਸੰਤ ਤੇਜਾ ਸਿੰਘ, 14. ਪ੍ਰੋ: ਤੇਜਾ
ਸਿੰਘ (ਕਨਵੀਨਰ), 15. ਗਿ. ਹੀਰਾ ਸਿੰਘ 'ਦਰਦ' 16. ਗਿ. ਨਾਹਰ ਸਿੰਘ,
17. ਭਾਈ ਕਾਨ੍ਹ ਸਿੰਘ ਨਾਭਾ, 18. ਸੰਤ ਟਹਿਲ ਸਿੰਘ ਨਿਹੰਗ, 19. ਪੰਡਤ
ਕਰਤਾਰ ਸਿੰਘ ਦਾਖਾ, 20. ਭਾਈ ਜੋਧ ਸਿੰਘ, ਕ੍ਰਿਪਾਨ ਬਹਾਦਰ, 21. ਬਾਵਾ
ਪ੍ਰੇਮ ਸਿੰਘ ਹੋਤੀ, 22. ਭਾਈ ਸਾਹਿਬ ਅੱਛਰ ਸਿੰਘ, ਹੈਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ
23. ਪ੍ਰੋ. ਸ਼ੇਰ ਸਿੰਘ, ਲੁਧਿਆਣਾ, 24. ਪ੍ਰਿੰ. ਗੰਗਾ ਸਿੰਘ, 25. ਭਾਈ ਮੋਹਨ
ਸਿੰਘ ਵੈਦ (ਤਰਨਤਾਰਨ), 26. ਗਿ. ਲਾਲ ਸਿੰਘ ਐਮ.ਏ. (ਨੋਟ—ਬਾਅਦ ਵਿੱਚ
"ਧਾਰਮਿਕ ਸਲਾਹਕਾਰ ਕਮੇਟੀ" ਨੇ ਆਪਣੀ ਇਕੱਤ੍ਰਤਾ ਮਿਤੀ 7-1-1945 ਰਾਹੀਂ
ਇਸ ਵਿੱਚ ਕੁੱਝ ਵਾਧੇ ਘਾਟੇ ਕਰਨ ਦੀ ਸਫਾਰਸ਼ ਕੀਤੀ ਸੀ, ਜੋ ਸ਼੍ਰੋਮਣੀ ਕਮੇਟੀ ਨੇ

ਆਪਣੀ ਇਕੱਤ੍ਰਤਾ ਮਿਤੀ 3-2-1945 ਨੂੰ ਮਤਾ ਨੰ 97 ਰਾਹੀਂ ਪ੍ਰਵਾਨ ਕਰ ਲਈ) ਸੀ, ਇਸ ਤਰ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਵਾਨ ਹੋਈ "ਰਹਿਤ ਮਰਯਾਦਾ" ਨੂੰ ਪੰਥ ਵਿੱਚ ਪਹਿਲੀ ਵੇਰ ਲਾਗੂ ਹੋਇਆਂ 57 ਸਾਲ ਹੋ ਚੁੱਕੇ ਹਨ। ਇਸ ਸੰਬੰਧੀ ਵਿਸ਼ੇਸ਼ ਤੌਰ ਉੱਤੇ ਨੋਟ ਕਰਨ ਵਾਲੇ ਨੁਕਤੇ ਹਨ :—

ਪਹਿਲਾ—ਇਸ "ਰਹਿਤ-ਮਰਯਾਦਾ" ਨੂੰ ਸਰਬ-ਸੰਮਤੀ ਨਾਲ ਸਾਰੇ ਪੰਥ ਦੀ ਪ੍ਰਵਾਨਗੀ ਪ੍ਰਾਪਤ ਸੀ, ਅਤੇ ਇਸ ਨੂੰ ਲਾਗੂ ਹੋਇਆਂ 57 ਸਾਲ ਬੀਤਚੁੱਕੇ ਹਨ।

ਦੂਜਾ—ਜਿਸ ਯਕ ਜਹਿਤੀ ਤੇ ਸਰਬ ਸੰਮਤੀ ਨਾਲ ਇਸ ਨੂੰ ਸਾਰੇ ਪੰਥ ਨੇ ਪ੍ਰਵਾਨ ਕੀਤਾ, ਉਹ ਏਕਤਾ ਨਾ ਅੱਜ ਹੈ ਅਤੇ ਨ ਹੀ ਸ਼ਾਇਦ ਕਦੀ ਪ੍ਰਾਪਤ ਹੋਵੇ। ਇਹ ਇਸ ਦੀ ਅਹਿਮੀਯਤ ਦਾ ਖਾਸ ਪੱਖ ਹੈ।

ਤੀਜਾ—ਜਿਸ ਪ੍ਰਸਿੱਧਤਾ, ਯੋਗਤਾ, ਪੰਥਕ ਪਿਆਰ, ਕੁਰਬਾਨੀ, ਤਿਆਗ ਤੇ ਏਕਤਾ ਦੇ ਸੁਆਮੀ ਸਾਡੇ ਉਹ ਇਹ ਖਰੜਾ ਤਿਆਰ ਕਰਨ ਵਾਲੇ ਬਜ਼ੁਰਗ ਸਨ, ਉਹ ਅੱਜ ਲੱਭਣੇ ਆਸਾਨ ਨਹੀਂ, ਅਤੇ ਜੋ ਲੰਮਾਂ ਸਮਾਂ ਖਿਸ ਦੀ ਤਿਆਰੀ ਉਤੇ ਪ੍ਰੋਫੈਸਰ ਤੇਜਾ ਸਿੰਘ ਜੀ ਜਿਹੀਆਂ ਵਿਦਵਾਨ ਤੇ ਬੇਲਾਗ ਹਸਤੀਆਂ ਨੇ ਖਰਚਿਆ, ਅੱਜ ਉਸ ਕੋਟੀ ਦੇ ਵਿਦਵਾਨ ਭਾਲਣੇ ਵੀ ਮੁਸ਼ਕਲ ਹਨ।

ਚੌਥਾ—ਅੱਜ ਜੋ ਸੰਪ੍ਰਦਾਵਾਂ, ਜੱਥੇ ਜਾ ਸਭਾ ਸੋਸਾਇਟੀਆਂ ਆਦਿ "ਆਪਣੀ ਆਪਣੀ" ਮਰਯਾਦਾ ਸਾਰੇ ਪੰਥ ਉੱਤੇ ਲਾਗੂ ਕਰਨ ਲਈ ਵੱਡੀਆਂ ਜਤਨਸ਼ੀਲ ਹਨ, ਉਨ੍ਹਾਂ ਸਾਰੀਆਂ ਜੱਥੇ ਬੰਦੀਆਂ ਦੇ ਬਾਨੀ, ਬਜ਼ੁਰਗ ਜਾਂ ਵੱਡਕੇ, ਪੰਥ ਵਿੱਚ ਲਾਗੂ ਰਹਿਤ-ਮਰਯਾਦਾ ਨੂੰ ਤਿਆਰ ਕਰਨ ਵਿੱਚ ਸ਼ਾਮਿਲ ਸਨ ! ਅੱਜ ਉਨ੍ਹਾਂ ਦੀਆਂ ਗੱਦੀਆਂ ਉਤੇ ਬਿਰਾਜਮਾਨ ਵਿਅਕਤੀਆਂ ਵਲੋਂ ਉਨ੍ਹਾਂ ਦਾ ਵਿਰੋਧ ਕਿਉਂ ?

ਗੋਸਾਈਂ ਤੁਲਸੀ ਦਾਸ ਦੇ ਇਸ ਕਥਨ—

"ਆਸਾ, ਇਸ਼ਟ ਉਪਾਸ਼ਨਾ, ਖਾਣ ਖਾਣ ਪਹਿਰਾਣ। ਤੁਲਸੀ; ਜਾਂ ਮੇਂ ਖੱਟ ਮਿਲਹਿ, ਸੋਈ ਮਿਲਿਆ ਜਾਣ।" ਅਨੁਸਾਰ ਚਾਹੀਦਾ ਤਾਂ ਇਹ ਹੈ ਕਿ ਕਿਸੇ ਜੱਥੇ ਜਾਂ ਸੰਪ੍ਰਦਾਇ ਵੱਲੋਂ "ਪੰਥ ਵਿਚ ਪ੍ਰਵਾਣਤ ਤੇ ਪ੍ਰਚੱਲਿਤ "ਰਹਿਤ ਮਰਯਾਦਾ" ਬਾਰੇ ਕੋਈ ਮੱਤ-ਭੇਦ ਨ ਹੋਵੇ, ਪਰ ਜੇ ਛੋਟਾ ਮੋਟਾ ਸਥਾਨਕ ਤੇ ਸੀਮਤ ਪੱਧਰ ਉੱਤੇ ਹੋਵੇ ਵੀ, ਤਾਂ ਉਸ ਨੂੰ ਸਾਰੇ ਪੰਥ ਉੱਤੇ ਲਾਗੂ ਕਰਨ ਦੀ ਚੇਸ਼ਟਾ ਕਰਨੀ ਪੰਥਕ ਹਿੱਤਾਂ ਤੇ ਏਕਤਾ ਲਈ ਸਖਤ ਖਤਰਨਾਕ ਹੈ। ਸਵਰਗੀ, ਸਿੰਘ ਸਾਹਿਬ, ਗਿ. ਕ੍ਰਿਪਾਲ ਸਿੰਘ ਜੀ, ਜੋ 22 ਸਾਲ, ਇਸ ਦਾਸਰੇ ਨਾਲ ਸ਼੍ਰੋ. ਕਮੇਟੀ ਦੀ ਸੇਵਾ ਵਿੱਚ ਇਕੱਠੇ ਰਹੇ, ਇੱਕ ਵੱਡੇ ਪਤੇ ਦੀ, ਸੇਧ-ਬਖਸ਼ੂ, ਹੱਡ-ਬੀਤੀ ਸੁਣਾਇਆ ਕਰਦੇ ਸਨ :—

"ਗਿਆਨੀ ਜੀ ਨੇ ਸ੍ਰੀਮਾਨ ਸੰਤ ਗੁਰਬਚਨ ਸਿੰਘ ਜੀ "ਖਾਲਸਾ" ਭਿੰਡਰਾਂ ਵਾਲਿਆਂ ਪਾਸੋਂ ਵਿਦਿਆ ਪ੍ਰਾਪਤ ਕੀਤੀ ਸੀ। ਜਦ ਉਨ੍ਹਾਂ ਦੀ ਨਿਯੁਕਤੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਹੋਈ, ਤਾਂ ਉਨ੍ਹਾਂ ਨੇ ਸੰਤ ਮਹਾਰਾਜ ਜੀ ਤੋਂ ਪੁੱਛਿਆ ਕਿ ਜੱਥੇ ਦੀ

ਮਰਯਾਦਾ ਅਤੇ ਪੰਥਕ ਮਰਯਾਦਾ ਵਿੱਚ ਅੰਤਰ ਹੈ, ਉਹ ਦੋਵੇਂ ਕਿਵੇਂ ਨਿਭਾਉਣਗੇ ? ਤਾਂ ਸੰਤ ਮਹਾਰਾਜ ਜੀ ਨੇ ਉੱਤਰ ਦਿੱਤਾ ਕਿ ਜੱਥੇ ਦੀ ਮਰਯਾਦਾ ਕੇਵਲ ਜੱਥੇ ਲਈ ਹੈ। ਤੁਸਾਂ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਪੰਥ ਪ੍ਰਵਾਣਿਤ ਮਰਯਾਦਾ ਅਨੁਸਾਰ ਵਰਤਣਾ ਹੈ। ਵਾਹਵਾ: ਚੁਨਾਂ ਚਿ ਗਿਆਨੀ ਜੀ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਵੀ ਰਹੇ; ਪ੍ਰੰਤੂ, ਸਦਾ ਦ੍ਰਿੜਤਾ ਨਾਲ ਉਸੇ ਮਰਯਾਦਾ ਨੂੰ ਨਿਭਾਇਆ, ਜੋ ਸ਼੍ਰੋਮਣੀ ਕਮੇਟੀ ਵਲੋਂ ਪ੍ਰਚੱਲਿਤ ਹੈ। ਏਥੋਂ ਤੱਕ ਕਿ ਜਦ ਸੰਨ 1984 ਵਿੱਚ ਸੰਤ ਜਰਨੈਲ ਸਿੰਘ ਜੀ ਭਿੰਡਰਾਂ ਵਾਲੇ ਸ੍ਰੀ ਅਕਾਲ ਤਖਤ ਸਾਹਿਬ ਰਹੇ ਤਾਂ ਵੀ ਇਸ ਮਰਯਾਦਾ ਵਿੱਚ ਕਿਸੇ ਪ੍ਰਕਾਰ ਦਾ ਪ੍ਰੀਵਰਤਨ ਨ ਹੋਇਆ। ਦੋਹਾਂ ਮਹਾਨ ਵਿਅੱਕਤੀਆਂ ਨੇ ਸ਼੍ਰੋਮਣੀ ਕਮੇਟੀ ਵਲੋਂ ਚਲਦੀ ਮਰਯਾਦਾ ਦਾ ਪੂਰਨ ਸਤਿਕਾਰ ਕੀਤਾ। ਇਸ ਘਟਨਾ ਦੀ ਵੀ ਆਮ ਚਰਚਾ ਹੈ ਕਿ ਸੰਤ ਜਰਨੈਲ ਸਿੰਘ ਜੀ ਨੇ ਆਪਣੇ ਭਤੀਜੇ ਸਵਰਨ ਸਿੰਘ ਨੂੰ ਦੰਡ ਦਿੱਤਾ, ਜਿਸ ਨੇ ਪ੍ਰਚੱਲਿਤ ਮਰਯਾਦਾ ਵਿਰੁੱਧ ਸ੍ਰੀ ਅਕਾਲ ਤਖਤ ਉੱਤੇ ਰਾਗ ਮਾਲਾ ਪੜ੍ਹਨੇ ਦੀ ਅੱਵਗਿਆ ਕੀਤੀ ਸੀ।

## ਫੇਰ, ਪਹਿਲੇ ਵਾਲੀ ਮਰਯਾਦਾ ਤੋਰਨ ਦੀ ਗਲ :—

''ਪਹਿਲੇ ਵਾਲੀ'', ਪੁਰਾਤਨ ਮਰਯਾਦਾ ਉਹ ਹੈ ਜਿਸ ਨੂੰ ਬਾਬਾ ਠਾਕੁਰ ਸਿੰਘ ਜੀ ਆਪਣੀ ਫਿਰਤੂ ਚਿਠੀ ਵਿੱਚ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਨ 1699 ਨੂੰ, ਅੰਮ੍ਰਿਤ ਛਕਾਉਣ ਸਮੇਂ ਚਲਾਈ ਗਈ ਦਸਦੇ ਅਤੇ ਜਿਸ ਨੂੰ, ਸ਼੍ਰੋਮਣੀ ਕਮੇਟੀ ਵੱਲੋਂ ਸੰਨ 1931 ਵਿੱਚ ਸਰਬ ਸਾਂਝੀ ਤੇ ਪ੍ਰਤਿਨਿਧ ਸਬ-ਕਮੇਟੀ ਨੇ ਵਧਾਅ ਘਟਾ ਕੇ ਵਰਤਮਾਨ ''ਸਿਖ-ਰਹਿਤ ਮਰਯਾਦਾ'' ਚਲਾਈ ਸੀ। ਉਦਾਹਰਣ ਵਜੋਂ ''ਕਬਯੋਵਾਚ ਬੇਨਤੀ ਚੌਪਈ'' ਦੀਆਂ ਅੰਤਲੀਆਂ ਦੋ ਪੌੜੀਆਂ ਦਾ ਪਾਠ ਛੱਡ ਕੇ ਬਾਕੀ ਦੀਆਂ 25 ਪਉੜੀਆਂ ਰੱਖ ਲਈਆਂ ਗਈਆਂ। ਐਸਾ ਕਿਉਂ ਕੀਤਾ ਗਿਆ ? ਇਸ ਲਈ ਕਿ ਅਗਲੇ ਦੋਹਾਂ ਪਦਿਆਂ ਨੰ: 26 ਤੇ 27 ਵਿੱਚ ਸਪਸ਼ਟ ''ਜਗਮਾਤਾ'' (ਦੇਵੀ ਭਗਉਤੀ) ਅਤੇ ''ਅਸਿਧੁਜ'' (ਝੰਡੇ ਵਿੱਚ ਤਲਵਾਰ ਦੇ ਨਿਸ਼ਾਨ ਵਾਲੇ ''ਮਹਾਕਾਲ'') ਦਾ ਜ਼ਿਕਰ ਹੈ ਜਿਨ੍ਹਾਂ ਦੋਹਾਂ ਦੀ ਕ੍ਰਿਪਾ, ਦਇਆਲਤਾ ਨਾਲ ਤਤਕਾਲ ਗ੍ਰੰਥ (ਚਰਿਤ੍ਰ ਪਖਯਾਨ ਗ੍ਰੰਥ, ਜਿਸ ਦੇ ਕੁਲ ਛੰਦਾਂ ਦਾ ਜੋੜ ਅੰਤ ਵਿੱਚ 7555 ਦਿੱਤਾ ਗਿਆ ਹੈ) ਤਿਆਰ ਕੀਤਾ ਗਿਆ। ਏਥੋਂ ਇਹ ਤੱਥ ਵੀ ਸਿੱਧ ਹੁੰਦਾ ਹੈ ਕਿ ਇਹ ਦੇਵ ਇਕ ਮਿਕ ਹਨ। ਅਤੇ ਪੁਰਾਣਕ ਸਾਹਿਤ ਤੇ ਦਸਮ ਗ੍ਰੰਥ ਵਿਚ ਜਗਮਾਤਾ ਦਾ ਅਰਥ *ਪ੍ਰਸੰਗ ਅਧੀਨ ਸਾਫ ਦੇਵੀ ਮਾਤਾ ਹੈ।

ਲਤਫ਼ ਦੀ ਗਲ ਇਹ ਹੈ ਕਿ ਸ੍ਰੀ ਦਸ਼ਮੇਸ਼ ਜੀ ਦਾ ਪਾਵਨ ਨਾਮ ਵਰਤ ਕੇ ਤੇ ਬਿਨਾਂ ਸਬੂਤ ਹਵਾਲਾ ਦੇ ਕੇ ''ਪੁਰਾਣੀ'' ਮਰਯਾਦਾ ਨੂੰ ਫਿਰ ਤੋਂ ਲਾਗੂ ਕਰਨ ਦੇ ਮੁਦੱਈ ਮੇਰੇ ਇਹ ਵੀਰ ਜੇ ਕਿਤੇ ਆਪਣ ਵੱਲੋਂ ਛਾਪੇ ਨਿਤਨੇਮ ਦੇ ਗੁਟਕਿਆਂ ਨੂੰ ਮੇਲਣ ਤਾਂ ਇਨ੍ਹਾਂ ਵਿਚਲੀ ''ਰਹਿਰਾਸ ਸਾਹਿਬ'' ਦਾ ਨ ਆਰੰਭ, ਆਪਸ ਵਿਚਦੀ ਮੇਲ ਖਾਂਦਾ

---

*ਇਸ ਸੰਬੰਧ ਵਿਚ ਨਿਰਣਾਇਕ ਜਾਣਕਾਰੀ ਲਈ ਵਾਚੋ ਲੇਖ ''ਠਾਕੁਰ ਛੋਡਿ ਦਾਸੀ ਕਉ ਸਿਮਰਹਿ...'' ਮੇਰੀ ਪੁਸਤਕ ''ਧਰਮ ਤੇ ਰਾਜਨੀਤੀ''

ਹੈ, ਨ ਅੰਤ । ਮੇਰੇ ਸਾਹਮਣੇ ਦਰਜਨ ਕੁ ਛਾਪਕਾਂ ਦੇ ਨਿਤਨੇਮ ਦੇ ਗੁਟਕੇ ਪਏ ਹਨ, ਵੀਚਾਰਵਾਨ ਸੱਜਣ ਆਪ ਵੀ ਵੇਖ ਲੈਣ, ਹੱਥ ਕੰਗਣ ਨੂੰ ਆਰਸੀ ਦੀ ਕੀ ਲੋੜ ? ਮੈਂ ਵਿਸਥਾਰ ਦੇ ਡਰ ਤੋਂ ਇਹ ਸਾਰੀ ਗਵਾਹੀ ਏਥੇ ਨਹੀਂ ਦੇ ਰਿਹਾ ਤੌਖਲਾ ਮੈਨੂੰ ਇਹ ਅੰਦਰੋਂ ਘੁਣ ਵਾਂਗ ਖਾ ਰਿਹਾ ਹੈ ਕਿ ਜੇ ਵੀਹ ਪੂਰਬੀਏ ਤੇ 21 ਚੁੱਲਿਆਂ ਦੀ ਕਹਾਵਤ ਅਨੁਸਾਰ ਸਾਡੀ ਇਹੀ ਰਵਸ਼ ਜਾਰੀ ਰਹੀ, ਤਾਂ ਪੰਥ ਦੀ ੧ਓਅੰਕਾਰੀ ਇਕਾਈ ਦਾ ਕੀ ਬਣੂ ?

ਫਿਰ ਵੀ ਪਾਠਕਾਂ ਦੀ ਜਾਣਕਾਰੀ ਤੇ ਤਸੱਲੀ ਲਈ ਵੰਨਗੀ ਵਜੋਂ, ਦੋ ਦਾ ਜ਼ਿਕਰ ਕਰਦਾ ਹਾਂ :—

## (1) ਨਿਤਨੇਮ (ਪ੍ਰਕਾਸ਼ਕ : ਦਮਦਮੀ ਟਕਸਾਲ, ਚੌਂਕ ਮਹਿਤਾ)

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ "ਰਹਿਰਾਸ ਸਾਹਿਬ ਦਾ 9 ਸ਼ਬਦਾਂ ਦਾ ਸੰਗ੍ਰਹਿ, ੧ਓ ਸਤਿਗੁਰ ਪ੍ਰਸਾਦਿ "ਸੋ ਦਰੁ ਰਾਗੁ ਆਸਾ ਮਹਾਲਾ ੧" "ਸੋਦਰੁ ਤੇਰਾ ਕੇਹਾ..." ਤੋ ਆਰੰਭ ਹੁੰਦਾ ਹੈ, ਪਰ ਟਕਸਾਲ ਦੇ ਗੁਟਕੇ ਵਿੱਚ ਛੰਤ: "ਹਰਿ ਜੁਗ ਜੁਗ ਭਗਤ ਉਪਾਇਆ" ਅਤੇ ੧ਓ ਸਤਿਗੁਰ ਪ੍ਰਸਾਦਿ" ਸਲੋਕ ਮਹਲਾ ੧॥ "ਦੁਖੁ ਦਾਰੂ ਸੁਖ ਰੋਗੁ ਭਇਆ..." ਸਲੋਕ ਤੋਂ ਬਾਅਦ ਫੇਰ, ਇਸ ਸਲੋਕ ਉੱਪਰ "ਵਾਰ ਆਸਾ" ਵਿਚ, "੧ਓ ਸਤਿਗੁਰ ਪ੍ਰਸਾਦ" ਦਾ ਮੰਗਲ ਨਹੀਂ, ਦੂਜੇ ਜੇ ਏਥੇ ਆਪਣੀ ਨਿਜਮੱਤ ਨਾਲ ਮੰਗਲ ਪਾ ਲਿਆ ਹੈ ਤਾ ਪਹਿਲੇ ਛੰਤ ' ਹਰਿ ਜੁਗ ਜੁਗੁ ਭਗਤ" ਉਪਾਇਆ ਦੇ ਆਰੰਭ ਵਿਚ ਕਿਉਂ ਨਹੀਂ ਪਾਇਆ ? ਆਖਰ ਕਿਹੜੇ ਨੇਮ ਤੇ ਮਾਪ-ਛੜੀ ਅਨੁਸਾਰ ਇਉਂ ਹੋ ਰਿਹਾ ਹੈ ? ਦੂਜੇ "ਕਬਯੋਬਾਚ ਬੇਨਤੀ" ਚੌਪਈ ਦਾ ਪਾਠ ੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ਪਾਤਸ਼ਾਹੀ ੧੦ "ਚੌਪਈ" ਲਿਖਣ ਉਪ੍ਰੰਤ "ਪੁਨਿ ਰਾਛਸ ਕਾ ਕਾਟਾ ਸੀਸਾ..." ਤੋਂ ਬਾਦ ਆਰੰਭ ਕੀਤਾ ਗਿਆ ਹੈ ਅਤੇ ਅੰਕ "ਦਸਮ ਗ੍ਰੰਥ" ਅਨੁਸਾਰ 375 ਤੇ 376 ਲਿਖਣ ਦੀ ਥਾਂ ' ੧" ਤੇ "੨" ਅੰਕਿਤ ਕੀਤੇ ਹਨ । "ਕਬਯੋਬਾਚ ਬੇਨਤੀ "ਚੌਪਈ" ਨੂੰ ਅੰਕ 377, 378 ..ਦੇਣ ਦੀ ਥਾਂ "੧" "੨" "੩"... ਦਿਤੇ ਹਨ, ਜੋ ਕਤਅਨ ਗਲਤ ਹਨ ।

ਸਨਿਮਰ ਪੁੱਛ ਹੈ ਕਿ ਕੀ ਇਹ ਸਭ ਆਪ ਹੁਦਰੀਆਂ, ਬਦਲੀਆਂ ਤੇ ਹਸਤਖ ਛੇਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਚਲਾਈ ਮਰਯਾਦਾ ਅਨੁਸਾਰ ਹਨ ਅਤੇ ਇਸ ਦਾ ਕੋਈ ਲਿਖਤੀ ਸਬੂਤ ਦੱਸੋ ਕਿ ਐਸਾ ਕਿਥੇ ਹੈ ?

ਸੋ, ਦਮਦਮੀ ਟਕਸਾਲ ਦੇ ਗੁਟਕੇ ਵਿੱਚ, ਸ਼੍ਰੋ. ਕਮੇਟੀ ਦੀ ਪੰਥ-ਪ੍ਰਵਾਣਿਤ ਰਹਿਰਾਸ ਨਾਲੋਂ ਬਾਣੀ-ਦੇ 2 ਸ਼ਬਦ ਅਤੇ 22 ਦਸਮ ਗ੍ਰੰਥ ਵਿੱਚੋਂ ਹੋਰ ਪਦੇ (ਛੰਤ) ਅੰਤ ਵਿਚ ਸ਼ਾਮਿਲ ਹਨ ਇਹ ਕੁਲ ਗਿਣਤੀ 24 ਹੈ ।

## (ਅ) ਪ੍ਰੂਫ਼ "ਨਾਨਕਸਰ ਦੀ ਮਰਯਾਦਾ ਅਨੁਸਾਰ ਵਿਧੀ ਵਾਲੇ ਨਿਤਨੇਮ" (ਇਹ ਗੁਟਕੇ ਦਾ ਨਾਮ ਹੈ)

ਵਿੱਚ ਇਹ ਗਿਣਤੀ 28 ਹੈ । ਰਹਿਰਾਸ ਸਾਹਿਬ ਦੇ ਆਰੰਭ ਵਿਚ ਦੋ ਸ਼ਬਦਾਂ ਦੀ

ਥਾਂ ਚਾਰ ਸ਼ਬਦ ਹਨ, ਦਮਦਮੀ ਟਕਸਾਲ ਵਾਲੇ ਗੁਟਕੇ ਨਾਲੋਂ 2 ਸ਼ਬਦ ਵੱਧ । ਇਸੇ
ਤਰ੍ਹਾਂ "ਨਾਨਕਸਰੀਆਂ" ਦਾ ਅਖੰਡ ਪਾਠ ਸੰਪੂਰਨ ਹੀ ਤਾਂ ਹੁੰਦਾ ਹੈ ਜੇ ਅੰਤ ਵਿਚ 'ਹਜ਼ਾਰੇ
ਦੇ 7 ਸ਼ਬਦ" ਪੜ੍ਹੇ ਜਾਣ ।

ਮੇਰਾ, ਉਪ੍ਰੋਕਤ ਸੰਖੇਪ ਜਿਹਾ ਨੋਟ ਲਿਖਣ ਤੋਂ ਭਾਵ ਹੈ ਕਿ ਅਜਿਹੀ ਆਪਾ ਧਾਪੀ
ਤੇ ਅਫਰਾਤਫਰੀ ਪੰਥਕ ਏਕਤਾ ਲਈ ਮਾਰੂ ਹੈ, ਅਤੇ ਨਾ ਹੀ ਐਸੀ ਭੱਵਸ਼ ਗੁਰੂ ਤੇ ਪੰਥ
ਪਿਆਰ ਦਾ ਸਬੂਤ ਹੈ; ਹੋਰ ਚਾਹੇ ਕੁੱਝ ਵੀ ਹੋਵੇ ।

## ਪੁਰਾਣੀ ਮਰਯਾਦਾ ਦੇ ਢੋਲ ਦਾ ਪੋਲ :—

ਹੈਰਾਨੀ ਤੇ ਦੁੱਖ ਦੀ ਗਲ ਹੈ ਕਿ ਸ੍ਰੀ ਦਸ਼ਮੇਸ਼ ਜੀ ਤੋਂ 1699 ਵਿੱਚ ਚਲਾਈ
ਮਰਯਾਦਾ ਦਾ ਮੇਰੇ ਵਿਪੱਖੀ ਵੀਰਾਂ ਨੂੰ ਕਤਅਨ ਕੋਈ ਗਿਆਨ ਨਹੀਂ, ਅਤੇ ਨ ਹੀ ਉਹ
ਆਪਣੇ ਪੱਖ ਦੀ ਪੁਸ਼ਟੀ ਵਿੱਚ ਕੋਈ ਪ੍ਰਮਾਣ ਅਥਵਾ ਇਤਿਹਾਸਕ ਹਵਾਲਾ ਪੇਸ਼ ਕਰ
ਸਕਦੇ ਹਨ। ਆਓ, ਉਨ੍ਹਾਂ ਅਤੇ ਗੁਰ-ਸੰਗਤਾਂ ਦੀ ਜਾਣਕਾਰੀ ਲਈ ਇਹ ਸੇਵਾ ਮੈਂ
ਕਰਦਾ ਹਾਂ । ਸੰਬੰਧਤ ਗ੍ਰੰਥਾਂ ਵਿੱਚੋਂ ਇਹ ਹਵਾਲੇ ਅਤਿ ਸੰਖੇਪ ਵਿਚ ਲਏ ਹਨ; ਖੋਜੀ
ਸੱਜਣ, ਵਿਸਥਾਰ, ਓਥੋਂ ਆਪ ਪ੍ਰਾਪਤ ਕਰਨ ਦੀ ਖੇਚਲ ਤੇ ਕ੍ਰਿਪਾਲਤਾ ਕਰਨ :—

### 1. ਰਹਿਤਨਾਮਾ ਭਾਈ ਦਯਾ ਸਿੰਘ (ਪਿਆਰਾ) :—(ਅੰਮ੍ਰਿਤ-ਵਿਧੀ)

"...ਉੱਤਮ ਸਿੰਘ ਲੋਹ ਪਾਤ੍ਰ ਮੇਂ ਸ੍ਰੀ ਅੰਮ੍ਰਿਤਸਰ ਕਾ ਅੰਮ੍ਰਿਤ ਪਾਵੈ 'ਪ੍ਰਥਮ'
ਸੰਪੂਰਨ ਜਪੁਜੀ ਆਦਿ ਅੰਤ ਪੂਰਨ, ਪੂਰਨ ਜਾਪੁ ਜੀ ਆਦਿ ਅੰਤ ਕਾ ਪਾਠ ਕਰੇ,
ਚੌਪਈ (ਕਿਹੜੀ, ਕੋਈ ਸੰਕੇਤ ਨਹੀਂ), ਪੰਜ ਪੰਜ ਸਵੈਯੇ ਭਿੰਨ ਭਿੰਨ ੧ ਸ੍ਰਾਵਗ, ੨
ਦੀਨਨ ਕੀ ਪ੍ਰਤਿਪਾਲ ੩ ਪਾਪ ਸਮੂਹ ਬਿਨਾਸਨ, ੪ ਸਤਿ ਸਦੈਵ ਸਦਾ ਬ੍ਰਤ ਪੰਜ ਪਉੜੀ
ਅਨੰਦ ਕੀ, ਕਰਦ ਅੰਮ੍ਰਿਤ ਬੀਚ ਫੇਰੇ ਅਪਨੀ ਓਰ ਕੋ। ਪੁਨਹ ਏਕ ਸਿੰਘ ਸਰਬਤ੍ਰ
ਆਗਿਆ ਲੈ, ਹਾਥ ਮੇਂ ਕਟੋਰਾ ਲੇ ਕਰ ਅੰਮ੍ਰਿਤ ਛਕਾਵੈ ਉਹ ਕਰਦ ਉਸ ਕੀ ਪਾਗ
ਮੇ ਧਰ ਦੇ......। (ਰਹਿਤਨਾਮੇ, ਸੰਪਾਦਤ ਪ੍ਰੋ. ਪਿਆਰਾ ਸਿੰਘ)

### 2. ਭਾਈ ਚਉਪਾ ਸਿੰਘ :—

ਫੇਰ ਸਾਹਿਬ ਪੂਰਨ ਪੁਰਖ ਜੀ, ਪੰਥ ਲਗੇ ਨਿਖੇੜਨ, ਸੰਮਤ 1754, ਸਾਵਣ ਦਿਨ
ਸਤਵੇਂ । ਕੇਸਾਂ ਦੀ ਪਾਹੁਲ ਦਾ ਉੱਦਮ ਕੀਤਾ, ਬਚਨ ਹੋਇਆ, "ਚਉਪਾ ਸਿੰਘ, ਕਟੋਰੇ
ਵਿਚ ਜਲ ਪਾ ਲੈ ਆਉ ।" ਸੋ ਲੈ ਆਇਆ, ਤਾਂ ਹੁਕਮ ਹੋਇਆ, "ਹਥਿ ਖੰਡਾ ਪਕੜ
ਕੇ ਵਿਚ ਫੇਰਉ ।" ਅਤੇ ਪੰਜ ਪੰਜ ਸੂੱਯੇ ਪੰਜੇ ਪੜ੍ਹਨ ਲੱਗੇ ਕੇਹੜੇ ? ਦਯਾ ਸਿੰਘ ਵਾਸੀ
ਲਾਹੌਰ ਛੱਤ੍ਰੀ ਵੰਸ਼, ਸਾਹਿਬ ਸਿੰਘ ਦੱਛਨਿ ਸੈਨ ਕੇ ਜਨਮ ਥਾ ਹਿੰਮਤ ਸਿੰਘ ਪੁਰੀ
ਜਗਨ ਨਾਥ, ਛੰਧਕ ਕੇ ਜਨਮ ਥਾ । ਧਰਮ ਸਿੰਘ, ਘਰ ਹਸਤਨਾਪੁਰ ਦਾ ਵਾਸੀ, ਧੰਨੇ
ਕੇ ਜਨਮ ਥਾ । ਪੰਜਵੇਂ ਮੁਹਕਮ ਸਿੰਘ, ਨਾਮ ਦੇਵ ਕਾ ਜਨਮ ਥਾ। ਇਹ ਪੰਜ ਸਿੰਘ,
ਸਵੈਯੇ ਲੱਗੇ ਪੜ੍ਹਨ, ਤਾ ਸਾਹਿਬ ਚੰਦ ਦੀਵਾਨ ਬੇਨਤੀ ਕੀਤੀ "ਜੀ ਸੱਚੇ ਪਾਤਸ਼ਾਹ, ਜੇ
ਵਿਚ ਪਤਾਸ਼ੇ ਪਾਉਣ ਤਾਂ ਹੱਛਾ ਹੋਵੇ", ਇਚਰਾਂ ਨੂੰ ਮਾਤਾ ਸ਼ਕਤੀ, ਮਾਤਾ ਸਾਹਿਬ,

ਦੇਵੀ ਦਾ ਰੂਪ ਧਾਰ ਕੇ ਪਤਾਸ਼ੇ ਵਿਚ ਡਾਰ ਗਈ, ਤਾਂ ਸਾਹਿਬ ਪੂਰਨ ਪੁਰਖ ਜੀ, ਵਿਚਹੁੰ ਪੰਜ ਚੁਲੇ ਲੈ ਅੰਮ੍ਰਿਤ ਪੰਜ ਨੇਤ੍ਰੀਂ, ਫੇਰ ਪੰਜ ਚੁਲੇ ਸੀਸ ਪਾਏ । ਰਸਨਾ ਚੰਡੀ ਚਰਿਤ੍ਰ ਦਾ ਸੁੱਯਾ ਪੜ੍ਹਿਆ—

"ਦੇ ਸ਼ਿਵਾ ਬਰ ਮੋਹਿ ਇਹੈ ਸੁਭ ਕਰਮਨ...। (ਸੰਪੂਰਨ)

ਫੇਰ ਸਾਹਿਬ ਨੇ ਅਪਣੇ ਹੱਥੀਂ ਪੰਜ ਸਿੰਘਾਂ ਨੂੰ ਅੰਮ੍ਰਿਤ ਛਕਾਇਆ...

...ਦੂਜੇ ਦਿਨ ਹੋਰ ਸਿਖ ਹਥ ਜੋੜਿ ਖੜੇ ਹੋਇ। ਬਚਨ ਹੋਇਆ—"ਜੁ ਕੜਾਹ ਪ੍ਰਸਾਦਿ ਕਰਕੇ ਪੰਜ ਸਿੰਘਾਂ ਪਾਸੋਂ ਪੰਜ ਸਵੈਯੇ ਪੜ੍ਹ ਕਰਿ ਅੰਮ੍ਰਿਤ ਛਕ ਲੈਣਾ (ਓਹੀ)

3. ਪ੍ਰਾਚੀਨ ਪੰਥ ਪ੍ਰਕਾਸ਼ (ਸ. ਰਤਨ ਸਿੰਘ ਭੰਗੂ) ਪੰ. 43, ਸੰਪਾਦਤ ਭਾਈ ਵੀਰ ਸਿੰਘ, 1961

ਭਗਉਤੀ ਕੀ ਵਾਰ-ਪਹਿਲੀ ਪਉੜੀ, 32 ਸਵੈਯੇ, ਤ੍ਰਿਭੰਗੀ ਛੰਦ-ਖਗ ਖੰਡ ਬਿਹੰਡੰ...। (ਨੋਟ—ਵਰਤਮਾਨ ਸਮੇਂ ਪੜ੍ਹੀਆਂ ਜਾਂਦੀਆਂ ਪੰਜਾਂ ਬਾਣੀਆਂ ਦਾ ਕਿਤੇ ਜ਼ਿਕਰ ਨਹੀਂ) ?

4. ਸੂਰਜ ਪ੍ਰਕਾਸ਼ (ਭਾਈ ਸੰਤੋਖ ਸਿੰਘ) ਪੰ. 1022

ਜਪੁਜੀ, ਸੁੱਯੇ, ਅਨੰਦ ਸਾਹਿਬ ਦੀਆਂ 5 ਪਉੜੀਆਂ (ਕੇਵਲ ਤਿੰਨ ਬਾਣੀਆਂ)

5. ਪੰਥ ਪ੍ਰਕਾਸ਼ (ਗਿ. ਗਿਆਨ ਸਿੰਘ) ਭਾਗ ਤੀਜਾ, ਪੰ. 1575

ਜਪੁਜੀ-5 ਪੌੜੀਆਂ, ਜਾਪੁ ਸਾਹਿਬ-5 ਪੌੜੀਆਂ, 10 ਸੁੱਯੇ, ਅਨੰਦ ਸਾਹਿਬ, ਚੌਪਈ (ਕਿਹੜੀ ?)

6. ਗੁਰ ਬਿਲਾਸ ਪਾਤਸ਼ਾਹੀ ੧੦ (ਭਾਈ ਕੁਇਰ ਸਿੰਘ), ਪੰਨਾ-128

"ਸਰਿਤ ਜਲ ਲੀਨ ਅਛੂਤ ਮੰਗਾਇ ਕੇ, ਪਾਤ੍ਰ ਲੋਹ ਮੋਂ ਤਾਂ ਪ੍ਰਭ ਬੇਰੇ।
ਪੜਤੇ ਸੁ ਉਦਾਸ ਹੈ ਮੰਤ੍ਰਨ ਕੋ, ਪ੍ਰਭ ਠਾਢੇ ਹੈ ਆਪ ਭਏ ਸੁ ਸਵੇਰੇ। (24)

7. ਭਾਈ ਸੁੱਖਾ ਸਿੰਘ ਨੇ ਵੀ ਗੁਰ ਬਿਲਾਸ ਪਾਤਸ਼ਾਹੀ ੧੦ ਵਿੱਚ "ਮੰਤ੍ਰ" (ਮੂਲ-ਮੰਤ੍ਰ) ਪੜ੍ਹੇ ਜਾਣ ਦਾ ਜ਼ਿਕਰ ਕੀਤਾ ਹੈ, ਕਿਸੇ "ਬਾਣੀ" ਦਾ ਨਹੀਂ।

ਅੰਮ੍ਰਿਤ ਤਿਆਰ ਕਰਨ ਵੇਲੇ ਪੜ੍ਹੀਆਂ ਗਈਆਂ ਬਾਣੀਆਂ ਦਾ ਜ਼ਿਕਰ ਨਾ ਤਾਂ ਕਿਸੇ ਦਰਬਾਰੀ ਕਵੀ ਨੇ ਕੀਤਾ ਹੈ ਅਤੇ ਨਾ ਹੀ ਕੋਇਰ ਸਿੰਘ ਕਲਾਲ ਨੇ । ਹਾਂ ਕੇਸਰ ਸਿੰਘ ਛਿੱਬਰ ਨੇ ਅੰਮ੍ਰਿਤ ਸੰਸਕਾਰ ਸਮੇਂ ਸਿਰਫ ਦੋ ਹੀ ਬਾਣੀਆਂ (ਜਪੁ ਅਤੇ ਅਨੰਦ) ਪੜ੍ਹਨ ਦੀ ਹਾਮੀ ਭਰੀ ਹੈ ;

ਬਚਨ ਕੀਤਾ : "ਕਟੋਰਾ ਜਲ ਦਾ ਸੁਚੇਤ ਲੈ ਆਉ।"
ਲੈ ਆਇਆ, ਦਿਤੀ ਕਰਦ, ਕਹਿਆ, ਹਲਾਉ।
'ਜਪੁ' ਅਤੇ ਅਨੰਦ ਰਸਨੀ ਕਰਿ ਉਚਾਰ"। (ਦਸਵਾਂ ਚਰਨ)

ਇਥੇ ਇਹ ਗੱਲ ਵੀ ਧਿਆਨ ਵਿਚ ਰੱਖਣ-ਯੋਗ ਹੈ ਕਿ 'ਛਿੱਬਰ' ਨੇ ਖੰਡੇ ਦੀ ਥਾਂ 'ਕਰਦ' ਸ਼ਬਦ ਵਰਤਿਆ ਹੈ, ਜਿਸ ਤੋਂ ਭਾਵ ਹੈ ਕਿਰਪਾਨ। ਇਸ ਤਰ੍ਹਾਂ ਉਹ ਖੰਡੇ ਤੇ ਕਿਰਪਾਨ ਵਿਚ ਫਰਕ ਨਹੀਂ ਕਰਦਾ। ਪਰੰਤੂ ਅੰਮ੍ਰਿਤ ਤਿਆਰ ਕਰਨ ਲਈ ਖੰਡੇ ਦੀ ਵਰਤੋਂ ਹੋਈ ਸੀ ਨਾ ਕਿ ਕਿਰਪਾਨ ਦੀ।


ਕੇਸਰ ਸਿੰਘ ਛਿੱਬਰ ਤੋਂ ਉਪਰੰਤ 1811 ਈ: ਵਿਚ ਮੁਨਸ਼ੀ ਖੁਸ਼ਵੱਕਤ ਰਾਏ ਨੇ 'ਤਵਾਰੀਖਿ ਸਿੱਖਾਂ' ਕਿਤਾਬ ਲਿਖੀ, ਜਿਸ ਵਿਚ ਉਸ ਨੇ ਅੰਮ੍ਰਿਤ ਸੰਸਕਾਰ ਵੇਲੇ ਸਿਰਫ ਪੰਜ ਸਵੱਈਏ ਉਚਾਰਨ ਕੀਤੇ ਲਿਖੇ ਹਨ। ਭਾਈ ਚਉਪਾ ਸਿੰਘ ਦੇ ਰਹਿਤਨਾਮੇ ਵਿਚ ਲਿਖਿਆ ਹੈ ਕਿ ਸੰ: 1754 ਵਿਚ ਸਾਵਨ ਦਿਨ ਸਤਵੇਂ ਕੇਸਾਂ ਦੀ ਪਾਹੁਲ ਦਾ ਉਦਮ ਕੀਤਾ। ਬਚਨ ਹੋਇਆ ਚਉਪਾ ਸਿੰਘ ਕਟੋਰੇ ਵਿਚ ਜਲ ਪਾ ਕੇ ਲੈ ਆਉ: ਸੋ ਲੈ ਆਇਆ ਤਾਂ ਹੁਕਮ ਹੋਇਆ, ਹਥਿ ਖੰਡਾ ਪਕੜ ਕੇ ਵਿਚ ਫੇਰਹੁ ਅਤੇ ਪੰਜ ਸਵੱਯੇ ਪੰਜੇ ਪੜ੍ਹਨ ਲੱਗੇ।"

ਮੁਨਸ਼ੀ ਖੁਸ਼ਵੱਕਤ ਰਾਏ ਅਤੇ ਭਾਈ ਚਉਪਾ ਸਿੰਘ ਸਵੱਈਆਂ ਤੋਂ ਬਗੈਰ ਹੋਰ ਕਿਸੇ ਵੀ ਬਾਣੀ ਦਾ ਅੰਮ੍ਰਿਤ ਸੰਸਕਾਰ ਵੇਲੇ ਉਚਾਰਨ ਹੋਇਆ ਹੋਣਾ ਨਹੀਂ ਕਬੂਲਦੇ। ਇਹ ਨ ਮੰਨਣਯੋਗ ਵਿਚਾਰ ਹੈ। ਕਿਉਂਕਿ ਸਵੱਯੇ ਅੰਮ੍ਰਿਤ ਸੰਸਕਾਰ ਵੇਲੇ ਉਚਾਰਨ ਕੀਤੀਆਂ ਜਾਂਦੀਆਂ ਪੰਜ ਬਾਣੀਆਂ ਵਿਚੋਂ ਇਕ ਬਾਣੀ ਹਨ।

ਪੁਰਾਣੀ ਮਰਯਾਦਾ ਲਾਗੂ ਕਰਨ ਵਾਲੇ ਸੱਜਣ ਦੱਸਣ ਦੀ ਕਿਰਪਾ ਕਰਨ ਕਿ ਆਖਰ ਉਹਨਾਂ ਦੇ ਦਾਵੇ ਦਾ ਆਧਾਰ ਕੀ ਹੈ? "ਸੀਨਾ ਬਸੀਨਾ" ਤੁਰੇ ਆਉਣ ਦੀ ਹਕੀਕਤ ਉਪ੍ਰੋਕਤ ਵਿਦਵਾਨ ਲਿਖਾਰੀਆਂ ਦੇ ਸੀਨੇ ਕਿਉਂ ਨਾ ਪ੍ਰਗਟ ਹੋਈ? ਚੇਤੇ ਰਹੇ ਇਤਿਹਾਸ ਵਰਤ ਰਹੀਆਂ ਘਟਨਾਵਾਂ ਦੀ ਗਲ ਕਰਦਾ ਹੈ। ਇਹ ਫ਼ਿਲਾਸਫ਼ੀ ਨਹੀਂ, ਜੋ ਹਰ ਦਿਮਾਗੀ ਸੋਚ ਦੇ ਮੁਤਾਬਿਕ ਫਿੱਟ ਬਿਠਾ ਲਈ ਜਾਵੇ।

ਹਾਂ, "ਗੁਰੂ ਪੰਥ" ਨੂੰ ਹੱਕ ਹਾਸਿਲ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਰੋਸ਼ਨੀ ਵਿੱਚ ਅੰਮ੍ਰਿਤ ਬਾਣੀਆਂ ਦਾ ਨਿਰਣਾ ਕਰੇ, ਅਤੇ "ਗੁਰੂ ਜੀ ਵਿਚ ਇੱਕ ਹੋ ਕੇ", ਹਰੇਕ ਮੱਤ-ਭੇਦ ਨੱਜਿੱਠੇ।

ਪ੍ਰਿੰ. ਹਰਿਭਜਨ ਸਿੰਘ (ਭਾਈ ਸਾਹਿਬ)
1186/18-ਸੀ, ਚੰਡੀਗੜ੍ਹ



(ਪ੍ਰਿੰ: ਹਰਿਭਜਨ ਸਿੰਘ)

SAHIB DAYAL PRINTERS
66 INDUSTRIAL
AREA-I
CHANDIGARH